@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika NO.1

**Punjabi National Daily**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 21 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 21 ਮਈ 2024, 7 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 181, qpatrika@gmail.com ਫੋਨ : 9971359517 www.qaumipatrika.org


## ਈਰਾਨ ਦੇ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਦੀ ਮੌਤ ਤੋਂ ਬਾਅਦ ਭਾਰਤ ਸਰਕਾਰ ਨੇ ਕੀਤਾ ਰਾਸ਼ਟਰੀ ਸੋਗ ਦਾ ਐਲਾਨ

ਜੈਤੋ 20 ਮਈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਇਸਲਾਮਿਕ ਰਿਪਬਲਿਕ ਆਫ ਈਰਾਨ ਦੇ ਰਾਸਟਰਪਤੀ ਡਾ.



ਸਈਅਦ ਇਬਰਾਹਿਮ ਰਾਇਸੀ ਅਤੇ ਵਿਦੇਸ ਮੰਤਰੀ ਹੁਸੈਨ ਅਮੀਰ ਅਬਦੁੱਲਾਯਾਨ ਦੀ ਹੈਲੀਕਾਪਟਰ ਹਾਦਸੇ ਵਿਚ ਮੌਤ ਹੋ ਗਈ ਹੈ। ਵਿਛੜੀਆਂ ਰੂਹਾਂ ਦੇ ਸਤਿਕਾਰ ਵਜੋਂ ਭਾਰਤ ਸਰਕਾਰ ਨੇ ਦੇਸ ਭਰ ਵਿਚ 21 ਮਈ 2024 (ਮੰਗਲਵਾਰ) ਨੂੰ ਇਕ ਦਿਨ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ। ਦੇਸ ਭਰ ਦੀਆਂ ਸਾਰੀਆਂ ਇਮਾਰਤਾਂ ਜਿੱਥੇ ਨਿਯਮਤ ਤੌਰ 'ਤੇ ਰਾਸਟਰੀ ਝੰਡਾ ਲਹਿਰਾਇਆ ਜਾਂਦਾ ਹੈ, ਰਾਸਟਰੀ ਝੰਡਾ ਅੱਧਾ ਝੁਕਿਆ ਰਹੇਗਾ ਅਤੇ ਉਸ ਦਿਨ ਕੋਈ ਵੀ ਸਰਕਾਰੀ ਮਨੋਰੰਜਨ ਸਰਗਰਮੀਆਂ ਆਯੋਜਿਤ ਨਹੀਂ ਕੀਤੀਆਂ ਜਾਣਗੀਆਂ।

## ਮੁੱਖ ਮੰਤਰੀ ਮਾਨ ਦੇ ਦਖਲ ਤੋਂ ਬਾਅਦ ਕਿਸਾਨਾਂ ਨੇ ਖਤਮ ਕੀਤਾ 'ਰੇਲ ਰੋਕੋ' ਅੰਦੋਲਨ

ਚੰਡੀਗੜ੍ਹ 20 ਮਈ। ਟਰੇਨਾਂ 'ਚ ਸਫਰ ਕਰਨ ਵਾਲੇ ਲੋਕਾਂ ਲਈ ਰਾਹਤ ਭਰੀ ਖਬਰ ਸਾਹਮਣੇ ਆ ਰਹੀ ਹੈ। ਪਿਛਲੇ 34 ਦਿਨਾਂ ਤੋਂ ਸ਼ੰਭੂ ਬਾਰਡਰ 'ਤੇ ਚੱਲ ਰਹੇ ਰੇਲ ਰੋਕੋ ਅੰਦੋਲਨ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਖਲ ਤੋਂ ਬਾਅਦ ਕਿਸਾਨਾਂ ਨੇ ਖਤਮ ਕਰਨ ਦਾ ਫੈਸਲਾ ਕੀਤਾ ਹੈ। ਲੋਕਾਂ ਨੂੰ ਦਰਪੇਸ ਕਈ ਮੁਸਕਲਾਂ ਦੇ ਮੱਦੇਨਜਰ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਰੇਲ ਰੋਕ



ਹਟਾਉਣ ਲਈ ਕਿਹਾ ਸੀ ਜਿਸ ਤੋਂ ਬਾਅਦ ਸੋਮਵਾਰ ਨੂੰ ਇਸ ਨੂੰ ਹਟਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕਿਸਾਨਾਂ ਵੱਲੋਂ ਪਿਛਲੇ ਮਹੀਨੇ 17 ਅਪ੍ਰੈਲ ਨੂੰ ਰੇਲ ਰੋਕੋ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ ਸੀ। ਹਰਿਆਣਾ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਗਏ ਕਿਸਾਨਾਂ ਦੀ ਰਿਹਾਈ ਲਈ ਕਿਸਾਨਾਂ ਨੇ ਇਸ ਧਰਨੇ ਦੀ ਸ਼ੁਰੂਆਤ ਕੀਤੀ ਸੀ। ਹਾਲਾਂਕਿ ਇਸ ਧਰਨੇ ਨੂੰ ਖਤਮ ਕਰਨ ਤੋਂ ਬਾਅਦ ਕਿਸਾਨ ਆਗੂਆਂ ਨੇ ਕਿਹਾ ਹੈ ਕਿ ਭਾਜਪਾ ਆਗੂਆਂ ਖ਼ਿਲਾਫ ਉਨ੍ਹਾਂ ਦਾ ਵਿਰੋਧ ਪ੍ਰਦਰਸ਼ਨ ਪਹਿਲਾਂ ਵਾਂਗ ਹੀ ਜਾਰੀ ਰਹੇਗਾ।

# ਕੇਜਰੀਵਾਲ ਦੀ ਜਾਨ ਨੂੰ ਖਤਰਾ, ਮੋਦੀ ਦੇ ਇਸ਼ਾਰੇ 'ਤੇ ਦਿੱਤੀ ਜਾ ਰਹੀ ਧਮਕੀ : ਸੰਜੇ ਸਿੰਘ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 20 ਮਈ। ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜਾਨ ਨੂੰ ਖਤਰਾ ਦੱਸਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਇਸ਼ਾਰੇ 'ਤੇ ਖੁੱਲ੍ਹੇਆਮ ਧਮਕੀ ਦਿੱਤੀ ਜਾ ਰਹੀ ਹੈ। 'ਆਪ' ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਨੇ ਸੋਮਵਾਰ ਨੂੰ ਕਿਹਾ ਕਿ ਜਦੋਂ ਤੋਂ ਸ਼੍ਰੀ ਕੇਜਰੀਵਾਲ ਜੇਲ੍ਹ ਤੋਂ ਬਾਹਰ ਆਏ ਹਨ, ਉਦੋਂ ਤੋਂ ਲਗਾਤਾਰ ਉਨ੍ਹਾਂ 'ਤੇ ਹਮਲੇ ਦੀ ਕੋਸ਼ਿਸ਼ ਹੋ ਰਹੀ ਹੈ। ਇੱਥੇ ਤੱਕ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਵੀ ਸਵਾਲ ਚੁੱਕ ਦਿੱਤਾ। ਇਹ ਇੰਨੇ ਪਰੇਸ਼ਾਨ ਹੋਏ ਹਨ ਕਿ ਹੁਣ ਕੇਜਰੀਵਾਲ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਲਈ ਤਿਆਰ ਹਨ। ਇਹ ਅਜਿਹਾ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ, ਜਿਸ 'ਚ ਉਨ੍ਹਾਂ ਦੀ ਜਾਨ ਵੀ ਜਾ ਸਕਦੀ ਹੈ। ਭਾਜਪਾ ਨੇ ਕਈ ਵਾਰ ਸ਼੍ਰੀ ਕੇਜਰੀਵਾਲ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਹੁਣ ਜਗ੍ਹਾ-ਜਗ੍ਹਾ ਖੁੱਲ੍ਹੇਆਮ ਧਮਕੀ ਦਿੱਤੀ ਜਾ ਰਹੀ ਹੈ। ਪਟੇਲ ਨਗਰ ਅਤੇ ਰਾਜੀਵ ਚੌਕ ਮੈਟਰੋ ਸਟੇਸ਼ਨ 'ਤੇ ਲਿਖ ਕੇ ਹਮਲਾ ਕਰਨ ਦੀ ਧਮਕੀ ਦਿੱਤੀ



ਜਾ ਰਹੀ ਹੈ। ਸੰਜੇ ਸਿੰਘ ਨੇ ਕਿਹਾ ਕਿ ਕੇਜਰੀਵਾਲ 'ਤੇ ਇਹ ਹਮਲਾ ਕਰਨ ਦੀ ਤਿਆਰੀ ਭਾਜਪਾ ਕਰ ਰਹੀ ਹੈ ਅਤੇ ਇਸ ਦਾ ਪੂਰਾ ਸੰਚਾਲਨ ਪ੍ਰਧਾਨ ਮੰਤਰੀ ਦਫਤਰ ਅਤੇ ਪ੍ਰਧਾਨ ਮੰਤਰੀ ਵਲੋਂ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਫਰਤ ਅਤੇ ਬਦਲੇ ਦੀ ਭਾਵਨਾ 'ਚ ਇਸ ਕਦਰ ਅੱਗੇ ਵੱਧ ਚੁੱਕੇ ਹਨ ਕਿ ਉਹ ਕੇਜਰੀਵਾਲ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਲਈ ਤਿਆਰ ਹਨ। ਭਾਜਪਾ ਆਪਣੀ ਨਫਰਤ ਦਾ ਬਦਲਾ ਲੈਣ ਦੀ ਭਾਵਨਾ 'ਚ ਇਸ ਪੱਧਰ ਤੱਕ ਆ ਗਈ ਹੈ ਕਿ ਕੇਜਰੀਵਾਲ ਦੀ ਜਾਨ ਲੈਣ ਲਈ ਤਿਆਰ ਹੈ। ਕੇਜਰੀਵਾਲ ਨੂੰ 23 ਦਿਨਾਂ ਤੱਕ ਜੇਲ੍ਹ ਵਿੱਚ ਇਨਸੁਲਿਨ ਨਹੀਂ ਦਿੱਤੀ ਗਈ, ਇਸ ਲਈ ਅਸੀਂ ਅਦਾਲਤ ਵਿਚ ਗਏ ਅਤੇ ਅਦਾਲਤ ਦੇ ਹੁਕਮਾਂ ਤੋਂ ਬਾਅਦ ਉਨ੍ਹਾਂ ਦੀ ਜਾਨ ਬਚ ਗਈ। ਉਸ ਨੇ ਪਟੇਲ ਨਗਰ ਅਤੇ ਰਾਜੀਵ ਚੌਕ ਮੈਟਰੋ ਸਟੇਸਨਾਂ 'ਤੇ ਇਕ ਵਿਅਕਤੀ ਵੱਲੋਂ ਲਿਖੀਆਂ ਧਮਕੀਆਂ ਦੀਆਂ ਤਸਵੀਰਾਂ ਦਿਖਾਈਆਂ ਅਤੇ ਕਿਹਾ ਕਿ ਇਹ ਅੰਕਿਤ ਗੋਇਲ ਨਾਂ ਦੇ ਵਿਅਕਤੀ ਵੱਲੋਂ ਲਿਖੀਆਂ ਗਈਆਂ ਸਨ। ਇਸ ਵਿਅਕਤੀ ਦੁਆਰਾ ਲਿਖੀ ਗਈ ਭਾਸਾ ਬਿਲਕੁਲ ਉਹੀ ਹੈ ਜੋ ਭਾਜਪਾ ਬੋਲਦੀ ਹੈ। ਦੇਸ ਦੀ ਰਾਜਧਾਨੀ ਦਿੱਲੀ ਵਿੱਚ ਮੁੱਖ ਮੰਤਰੀ ਨੂੰ ਸਰੇਆਮ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

## ਬਦਰੀਨਾਥ ਧਾਮ 'ਚ ਦਰਸ਼ਨਾਂ ਲਈ ਲੱਗੀ ਤਿੰਨ ਕਿਲੋਮੀਟਰ ਲੰਬੀ ਲਾਈਨ

ਉੱਤਰਾਖੰਡ 20 ਮਈ। ਬਦਰੀਨਾਥ 'ਚ ਐਤਵਾਰ ਨੂੰ ਸ਼ਰਧਾਲੂਆਂ ਨੂੰ ਤਿੰਨ ਕਿਲੋਮੀਟਰ ਲਾਈਨ 'ਚ ਲੱਗ ਕੇ ਭਗਵਾਨ ਦੇ ਦਰਸ਼ਨ ਕਰਨੇ ਪਏ। ਸ਼ਨੀਵਾਰ ਸ਼ਾਮ ਤੋਂ ਹੀ ਵੱਡੀ ਗਿਣਤੀ 'ਚ ਯਾਤਰੀਆਂ ਦਾ ਬਦਰੀਨਾਥ 'ਚ ਆਉਣਾ ਸ਼ੁਰੂ ਹੋ ਗਿਆ ਸੀ। ਐਤਵਾਰ ਨੂੰ ਭਗਵਾਨ ਦੀ ਇਕ ਝਲਕ ਦੇਖਣ ਲਈ ਬਦਰੀਨਾਥ ਮੰਦਰ ਦੇ ਸਿੰਘਦੁਆਰ ਤੋਂ ਲੈ ਕੇ ਦਰਸ਼ਨ ਰਸਤੇ 'ਤੇ ਯਾਤਰੀਆਂ ਦੀ ਤਿੰਨ ਕਿਲੋਮੀਟਰ ਲੰਬੀ ਲਾਈਨ ਲੱਗੀ ਰਹੀ। ਬਦਰੀਨਾਥ ਧਾਮ 'ਚ ਐਤਵਾਰ ਨੂੰ ਮੌਸਮ ਦਾ ਮਿਜਾਜ ਵੀ ਕੁਝ ਵਿਗੜਿਆ ਰਿਹਾ। ਮੀਂਹ ਦੇ ਬਾਵਜੂਦ ਸ਼ਰਧਾਲੂ ਦਰਸ਼ਨਾਂ ਲਈ ਲਾਈਨ 'ਚ ਖੜ੍ਹੇ ਦਿੱਸੇ ਅਤੇ ਦਰਸ਼ਨ ਲਈ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ। ਮੀਂਹ ਦੌਰਾਨ ਬਰਸਾਤੀ ਪਹਿਨ ਸ਼ਰਧਾਲੂ ਲਾਈਨ 'ਚ ਲੱਗੇ ਰਹੇ। ਬੀਤੇ ਸ਼ਨੀਵਾਰ ਨੂੰ ਜਿੱਥੇ ਬਦਰੀਨਾਥ 'ਚ 21 ਹਜਾਰ ਤੋਂ ਵੱਧ ਸ਼ਰਧਾਲੂਆਂ ਨੇ ਦਰਸ਼ਨ ਕੀਤੇ। ਉੱਥੇ ਹੀ ਐਤਵਾਰ ਨੂੰ ਬਦਰੀਨਾਥ ਧਾਮ 'ਚ 28,055 ਯਾਤਰੀਆਂ ਨੇ ਦਰਸ਼ਨ ਕੀਤੇ। ਭਗਵਾਨ ਦੇ ਦਰਸ਼ਨ ਲਈ ਯਾਤਰੀਆਂ ਦੀ ਲਾਈਨ ਇੰਦਰਧਾਰਾ ਪਿੰਡ ਤੋਂ ਅੱਗੇ ਤੱਕ ਲੱਗੀ। ਬਦਰੀਨਾਥ 'ਚ 12 ਸਾਲਾਂ ਤੋਂ ਸਾਧਨਾ ਰਤ ਸਾਧੂ ਰਘੁਨਾਥ ਦਾਸ ਦਾ ਕਹਿਣਾ ਹੈ ਕਿ 2012 ਦੇ ਬਾਅਦ ਪਹਿਲੀ ਵਾਰ ਯਾਤਰੀਆਂ ਦੀ ਇੰਨੀ ਗਿਣਤੀ ਬਦਰੀਨਾਥ 'ਚ ਦਰਸ਼ਨ ਲਈ ਉਹ ਦੇਖ ਰਹੇ ਹਨ।

# ਯੌਨ ਸ਼ੋਸ਼ਣ ਦੇ ਮਾਮਲੇ 'ਚ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਦੀਆਂ ਮੁਸ਼ਕਲਾਂ ਵਧੀਆਂ

**ਏਜੰਸੀਆਂ**

ਬੈਂਗਲੁਰੂ 20 ਮਈ। ਬੈਂਗਲੁਰੂ 'ਚ ਸੰਸਦ ਮੈਂਬਰ ਅਤੇ ਵਿਧਾਇਕਾਂ ਨਾਲ ਜੁੜੇ ਮਾਮਲਿਆਂ ਦੀ ਸੁਣਵਾਈ ਕਰਨ ਵਾਲੀ ਇਕ ਵਿਸ਼ੇਸ਼ ਅਦਾਲਤ ਨੇ ਯੌਨ ਸ਼ੋਸ਼ਣ ਮਾਮਲੇ ਵਿਚ ਜਨਤਾ ਦਲ () ਦੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ। ਅਦਾਲਤ ਨੇ ਪ੍ਰਜਵਲ ਖਿਲਾਫ ਯੌਨ ਸ਼ੋਸ਼ਣ ਦੇ ਮਾਮਲੇ ਵਿਚ ਸ਼ਨੀਵਾਰ ਨੂੰ ਵਾਰੰਟ ਜਾਰੀ ਕੀਤਾ। ਇਸ ਮਾਮਲੇ ਵਿਚ ਪ੍ਰਜਵਲ ਦੇ ਪਿਤਾ ਅਤੇ ਹੋਲੇਨਰਸੀਪੁਰਾ ਤੋਂ ਵਿਧਾਇਕ ਐੱਚ. ਡੀ. ਰੇਵੰਨਾ ਵੀ ਦੋਸ਼ੀ ਹਨ। ਸਾਬਕਾ ਪ੍ਰਧਾਨ ਮੰਤਰੀ ਐੱਚ. ਡੀ. ਦੇਵੇਗੌੜਾ ਦੇ ਪੁੱਤਰ ਐੱਚ. ਡੀ. ਰੇਵੰਨਾ ਇਕ ਮਹਿਲਾ ਦੇ ਅਗਵਾ ਮਾਮਲੇ ਵਿਚ 7 ਦਿਨ ਜੇਲ੍ਹ 'ਚ ਬਿਤਾਉਣ ਮਗਰੋਂ ਜਮਾਨਤ 'ਤੇ ਹਨ। ਹਾਸਨ ਲੋਕ ਸਭਾ ਸੀਟ ਤੋਂ ਰਾਸ਼ਟਰੀ ਜਨਤਾਂਤਰਿਕ ਗਠਜੋੜ () ਦੇ ਉਮੀਦਵਾਰ ਪ੍ਰਜਵਲ ਖਿਲਾਫ ਤਿੰਨ ਔਰਤਾਂ ਨੇ ਯੌਨ ਸ਼ੋਸ਼ਣ ਦੇ ਤਿੰਨ ਮਾਮਲੇ ਦਰਜ ਕਰਵਾਏ ਹਨ। ਪ੍ਰਜਵਲ ਫਿਲਹਾਲ ਫਰਾਰ ਹਨ ਅਤੇ ਉਨ੍ਹਾਂ ਖਿਲਾਫ ਇੰਟਰਪੋਲ ਨੇ 'ਬਲਿਊ ਕਾਰਨਰ' ਨੋਟਿਸ ਜਾਰੀ ਕੀਤਾ ਹੈ। ਹਾਲ ਹੀ ਵਿਚ ਵੱਡੀ ਗਿਣਤੀ ਵਿਚ ਅਜਿਹੇ ਵੀਡੀਓ ਜਨਤਕ ਹੋਏ ਸਨ, ਜਿਸ ਵਿਚ ਪ੍ਰਜਵਲ ਨੂੰ



ਔਰਤਾਂ ਦਾ ਯੌਨ ਸ਼ੋਸ਼ਣ ਕਰਦਿਆਂ ਵਿਖਾਇਆ ਗਿਆ ਹੈ। ਇਸ ਤੋਂ ਬਾਅਦ ਕਰਨਾਟਕ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਕਰਨਾਟਕ ਸੂਬਾ ਮਹਿਲਾ ਕਮਿਸ਼ਨ ਦੀ ਪ੍ਰਧਾਨ ਨਾਗਲਕਸ਼ਮੀ ਚੌਧਰੀ ਦੀਆਂ ਸਿਫਾਰਸ਼ਾਂ 'ਤੇ ਵਿਸ਼ੇਸ਼ ਜਾਂਚ ਦਲ () ਦਾ ਗਠਨ ਕੀਤਾ। ਓਧਰ ਐੱਚ. ਡੀ. ਦੇਵਗੌੜਾ ਨੇ ਆਪਣੇ ਪੋਤੇ ਤੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ 'ਤੇ ਲੱਗੇ ਯੌਨ ਸੋਸਣ ਦੇ ਦੋਸਾਂ 'ਤੇ ਪਹਿਲੀ ਵਾਰ ਆਪਣੀ ਚੁੱਪ ਤੋੜਦੇ ਹੋਏ ਸਨੀਵਾਰ ਕਿਹਾ ਕਿ ਜੇ ਪ੍ਰਜਵਲ ਦੋਸੀ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਕਾਰਵਾਈ ਕਰਨ 'ਤੇ ਮੈਨੂੰ ਕੋਈ ਇਤਰਾਜ ਨਹੀਂ। ਕਾਰਵਾਈ ਹੋਣੀ ਚਾਹੀਦੀ ਹੈ। ਦੇਵਗੌੜਾ ਨੇ ਕਿਹਾ ਕਿ ਮੇਰੇ ਪੁੱਤਰ ਅਤੇ ਜੇ. ਡੀ. (ਐੱਸ) ਦੇ ਵਿਧਾਇਕ ਐੱਚ. ਡੀ. ਰੇਵੰਨਾ ਵਿਰੁੱਧ ਕੇਸ ਮਨਘੜਤ ਸਨ। ਉਨ੍ਹਾਂ ਹੋਰ ਟਿੱਪਣੀ ਕਰਨ ਤੋਂ ਇਸ ਲਈ ਗੁਰੇਜ ਕੀਤਾ ਕਿਉਂਕਿ ਮਾਮਲਾ ਵਿਚਾਰ ਅਧੀਨ ਹੈ। ਰੇਵੰਨਾ ਇਕ ਔਰਤ ਦੇ ਯੌਨ ਸੋਸਣ ਤੇ ਅਗਵਾ ਦੇ ਦੋਸਾਂ ਦਾ ਸਾਹਮਣਾ ਕਰ ਰਹੇ ਹਨ। ਗੌੜਾ ਨੇ ਕੁਝ ਦਿਨ ਪਹਿਲਾਂ ਆਪਣਾ ਜਨਮ ਦਿਨ ਨਾ ਮਨਾਉਣ ਦੇ ਫੈਸਲੇ ਦਾ ਐਲਾਨ ਕੀਤਾ ਸੀ ਅਤੇ ਸੁਭਚਿੰਤਕਾਂ ਤੇ ਪਾਰਟੀ ਵਰਕਰਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਜਿੱਥੇ ਵੀ ਹਨ, ਉੱਥੋਂ ਹੀ ਉਨ੍ਹਾਂ ਨੂੰ ਸੁੱਭਕਾਮਨਾਵਾਂ ਦੇਣ।

## 24 ਮਈ ਨੂੰ ਹਿਮਾਚਲ ਆਉਣਗੇ ਮੋਦੀ, ਕੰਗਨਾ ਰਣੌਤ ਲਈ ਕਰਨਗੇ ਚੋਣ ਪ੍ਰਚਾਰ

ਮੰਡੀ 20 ਮਈ। ਹਿਮਾਚਲ ਪ੍ਰਦੇਸ਼ ਦੇ ਮੰਡੀ ਸੰਸਦੀ ਖੇਤਰ ਤੋਂ ਭਾਜਪਾ ਉਮੀਦਵਾਰ ਕੰਗਨਾ ਰਣੌਤ ਦੀ ਜਿੱਤ ਯਕੀਨੀ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ 24 ਮਈ ਨੂੰ ਮੰਡੀ ਆਉਣਗੇ। ਉਹ ਇਤਿਹਾਸਕ ਪਡੱਲ ਮੈਦਾਨ ਵਿਚ ਰੈਲੀ ਨੂੰ ਸੰਬੋਧਿਤ ਕਰਨਗੇ। ਕੇਂਦਰੀ ਅਗਵਾਈ ਤੋਂ ਪ੍ਰਧਾਨ ਮੰਤਰੀ ਦੇ ਪ੍ਰੋਗਰਾਮ ਦੀ ਮਨਜ਼ੂਰੀ ਮਿਲਣ ਮਗਰੋਂ ਭਾਜਪਾ ਨੇ ਰੈਲੀ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਰਣੌਤ ਦਾ ਕਾਂਗਰਸ ਉਮੀਦਵਾਰ ਵਿਕਰਮਾਦਿੱਤਿਆ ਸਿੰਘ ਜੋ ਮੌਜੂਦਾ ਲੋਕ ਨਿਰਮਾਣ ਮੰਤਰੀ ਅਤੇ 6 ਵਾਰ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪੁੱਤਰ ਹਨ, ਨਾਲ ਸਖਤ ਮੁਕਾਬਲਾ ਹੈ। ਰਣੌਤ ਦੀ ਉੱਚ-ਪ੍ਰੋਫਾਈਲ ਉਮੀਦਵਾਰੀ ਅਤੇ ਉਸ ਦੀ ਚੁਣੌਤੀਪੂਰਨ ਚੋਣ ਲੜਾਈ ਦੇ ਕਾਰਨ ਮੰਡੀ ਵਿਚ ਰੈਲੀ ਮਹੱਤਵਪੂਰਨ ਧਿਆਨ ਖਿੱਚਣ ਦੀ ਉਮੀਦ ਹੈ। 2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਪ੍ਰਧਾਨ ਮੰਤਰੀ ਮੋਦੀ ਨੇ ਪਡੱਲ ਮੈਦਾਨ ਵਿਚ ਹੀ ਰੈਲੀ ਕੀਤੀ ਸੀ। ਦੋਹਾਂ ਰੈਲੀਆਂ ਵਿਚ ਵਰਕਰਾਂ ਦੀ ਭਾਰੀ ਭੀੜ ਉਮੜੀ ਸੀ। ਭੀੜ ਦੇ ਅੱਗੇ ਪਡੱਲ ਮੈਦਾਨ ਵੀ ਛੋਟਾ ਪੈ ਗਿਆ ਸੀ। ਇਸ ਵਾਰ ਭਾਜਪਾ ਕਿੰਨੀ ਭੀੜ ਇਕੱਠੀ ਕਰਦੀ ਹੈ, ਇਸ ਗੱਲ ਦਾ ਪਤਾ 24 ਮਈ ਨੂੰ ਲੱਗੇਗਾ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਮੰਡੀ ਸੰਸਦੀ ਖੇਤਰ ਦੀ ਜਨਤਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਨਿਰਾਸ਼ ਨਹੀਂ ਕੀਤਾ ਹੈ। ਪਿਛਲੇ 10 ਸਾਲਾਂ ਵਿਚ ਇਤਿਹਾਸਕ ਪਡੱਲ ਮੈਦਾਨ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਇਹ 6ਵੀਂ ਰੈਲੀ ਹੋਵੇਗੀ। ਇਸ ਵਿਚ ਤਿੰਨ ਚੋਣਾਵੀ ਅਤੇ ਤਿੰਨ ਹੋਰ ਪ੍ਰੋਗਰਾਮਾਂ ਦੀਆਂ ਰੈਲੀਆਂ ਸ਼ਾਮਲ ਹਨ। ਪਿਛਲੀ ਰੈਲੀ 29 ਮਹੀਨੇ ਪਹਿਲਾਂ ਹੋਈ ਸੀ। ਉਸ ਵੇਲੇ ਦੀ ਜੈਰਾਮ ਠਾਕੁਰ ਸਰਕਾਰ ਦਾ 4 ਸਾਲ ਦਾ ਕਾਰਜਕਾਲ ਪੂਰਾ ਹੋਣ 'ਤੇ 27 ਦਸੰਬਰ 2021 ਨੂੰ ਇੱਥੇ ਰੈਲੀ ਦਾ ਆਯੋਜਨ ਹੋਇਆ ਸੀ। ਉਨ੍ਹਾਂ ਨੂੰ ਭਗਵਾਨ ਸ਼ਿਵ ਦਾ 25 ਕਿਲੋ ਦਾ 7 ਫੁੱਟ ਲੰਬਾ ਤ੍ਰਿਸ਼ੂਲ ਭੇਟ ਕੀਤਾ ਗਿਆ ਸੀ।

## ਭਿਆਨਕ ਸੜਕ ਹਾਦਸਾ, ਪਿਕਅੱਪ ਪਲਟਣ ਨਾਲ 18 ਲੋਕਾਂ ਦੀ ਮੌਤ

ਕਵਰਧਾ 20 ਮਈ। ਛੱਤੀਸਗੜ੍ਹ ਦੇ ਕਬੀਰਧਾਮ ਜ਼ਿਲ੍ਹੇ 'ਚ ਸੋਮਵਾਰ ਨੂੰ ਇਕ ਵਾਹਨ (ਪਿਕਅੱਪ) ਦੇ ਘਾਟੀ 'ਚ ਡਿੱਗਣ ਕਾਰਨ 17 ਔਰਤਾਂ ਅਤੇ ਇਕ ਆਦਮੀ ਦੀ ਮੌਤ ਹੋ ਗਈ ਅਤੇ ਚਾਰ ਹੋਰ ਜਖਮੀ ਹੋ ਗਏ। ਪੁਲਸ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਕੁਕਦੂਰ ਥਾਣਾ ਖੇਤਰ ਦੇ ਅਧੀਨ ਪੈਂਦੇ ਪਿੰਡ ਬਾਹਪਾਨੀ ਪਿੰਡ ਨੇੜੇ ਦੁਪਹਿਰ ਬਾਅਦ ਕਰੀਬ 1:45 ਵਜੇ ਵਾਹਨ ਦੇ ਬੰਜਾਰੀ ਘਾਟ 'ਚ ਡਿੱਗਣ ਕਾਰਨ 18 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿਚ 17 ਔਰਤਾਂ ਵੀ ਸਾਮਲ ਹਨ। ਉਸ ਨੇ ਦੱਸਿਆ ਕਿ ਕੁਈ ਪਿੰਡ ਦੇ ਰਹਿਣ ਵਾਲੇ ਪਿੰਡ ਵਾਸੀ ਤੇਂਦੂਪੱਤਾ ਇਕੱਠੇ ਕਰਨ ਲਈ ਜੰਗਲ 'ਚ ਗਏ ਸਨ ਅਤੇ ਜਦੋਂ ਉਹ ਪਿਕਅੱਪ ਗੱਡੀ 'ਚ ਸਵਾਰ ਹੋ ਕੇ ਆਪਣੇ ਪਿੰਡ ਨੂੰ ਪਰਤ ਰਹੇ ਸਨ ਤਾਂ ਪਿੰਡ ਬਾਹਪਾਨੀ ਨੇੜੇ ਬੰਜਾਰੀ ਘਾਟ 'ਚ ਜਾ ਡਿੱਗੀ। ਅਧਿਕਾਰੀਆਂ ਨੇ ਦੱਸਿਆ ਕਿ ਪ੍ਰਾਪਤ ਜਾਣਕਾਰੀ ਅਨੁਸਾਰ ਵਾਹਨ ਪਹਿਲਾਂ ਸੜਕ ਤੋਂ ਹੇਠਾਂ ਡਿੱਗਿਆ ਅਤੇ ਘਾਟੀ ਦੇ ਹੇਠਲੇ ਹਿੱਸੇ 'ਚ ਬਣੀ ਸੜਕ ਨਾਲ ਟਕਰਾ ਗਿਆ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ ਅਤੇ ਬਚਾਅ ਕਾਰਜ ਸੁਰੂ ਕਰ ਦਿੱਤੇ ਗਏ। ਕਬੀਰਧਾਮ ਜ਼ਿਲ੍ਹੇ ਦੇ ਪੁਲਸ ਸੁਪਰਡੈਂਟ ਅਭਿਸ਼ੇਕ ਪਲੱਵ ਨੇ ਦੱਸਿਆ,"ਹਾਦਸੇ 'ਚ 12 ਔਰਤਾਂ ਅਤੇ ਇਕ ਪੁਰਸ਼ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ 9 ਹੋਰ ਜਖਮੀ ਹੋ ਗਏ।" ਪਲੱਵ ਨੇ ਦੱਸਿਆ,"ਪੁਲਸ ਦਲ ਨੇ ਜਖਮੀਆਂ ਨੂੰ ਹਸਪਤਾਲ ਭੇਜਿਆ, ਜਿੱਥੇ 5 ਔਰਤਾਂ ਦੀ ਮੌਤ ਹੋ ਗਈ।" ਉਨ੍ਹਾਂ ਦੱਸਿਆ ਕਿ ਤਿੰਨ ਔਰਤਾਂ ਸਮੇਤ ਹੋਰ ਚਾਰ ਜਖਮੀਆਂ ਨੂੰ ਇਲਾਜ ਲਈ ਬਿਹਤਰ ਸਹੂਲਤ ਵਾਲੇ ਹਸਪਤਾਲਾਂ 'ਚ ਭੇਜਿਆ ਜਾ ਰਿਹਾ ਹੈ। ਮੁੱਖ ਮੰਤਰੀ ਵਿਸ਼ਨੂੰਦੇਵ ਸਾਏ ਨੇ ਘਟਨਾ 'ਤੇ ਦੁੱਖ ਜਤਾਇਆ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਖਮੀਆਂ ਨੂੰ ਬਿਹਤਰ ਇਲਾਜ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ ਹੈ। ਸਾਏ ਨੇ 'ਐਕਸ' 'ਤੇ ਆਪਣੇ ਪੋਸਟ 'ਚ ਲਿਖਿਆ,"ਕਬੀਰਧਾਮ ਜ਼ਿਲ੍ਹੇ ਦੇ ਕੁਕਦੂਰ ਥਾਣਾ ਖੇਤਰ ਦੇ ਬਾਹਪਾਨੀ ਪਿੰਡ ਕੋਲ ਵਾਹਨ ਦੇ ਪਲਟਣ ਨਾਲ 18 ਲੋਕਾਂ ਦੇ ਦਿਹਾਂਤ ਅਤੇ ਚਾਰ ਹੋਰ ਲੋਕਾਂ ਦੇ ਜਖਮੀ ਹੋਣ ਦਾ ਦੁਖਦ ਸਮਾਚਾਰ ਪ੍ਰਾਪਤ ਹੋਇਆ ਹੈ। ਜਖਮੀਆਂ ਦੇ ਬਿਹਤਰ ਇਲਾਜ ਲਈ ਜਰੂਰੀ ਨਿਰਦੇਸ਼ ਜ਼ਿਲ੍ਹਾ ਪ੍ਰਸ਼ਾਸਨ ਨੂੰ ਦਿੱਤੇ ਗਏ ਹਨ। ਈਸ਼ਵਰ ਤੋਂ ਮਰਹੂਮ ਆਤਮਾਵਾਂ ਦੀ ਸ਼ਾਂਤੀ ਦੀ ਪ੍ਰਾਰਥਨਾ ਕਰਦਾ ਹਾਂ। ਜਾਨ ਗੁਆਉਣ ਵਾਲੇ ਲੋਕਾਂ ਦੇ ਪਰਿਵਾਰ ਦੇ ਪ੍ਰਤੀ ਡੂੰਘੀ ਸੋਗ ਹਮਦਰਦੀ ਜਾਹਰ ਕਰਦਾ ਹਾਂ। ਜਖਮੀਆਂ ਦੇ ਜਲਦ ਸਿਹਤਮੰਦ ਲਾਭ ਦੀ ਕਾਮਨਾ ਕਰਦਾ ਹਾਂ।"

# ਉਮਰ ਅਬਦੁੱਲਾ ਨੇ ਕਸ਼ਮੀਰ 'ਚ ਹੋਏ 2 ਅੱਤਵਾਦੀ ਹਮਲਿਆਂ ਦੀ ਕੀਤੀ ਨਿੰਦਾ

**ਨਵਦੀਪ ਸਿੰਘ ਸਾਹਨੀ**

ਸ਼੍ਰੀਨਗਰ 20 ਮਈ। ਨੈਸ਼ਨਲ ਕਾਨਫਰੰਸ (ਨੇਕਾਂ) ਦੇ ਨੇਤਾ ਉਮਰ ਅਬਦੁੱਲਾ ਨੇ ਜੰਮੂ ਕਸ਼ਮੀਰ ਦੇ ਸ਼ੋਪੀਆਂ ਅਤੇ ਅਨੰਤਨਾਗ ਜ਼ਿਲ੍ਹਿਆਂ 'ਚ ਹੋਏ 2 ਅੱਤਵਾਦੀ ਹਮਲਿਆਂ ਦੀ ਐਤਵਾਰ ਨੂੰ ਨਿੰਦਾ ਕੀਤੀ। ਇਨ੍ਹਾਂ ਹਮਲਿਆਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇਕ ਵਰਕਰ ਦੀ ਮੌਤ ਹੋ ਗਈ, ਜਦੋਂ ਕਿ ਰਾਜਸਥਾਨ ਦਾ ਇਕ ਸੈਲਾਨੀ ਜੋੜਾ ਜਖਮੀ ਹੋ ਗਿਆ। ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ 'ਚ ਜੈਪੁਰ ਦੇ ਸੈਲਾਨੀ ਫਰਾਹ ਅਤੇ ਤਬਰੇਜ ਜਖਮੀ ਹੋ ਗਏ ਅਤੇ ਸ਼ੋਪੀਆਂ ਜ਼ਿਲ੍ਹੇ 'ਚ ਸਾਬਕਾ ਸਰਪੰਚ ਅਤੇ ਭਾਜਪਾ ਵਰਕਰ ਏਜਾਜ ਅਹਿਮਦ ਸ਼ੇਖ ਦੀ ਅੱਤਵਾਦੀਆਂ ਨੇ ਕਤਲ ਕਰ ਦਿੱਤਾ। ਉਮਰ ਅਬਦੁੱਲਾ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਕੀਤੀ ਗਈ ਪੋਸਟ 'ਚ ਕਿਹਾ,'ਦੱਖਣੀ ਕਸ਼ਮੀਰ



'ਚ ਸੈਲਾਨੀਆਂ ਅਤੇ ਭਾਜਪਾ ਦੇ ਇਕ ਵਰਕਰ 'ਤੇ ਹੋਏ ਅੱਤਵਾਦੀ ਹਮਲੇ ਬਾਰੇ ਸੁਣ ਕੇ ਬੇਹੱਦ ਦੁੱਖ ਹੋਇਆ। ਮੈਂ ਇਨ੍ਹਾਂ ਜਾਲੇਵਾ ਹਮਲਿਆਂ ਦੀ ਸਖਤ ਨਿੰਦਾ ਕਰਦਾ ਹਾਂ। ਏਜਾਜ ਅਹਿਮਦ ਦੇ ਪਰਿਵਾਰ ਦੇ ਪ੍ਰਤੀ ਮੇਰੀ ਹਮਦਰਦੀ ਹੈ। ਅੱਲਾਹ ਉਨ੍ਹਾਂ ਨੂੰ ਜੰਨਤ 'ਚ ਜਗ੍ਹਾ ਦੇਵੇ। ਮੈਂ ਰਾਜਸਥਾਨ ਦੇ ਜੈਪੁਰ ਦੇ ਰਹਿਣ ਵਾਲੇ ਤਬਰੇਜ ਅਤੇ ਫਰਾਹ ਨਾਲ ਸਿਹਤਮੰਦ ਹੋਣ ਦੀ ਪ੍ਰਾਰਥਨਾ ਕਰਦਾ ਹਾਂ।" ਇਹ ਅੱਤਵਾਦੀ ਹਮਲੇ ਅਜਿਹੇ ਸਮੇਂ ਹੋਏ ਹਨ, ਜਦੋਂ ਅਨੰਤਨਾਗ-ਰਾਜੌਰੀ ਸੀਟ 'ਤੇ ਲੋਕ ਸਭਾ ਚੋਣਾਂ ਲਈ ਪ੍ਰਚਾਰ ਮੁਹਿੰਮ ਜਾਰੀ ਹੈ। ਲੋਕ ਸਭਾ ਚੋਣਾਂ ਦੇ 5ਵੇਂ ਪੜਾਅ 'ਚ ਬਾਰਾਮੂਲਾ ਸੀਟ 'ਤੇ ਸੋਮਵਾਰ ਨੂੰ ਵੋਟਿੰਗ ਹੋਵੇਗੀ। ਅਨੰਤਨਾਗ ਸੀਟ 'ਤੇ 7 ਮਈ ਨੂੰ ਵੋਟਿੰਗ ਹੋਣੀ ਸੀ ਪਰ ਜੰਮੂ ਕਸ਼ਮੀਰ 'ਚ ਕੁਝ ਰਾਜਨੀਤਕ ਦਲਾਂ ਵਲੋਂ ਮੌਸਮ ਦੀ ਸਥਿਤੀ 'ਤੇ ਚਿੰਤਾ ਜਤਾਏ ਜਾਣ ਤੋਂ ਬਾਅਦ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ। ਹੁਣ ਇਸ ਸੀਟ 'ਤੇ 25 ਮਈ ਨੂੰ ਵੋਟਿੰਗ ਹੋਵੇਗੀ।

## ਦੁੱਖ ਦੀ ਇਸ ਘੜੀ 'ਚ ਈਰਾਨ ਦੀ ਜਨਤਾ ਨਾਲ ਖੜ੍ਹਾ ਹੈ ਭਾਰਤ

ਨਵੀਂ ਦਿੱਲੀ 20 ਮਈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਹੈਲੀਕਾਪਟਰ ਹਾਦਸੇ 'ਚ ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਈਸੀ ਅਤੇ ਵਿਦੇਸ਼ ਮੰਤਰੀ ਹੁਸੈਨ-ਅਮੀਰ-ਅਬਦੁਲਾਹੀਅਨ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ। ਜੈਸ਼ੰਕਰ ਨੇ ਕਿਹਾ ਕਿ ਭਾਰਤ ਇਸ ਦੁੱਖ ਦੀ ਘੜੀ ਵਿਚ ਈਰਾਨ ਦੀ ਜਨਤਾ ਨਾਲ ਖੜ੍ਹਾ ਹੈ। ਦੱਸ ਦੇਈਏ ਕਿ ਰਾਸ਼ਟਰਪਤੀ ਇਬਰਾਹਿਮ ਰਈਸੀ ਦੀ ਹੈਲੀਕਾਪਟਰ ਹਾਦਸੇ 'ਚ ਮੌਤ ਹੋ ਗਈ ਹੈ। ਉਨ੍ਹਾਂ ਨੂੰ ਲੈ ਕੇ ਜਾ ਰਿਹਾ ਹੈਲੀਕਾਪਟਰ ਐਤਵਾਰ ਨੂੰ ਹਾਦਸਾਗ੍ਰਸਤ ਹੋਇਆ ਸੀ ਪਰ ਰਾਸ਼ਟਰਪਤੀ ਦੀ ਮੌਤ ਦੀ ਪੁਸ਼ਟੀ ਸੋਮਵਾਰ ਨੂੰ ਹੈਲੀਕਾਪਟਰ ਦਾ ਮਲਬਾ ਮਿਲਣ ਮਗਰੋਂ ਹੋਈ। ਇਸ ਹਾਦਸੇ ਵਿਚ ਈਰਾਨ ਦੇ ਵਿਦੇਸ਼ ਮੰਤਰੀ ਹੁਸੈਨ-ਅਮੀਰ-ਅਬਦੁਲਾਹੀਅਨ ਸਮੇਤ ਹੈਲੀਕਾਪਟਰ 'ਚ ਸਵਾਰ ਹੋਰ ਲੋਕਾਂ ਦੀ ਵੀ ਮੌਤ ਹੋ ਗਈ। ਦੇਸ਼ ਦੇ ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਜੈਸ਼ੰਕਰ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਲਿਖਿਆ ਕਿ ਹੈਲੀਕਾਪਟਰ ਹਾਦਸੇ ਵਿਚ ਈਰਾਨ ਦੇ ਰਾਸ਼ਟਰਪਤੀ ਡਾ. ਇਬਰਾਹਿਮ ਰਈਸੀ ਅਤੇ ਵਿਦੇਸ਼ ਮੰਤਰੀ ਹੁਸੈਨ-ਅਮੀਰ-ਅਬਦੁਲਾਹੀਅਨ ਦੇ ਦਿਹਾਂਤ ਦੀ ਖਬਰ ਸੁਣ ਕੇ ਬਹੁਤ ਦੁਖੀ ਹਾਂ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨਾਲ ਮੇਰੀਆਂ ਕਈ ਮੁਲਾਕਾਤਾਂ ਯਾਦ ਆ ਰਹੀਆਂ ਹਨ।

# ਰੋਜਗਾਰ ਦੇ ਮੋਰਚੇ 'ਤੇ ਸਾਡੀ ਸਰਕਾਰ ਦਾ ਟ੍ਰੈਕ- ਰਿਕਾਰਡ ਸਭ ਤੋਂ ਵਧੀਆ : ਪ੍ਰਧਾਨ ਮੰਤਰੀ ਮੋਦੀ

**ਤੇਜਿੰਦਰ ਕੌਰ ਬੱਬਰ**

ਭੁਵਨੇਸਵਰ, 20 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਨੌਜਵਾਨਾਂ ਲਈ ਰੋਜਗਾਰ ਦੇ ਮੌਕੇ ਪੈਦਾ ਕਰਨ 'ਚ ਉਨ੍ਹਾਂ ਦੀ ਸਰਕਾਰ ਦਾ ਟ੍ਰੈਕ-ਰਿਕਾਰਡ ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਸਭ ਤੋਂ ਵਧੀਆ ਹੈ। ਉਨ੍ਹਾਂ ਇਕ ਬਿਆਨ 'ਚ ਕਿਹਾ ਕਿ ਸਪੇਸ, ਸੈਮੀਕੰਡੱਕਟਰ ਵਿਨਿਰਮਾਨ ਤੇ ਇਲੈਕਟ੍ਰਿਕ ਵਹੀਕਲ (ਈ.ਵੀ.) ਵਰਗੇ ਉੱਭਰ ਰਹੇ ਸੈਕਟਰਾਂ ਦੇ ਨਾਲ-ਨਾਲ ਸਟਾਰਟਅੱਪਸ ਨੂੰ ਹਮਾਇਤ, ਬੁਨਿਆਦੀ ਢਾਂਚੇ 'ਤੇ ਕਾਫੀ ਖਰਚ ਅਤੇ ਪੀ. ਐੱਲ.ਆਈ. ਸਕੀਮਾਂ ਨੇ ਵਧੇਰੇ ਰੋਜਗਾਰ ਪੈਦਾ ਕਰਨ ਵਿੱਚ ਮਦਦ ਕੀਤੀ ਹੈ। ਅਰਥਵਿਵਸਥਾ 'ਚ ਲੋੜੀਂਦਾ ਰੁਜਗਾਰ ਪੈਦਾ ਨਾ ਕਰਨ ਸਬੰਧੀ ਹੋ ਰਹੀਆਂ ਆਲੋਚਨਾਵਾਂ ਦਾ ਜਵਾਬ ਦਿੰਦੇ ਹੋਏ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਦੁਨੀਆ ਦੇ ਸਭ ਤੋਂ ਵਧੀਆ ਮੌਕਿਆਂ ਨੂੰ ਭਾਰਤ ਦੇ ਦਰਵਾਜੇ 'ਤੇ ਲਿਆਉਣ ਲਈ ਇਕ ਵਿਆਪਕ, ਬਹੁ-ਖੇਤਰੀ ਪਹੁੰਚ' ਨਾਲ ਕੰਮ ਕੀਤਾ ਹੈ। ਵਧੇਰੇ ਰੋਜਗਾਰ ਪੈਦਾ ਕਰਨ ਦੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਖੇਤਰ 'ਚ ਵੱਡੀ ਗਿਣਤੀ 'ਚ ਭਰਤੀਆਂ ਕੀਤੀਆਂ ਗਈਆਂ ਹਨ। ਸਿਰਫ ਪਿਛਲੇ ਇਕ ਸਾਲ 'ਚ ਹੀ ਕੇਂਦਰ ਸਰਕਾਰ ਦੇ ਦਫਤਰਾਂ 'ਚ ਭਰਤੀ ਲਈ ਲੱਖਾਂ ਨਿਯੁਕਤੀ ਪੱਤਰ ਦਿੱਤੇ ਗਏ। ਸਰਕਾਰ ਨੇ ਨਿੱਜੀ ਖੇਤਰ ਦੇ ਵਿਕਾਸ ਲਈ ਇਕ ਅਨੁਕੂਲ ਮਾਹੌਲ ਬਣਾਇਆ, ਜਿਸ ਨਾਲ ਉੱਥੇ ਵੀ ਨੌਕਰੀਆਂ ਪੈਦਾ ਹੋਈਆਂ। 10 ਸਾਲਾਂ



ਪਹਿਲਾਂ 2014 'ਚ ਅਸੀਂ ਦੁਨੀਆ 'ਚ 134ਵੇਂ ਨੰਬਰ 'ਤੇ ਸੀ। 2024 'ਚ ਅਸੀਂ 63ਵੇਂ ਨੰਬਰ 'ਤੇ ਆ ਗਏ ਹਾਂ। ਕਾਰੋਬਾਰ ਕਰਨ ਦੀ ਦਰਜਾਬੰਦੀ 'ਚ ਅਸੀਂ ਸੁਧਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ 2017-18 ਤੇ 2022-23 ਵਿਚਕਾਰ ਕਰਮਚਾਰੀ ਪ੍ਰਾਵੀਡੈਂਟ ਫੰਡ ਸੰਗਠਨ ਦੇ ਪੇ-ਰੋਲ ਅੰਕੜਿਆਂ ਦੀ ਤੁਲਨਾ ਕਰੀਏ ਤਾਂ ਨਾਜਦਗੀਆਂ ਲਗਭਗ 9 ਗੁਣਾ ਵਧ ਗਈਆਂ ਹਨ। ਇਹ ਕੋਈ ਛੋਟੀ ਗਿਣਤੀ ਨਹੀਂ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਨਿੱਜੀ ਖੇਤਰ ਲਈ ਭਾਰਤ 'ਚ ਕਾਰੋਬਾਰ ਕਰਨਾ ਜਿੰਨਾ ਸੌਖਾ ਹੈ, ਓਨਾ ਹੀ ਇਹ ਉਨ੍ਹਾਂ ਨੂੰ ਅੱਗੇ ਵਧਣ ਤੇ ਨੌਕਰੀਆਂ ਪੈਦਾ ਕਰਨ 'ਚ ਮਦਦ ਕਰੇਗਾ। ਸਰਕਾਰ ਭਾਰਤ ਨੂੰ ਨਿਰਮਾਣ ਕੇਂਦਰ ਬਣਾਉਣ ਹਿੱਤ ਵੱਖ-ਵੱਖ ਸੈਕਟਰਾਂ ਲਈ ਪ੍ਰੋਡਕਸਨ ਲਿੰਕਡ ਇੰਸੈਂਟਿਵ ਸਕੀਮ ਲੈ ਕੇ ਆਈ ਹੈ। ਮੋਦੀ ਨੇ ਕਿਹਾ ਕਿ 2014 'ਚ ਭਾਰਤ 'ਚ ਵਿਕਣ ਵਾਲੇ 78 ਫੀਸਦੀ ਮੋਬਾਈਲ ਫੋਨ ਦਰਾਮਦ ਕੀਤੇ ਜਾਂਦੇ ਸਨ। ਅੱਜ ਭਾਰਤ 'ਚ ਵਿਕਣ ਵਾਲੇ 99 ਫੀਸਦੀ ਤੋਂ ਵੱਧ ਮੋਬਾਈਲ ਫੋਨ 'ਮੇਡ ਇਨ ਇੰਡੀਆ' ਹਨ। ਅਸੀਂ ਹੁਣ ਦੁਨੀਆ ਚ ਮੋਬਾਈਲ ਫੋਨਾਂ ਦੇ ਪ੍ਰਮੁੱਖ ਬਰਾਮਦਕਾਰ ਬਣ ਗਏ ਹਾਂ। ਉਨ੍ਹਾਂ ਕਿਹਾ ਕਿ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਸਟਾਰਟਅਪ ਹੱਬ ਵਜੋਂ ਉਭਰਿਆ ਹੈ। ਦੇਸ 'ਚ 107 ਯੂਨੀਕੋਰਨ ਤੇ 1.26 ਲੱਖ ਮਾਨਤਾ ਪ੍ਰਾਪਤ ਸਟਾਰਟਅੱਪ ਹਨ, ਜੋ 10 ਲੱਖ ਤੋਂ ਵੱਧ ਨੌਕਰੀਆਂ ਪੈਦਾ ਕਰ ਰਹੇ ਹਨ। 2014 'ਚ ਸਿਰਫ 350 ਸਟਾਰਟਅੱਪ ਸਨ। ਇਸ ਬਾਰੇ ਸਭ ਤੋਂ ਚੰਗੀ ਗੱਲ ਇਹ ਹੈ ਕਿ ਸਟਾਰਟਅੱਪ ਦੀ ਨਵੀਂ ਲਹਿਰ ਟੀਅਰ-2 ਤੇ ਟੀਅਰ-3 ਸਹਿਰਾਂ ਤੋਂ ਉਭਰ ਰਹੀ ਹੈ। 47 ਫੀਸਦੀ ਸਟਾਰਟਅੱਪ ਉਥੋਂ ਆ ਰਹੇ ਹਨ, ਜਿਸ ਦੇ ਨਤੀਜੇ ਵਜੋਂ ਰੋਜਗਾਰ ਦੇ ਮੌਕੇ ਕਈ ਗੁਣਾ ਵਧ ਗਏ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਰਥਵਿਵਸਥਾ ਦਾ ਪਸਾਰ ਹੋ ਰਿਹਾ ਹੈ। ਦੇਸ ਪੁਲਾੜ, ਸੈਮੀਕੰਡੱਕਟਰ ਨਿਰਮਾਣ ਤੇ ਇਲੈਕਟ੍ਰਿਕ ਵਾਹਨਾਂ (ਈ. ਵੀ.) ਵਰਗੇ ਨਵੇਂ ਤੇ ਉੱਭਰ ਰਹੇ ਖੇਤਰਾਂ 'ਚ ਉੱਦਮ ਕਰ ਰਿਹਾ ਹੈ। ਰੱਖਿਆ ਉਤਪਾਦਨ, ਤਕਨੀਕੀ ਸੁਰੂਆਤ ਤੇ ਸਾਈਬਰ ਸੁਰੱਖਿਆ ਸਭ 'ਚ ਤੇਜੀ ਨਾਲ ਵਾਧਾ ਹੋਇਆ ਹੈ। ਇਸ ਨਾਲ ਸਿੱਧੇ ਤੇ ਅਸਿੱਧੇ ਤੌਰ 'ਤੇ ਲੱਖਾਂ ਨੌਕਰੀਆਂ ਪੈਦਾ ਹੋਈਆਂ ਹਨ। ਮੋਦੀ ਨੇ ਕਿਹਾ ਕਿ ਅਸੀਂ ਅਗਲੀ ਪੀੜ੍ਹੀ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ 'ਚ ਭਾਰੀ ਨਿਵੇਸ ਕਰ ਰਹੇ ਹਾਂ। ਇਸ ਸਾਲ ਦੇ ਬਜਟ 'ਚ ਅਸੀਂ ਪੂੰਜੀ ਖਰਚ ਨੂੰ ਵਧਾ ਕੇ 11.11 ਲੱਖ ਕਰੋੜ ਰੁਪਏ ਕਰ ਦਿੱਤਾ ਹੈ। ਜਿਸ ਰਫਤਾਰ ਤੇ ਪੈਮਾਨੇ 'ਤੇ ਅਸੀਂ ਸੜਕਾਂ, ਹਵਾਈ ਅੱਡੇ, ਰੇਲਵੇ ਲਾਈਨਾਂ ਤੇ ਬੰਦਰਗਾਹਾਂ ਨੂੰ ਬਣਾ ਰਹੇ ਹਾਂ, ਉਹ ਬੇਮਿਸਾਲ ਹੈ। ਪ੍ਰਧਾਨ ਮੰਤਰੀ ਨੇ ਆਪਣੇ ਦਾਅਵਿਆਂ ਦਾ ਸਮਰਥਨ ਕਰਨ ਲਈ ਅੰਕੜਿਆਂ ਦਾ ਹਵਾਲਾ ਦਿੱਤਾ। ਪੀ. ਐੱਫ. ਐੱਲ. ਐੱਸ. (ਪੀਰੀਆਡਿਕ ਲੇਬਰ ਫੋਰਸ ਸਰਵੇ) ਦੇ ਅੰਕੜਿਆਂ ਅਨੁਸਾਰ ਬੇਰੋਜਗਾਰੀ ਦੀ ਦਰ ਅੱਧੀ ਹੋ ਗਈ ਹੈ। ਇਹ 6.1 ਤੋਂ ਘੱਟ ਕੇ 3.2 ਫੀਸਦੀ ਹੋ ਗਈ ਹੈ।

## ਲੋਕ ਸਭਾ ਚੋਣਾਂ 2024: 65 ਫੀਸਦੀ ਤੱਕ ਹੋਈ ਇੰਨੇ ਵੋਟਿੰਗ

ਨਵੀਂ ਦਿੱਲੀ 20 ਮਈ। ਲੋਕ ਸਭਾ ਚੋਣਾਂ ਦੇ 5ਵੇਂ ਪੜਾਅ ਤਹਿਤ 20 ਮਈ ਨੂੰ 8 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੀ 49 ਲੋਕ ਸਭਾ ਸੀਟਾਂ 'ਤੇ ਅੱਜ ਵੋਟਾਂ ਪੈ ਰਹੀਆਂ ਹਨ। ਓਡੀਸ਼ਾ ਵਿਧਾਨ ਸਭਾ ਦੀਆਂ ਬਚੀਆਂ 35 ਸੀਟਾਂ 'ਤੇ ਵੀ ਅੱਜ ਹੀ ਵੋਟਿੰਗ ਹੈ। 5ਵੇਂ ਪੜਾਅ ਦੀਆਂ 49 ਲੋਕ ਸਭਾ ਸੀਟਾਂ 'ਤੇ ਕੁੱਲ 695 ਉਮੀਦਵਾਰ ਮੈਦਾਨ ਵਿਚ ਹੈ। ਅੱਜ ਮਹਾਰਾਸ਼ਟਰ ਦੀਆਂ 13, ਉੱਤਰ ਪ੍ਰਦੇਸ਼ ਦੀਆਂ 14, ਪੱਛਮੀ ਬੰਗਾਲ ਦੀਆਂ 7, ਬਿਹਾਰ ਦੀਆਂ 5, ਝਾਰਖੰਡ ਦੀਆਂ 3, ਓਡੀਸ਼ਾ ਦੀਆਂ 5 ਅਤੇ ਜੰਮੂ-ਕਸ਼ਮੀਰ ਅਤੇ ਲੱਦਾਖ ਦੀ ਇਕ-ਇਕ ਸੀਟ 'ਤੇ ਵੋਟਾਂ ਪੈ ਰਹੀਆਂ ਹਨ। ਸਵੇਰੇ 6 ਵਜੇ ਤੋਂ ਸ਼ਾਮ 7 ਵਜੇ ਤੱਕ ਵੋਟਾਂ ਪੈਣਗੀਆਂ। ਦੱਸ ਦੇਈਏ ਕਿ 5ਵੇਂ ਪੜਾਅ ਵਿਚ ਕੁੱਲ 8 ਕਰੋੜ 95 ਲੱਖ ਤੋਂ ਜ਼ਿਆਦਾ ਵੋਟਰ ਹਨ। ਦੇਸ਼ ਦੇ 8 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ 5ਵੇਂ ਪੜਾਅ ਲਈ ਵੋਟਿੰਗ ਜਾਰੀ ਹੈ। ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਕ ਦੁਪਹਿਰ 1 ਵਜੇ ਤੱਕ 36.73 ਫੀਸਦੀ ਵੋਟਿੰਗ ਹੋਈ ਹੈ। ਦੁਪਹਿਰ 1 ਵਜੇ ਤੱਕ ਜਾਣੋ ਕਿੰਨੇ ਫੀਸਦੀ ਹੋਈ ਵੋਟਿੰਗ- ਉੱਥੇ ਹੀ ਅੱਜ ਲਖਨਊ ਦੇ ਵੋਟਿੰਗ ਕੇਂਦਰ 'ਤੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੋਟ ਪਾਈ ਹੈ। ਫਿਲਮ ਅਦਾਕਾਰ ਸਾਹਿਦ ਕਪੂਰ ਅਤੇ ਪਰੇਸ ਰਾਵਲ ਨੇ ਮੁੰਬਈ ਵਿਚ ਆਪਣੀ ਵੋਟ ਪਾਈ। ਸੁਨੀਲ ਸ਼ੈੱਟੀ ਨੇ ਬਾਂਦਰਾ ਵਿਚ ਆਪਣੀ ਵੋਟ ਪਾਈ। ਓਧਰ ਉੱਤਰ ਪ੍ਰਦੇਸ ਦੀ ਅਮੇਠੀ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਸਮ੍ਰਿਤੀ ਇਰਾਨੀ ਨੇ ਵੋਟ ਪਾਈ। ਆਪਣੀ ਵੋਟ ਪਾਉਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਅੱਜ ਮੈਂ ਖੁਸਕਿਸਮਤ ਹਾਂ ਕਿ ਮੈਂ ਆਪਣੇ ਪਿੰਡ ਗੌਰੀਗੰਜ ਵਿਚ ਵਿਕਸਿਤ ਭਾਰਤ ਦੇ ਸੰਕਲਪ ਨਾਲ ਵੋਟ ਪਾਈ ਹੈ। ਇਹ ਭਾਰਤ ਅਤੇ ਭਾਰਤ ਦੇ ਭਵਿੱਖ ਪ੍ਰਤੀ ਸਾਡੀ ਜ਼ਿੰਮੇਵਾਰੀ ਹੈ। ਦੱਸ ਦੇਈਏ ਕਿ 5ਵੇਂ ਪੜਾਅ ਦੀ ਵੋਟਿੰਗ ਕਾਫੀ ਦਿਲਚਸਪ ਹੈ ਕਿਉਂਕਿ ਅਮੇਠੀ ਤੋਂ ਸਮ੍ਰਿਤੀ ਇਰਾਨੀ, ਰਾਏਬਰੇਲੀ ਤੋਂ ਰਾਹੁਲ ਗਾਂਧੀ, ਮੁੰਬਈ ਉੱਤਰੀ ਸੀਟ ਤੋਂ ਪਿਊਸ਼ ਗੋਇਲ, ਲਖਨਊ ਤੋਂ ਰਾਜਨਾਥ ਸਿੰਘ ਸਮੇਤ ਕਈ ਹਾਈ-ਪ੍ਰੋਫਾਈਲ ਚਿਹਰੇ ਚੋਣ ਮੈਦਾਨ ਵਿਚ ਹਨ ਅਤੇ ਆਪਣੀ ਕਿਸਮਤ ਅਜਮਾ ਰਹੇ ਹਨ।

# ਢਿੱਲਵਾਂ 'ਚ ਵੱਡੀ ਵਾਰਦਾਤ, ਔਰਤ ਦਾ ਕਤਲ ਕਰਨ ਮਗਰੋਂ ਲਾਸ਼ ਖੁਰਦ-ਬੁਰਦ ਕਰਕੇ ਬਿਆਸ ਦਰਿਆ ਨੇੜੇ ਸੁੱਟੀ

ਢਿੱਲਵਾਂ 20 ਮਈ। ਥਾਣਾ ਢਿੱਲਵਾਂ ਦੀ ਪੁਲਸ ਨੇ ਇਕ ਔਰਤ ਦਾ ਕਤਲ ਕਰਨ ਅਤੇ ਲਾਸ ਨੂੰ ਖੁਰਦ-ਬੁਰਦ ਕਰਨ ਦੇ ਦੋਸ ਵਿਚ ਇਕ ਔਰਤ ਸਮੇਤ ਤਿੰਨ 'ਤੇ ਕੇਸ ਦਰਜ ਕੀਤਾ ਹੈ। ਸੁਰਿੰਦਰ ਪਾਲ ਸਿੰਘ ਧੋਗੜੀ ਡੀ. ਐੱਸ. ਪੀ. ਭੁਲੱਥ ਅਤੇ ਇੰਸਪੈਕਟਰ ਸੁਖਬੀਰ ਸਿੰਘ ਥਾਣਾ ਮੁਖੀ ਢਿੱਲਵਾਂ ਨੇ ਦੱਸਿਆ ਕਿ ਜਸਬੀਰ ਸਿੰਘ ਪੁੱਤਰ ਪ੍ਰਕਾਸ ਸਿੰਘ ਵਾਸੀ ਰਸੂਲਪੁਰ ਕਲਾਂ ਥਾਣਾ ਜੰਡਿਆਲਾ ਜਿ?ਲ੍ਹਾ ਅੰਮ੍ਰਿਤਸਰ ਨੇ ਕੇਸ ਰਜਿਸਟਰਡ ਕਰਵਾਇਆ ਹੈ ਕਿ ਉਹ ਰੰਗ ਰੋਗਨ ਦਾ ਕੰਮਕਾਰ ਕਰਦਾ ਹਾਂ। ਉਸ ਦਾ ਵਿਆਹ ਕਰੀਬ 5 ਸਾਲ ਪਹਿਲਾਂ ਜੋਤੀ ਪੁੱਤਰੀ ਮੇਜਰ ਸਿੰਘ ਵਾਸੀ ਕੋਟ ਖਾਲਸਾ ਥਾਣਾ ਕੋਟ ਖਾਲਸਾ ਜਿ?ਲ੍ਹ ਅੰਮ੍ਰਿਤਸਰ ਨਾਲ ਰੀਤੀ-ਰਿਵਾਜਾਂ ਅਨੁਸਾਰ ਹੋਇਆ ਸੀ ਅਤੇ ਉਸ ਦਾ ਇਕ ਬੇਟਾ ਗੁਰਬੰਸ ਸਿੰਘ ਹੈ, ਜਿਸ ਦੀ ਉਮਰ ਕਰੀਬ 3 ਸਾਲ ਹੈ। ਉਸ ਦੀ ਪਤਨੀ ਜੋਤੀ ਜਿ?ਆਦਾਤਰ ਆਪਣੇ ਪੇਕੇ ਪਿੰਡ ਹੀ ਰਹਿੰਦੀ ਸੀ ਅਤੇ ਬੀਤੀ 9 ਮਈ ਨੂੰ ਜੋਤੀ ਆਪਣੀ ਭੈਣ ਸੋਨੀਆ ਨਾਲ ਉਸ ਦੇ ਪਿੰਡ ਰਸੂਲਪੁਰ ਆਈ ਅਤੇ ਕੁਝ ਘੰਟੇ ਇਥੇ ਰਹੀਆਂ ਤੇ ਘਰ ਦੀ ਸਫਾਈ ਵਗੈਰਾ ਕਰਕੇ ਕਰੀਬ 5.30 ਸਾਮ ਵਜੇ ਦੋਵੇਂ ਆਪਣੇ ਪੇਕੇ ਪਿੰਡ ਕੋਟ ਖਾਲਸਾ ਚੱਲੀਆਂ ਗਈਆਂ। 12 ਮਈ ਨੂੰ ਉਸ ਨੇ ਆਪਣੇ ਫੋਨ ਤੋਂ ਆਪਣੀ ਘਰਵਾਲੀ ਦੇ ਮੋਬਾਇਲ ਨੰਬਰ 'ਤੇ ਫੋਨ ਕੀਤਾ ਅਤੇ ਉਸ ਨੇ ਪੁੱਛਿਆ ਕਿ ਜੋਤੀ ਤੂੰ ਕਿਥੇ ਤਾਂ ਜੋਤੀ ਨੇ ਕਿਹਾ ਕਿ ਮੈਂ ਪਠਾਨਕੋਟ ਹਾਂ ਅਤੇ ਕਿਹਾ ਕਿ ਜੇਕਰ ਮੈਂ ਟਾਈਮ ਨਾਲ ਆ ਗਈ ਤਾਂ ਘਰ ਆ ਜਾਵਾਂਗੀ ਨਹੀਂ ਤਾਂ ਮੈਂ ਮੰਗਲਵਾਰ ਘਰ ਆਵਾਂਗੀ ਪਰ ਉਸ ਦੀ ਘਰਵਾਲੀ ਜੋਤੀ ਘਰ ਵਾਪਸ ਨਹੀਂ ਆਈ। ਉਸ ਦੀ ਘਰਵਾਲੀ ਜੋਤੀ ਦੇ ਕਈ ਵਿਅਕਤੀਆਂ ਨਾਲ ਨਾਜਾਇਜ ਸੰਬੰਧ ਸਨ ਅਤੇ ਉਹ ਨਸਾ ਵਗੈਰਾ ਵੀ ਕਰਦੀ ਸੀ। ਬੀਤੇ ਦਿਨ ਉਸ ਦੀ ਸਾਲੀ ਸੋਨੀਆ ਨੇ ਉਸ ਨੂੰ ਫੋਨ ਕਰਕੇ ਦੱਸਿਆ ਕਿ ਜੋਤੀ ਦੀ ਇਕ ਸਹੇਲੀ ਸਿਮਰਨ ਹੈ, ਜਿਸ ਨਾਲ ਉਹ 10 ਮਈ ਨੂੰ ਘਰੋਂ ਗਈ ਸੀ, ਉਸ ਨੂੰ ਉਸ ਦੀ ਸਾਲੀ ਸੋਨੀਆ ਦਾ ਫੋਨ ਆਇਆ ਕਿ ਜੋਤੀ ਨਾਲ ਕੋਈ ਮਾੜੀ ਘਟਨਾ ਵਾਪਰੀ ਹੈ। ਆਪਾਂ ਨੇ ਬਿਆਸ ਦਰਿਆ ਲਾਗੇ ਥਾਣਾ ਢਿੱਲਵਾਂ ਦੇ ਏਰੀਆ ਵਿਚ ਜਾਣਾ ਹੈ, ਜਿਸ 'ਤੇ ਉਸ ਨੇ ਸਮੇਤ ਆਪਣੀ ਸਾਲੀ ਅਤੇ ਸਾਂਢੂ ਗੁਰਪ੍ਰੀਤ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਦਾਸੂਵਾਲ ਥਾਣਾ ਵਲੋਟਹਾ ਜਿ?ਲ੍ਹਾ ਤਰਨਤਾਰਨ ਅਤੇ ਹੋਰ ਰਿਸਤੇਦਾਰਾਂ ਦੇ ਬਿਆਸ ਦਰਿਆ ਲਾਗੇ ਆ ਕੇ ਵੇਖਿਆ ਕਿ ਉਸ ਦੀ ਘਰਵਾਲੀ ਜੋਤੀ ਦੀ ਲਾਸ ਪਈ ਸੀ, ਜਿਸ ਦੇ ਸਿਰ ਦੇ ਉੱਪਰ ਕਾਫੀ ਡੂੰਘੀ ਸੱਟ ਲੱਗੀ ਹੋਈ ਸੀ। ਉਸ ਨੂੰ ਯਕੀਨ ਹੈ ਕਿ ਉਸ ਦੀ ਘਰਵਾਲੀ ਜੋਤੀ ਦਾ ਕਤਲ ਕੀਤਾ ਗਿਆ ਹੈ ਅਤੇ ਲਾਸ ਖੁਰਦ-ਬੁਰਦ ਕਰਨ ਲਈ ਬਿਆਸ ਦਰਿਆ ਲਾਗੇ ਆ ਕੇ ਸੁੱਟ ਦਿੱਤੀ। ਥਾਣਾ ਢਿੱਲਵਾਂ ਦੀ ਪੁਲਸ ਨੇ ਮਹਿਲਾ ਸਮੇਤ 3 ਖਿ?ਲਾਫ ਕੇਸ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਇਸ ਮੌਕੇ ਡੀ. ਐੱਸ. ਪੀ. ਸੁਰਿੰਦਰਪਾਲ ਧੋਗੜੀ ਅਤੇ ਢਿੱਲਵਾਂ ਥਾਣੇ ਦੇ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਮੁਲਜਮਾਂ ਨੂੰ ਫੜਨ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਦੋਸੀ ਜਲਦੀ ਹੀ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੋਣਗੇ।

## ਫਾਜ਼ਿਲਕਾ 'ਚ ਲਿਫਟਿੰਗ ਨਾ ਹੋਣ ਕਾਰਨ ਕਮਿਸ਼ਨ ਏਜੰਟਾਂ 'ਚ ਹੰਗਾਮਾ

ਫਾਜ਼ਿਲਕਾ 20 ਮਈ। ਫਾਜ਼ਿਲਕਾ ਦੀ ਅਨਾਜ ਮੰਡੀ 'ਚ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਆਂ ਐਸੋਸੀਏਸ਼ਨ ਨੇ ਫਾਜ਼ਿਲਕਾ-ਫਿਰੋਜ਼ਪੁਰ ਨੈਸ਼ਨਲ ਹਾਈਵੇਅ 'ਤੇ ਜਾਮ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ। ਰੋਹ ਵਿਚ ਆ ਕੇ ਦਲਾਲਾਂ ਨੇ ਅਨਾਜ ਮੰਡੀ ਨੇੜੇ ਫਲਾਈਓਵਰ 'ਤੇ ਟੈਂਟ ਲਗਾ ਕੇ ਪੱਕੇ ਤੌਰ 'ਤੇ ਹੜਤਾਲ ਕਰ ਦਿੱਤੀ ਹੈ। ਆੜ੍ਹਤੀਆਂ ਦਾ ਕਹਿਣਾ ਹੈ ਕਿ ਪਿਛਲੇ ਕਈ ਦਿਨਾਂ ਤੋਂ ਲਿਫਟਿੰਗ ਨਾ ਹੋਣ ਕਾਰਨ ਉਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੀ ਗੱਲ ਵੀ ਕੋਈ ਨਹੀਂ ਸੁਣ ਰਿਹਾ। ਜਾਣਕਾਰੀ ਦਿੰਦਿਆਂ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਮਨ ਸਚਦੇਵਾ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਲਿਫਟਿੰਗ ਨਹੀਂ ਹੋ ਰਹੀ। ਜਿਸ ਕਾਰਨ ਕਮਿਸ਼ਨ ਏਜੰਟ ਕਾਫੀ ਪਰੇਸ਼ਾਨ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਨੇ ਦਾਅਵਾ ਕੀਤਾ ਸੀ ਕਿ ਰੋਜ਼ਾਨਾ 1 ਲੱਖ ਬੋਰੀਆਂ ਕਣਕ ਦੀ ਚੁਕਾਈ ਕੀਤੀ ਜਾਵੇਗੀ। ਪਰ ਅਜਿਹਾ ਕੁਝ ਨਹੀਂ ਹੋ ਰਿਹਾ। ਜਿਸ ਕਾਰਨ ਅਨਾਜ ਮੰਡੀ ਨੇੜੇ ਫਲਾਈਓਵਰ 'ਤੇ ਇਕੱਠੇ ਹੋਏ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਟੈਂਟ ਲਾ ਕੇ ਆਵਾਜਾਈ ਜਾਮ ਕਰ ਦਿੱਤਾ ਹੈ। ਰਮਨ ਸਚਦੇਵਾ ਦਾ ਕਹਿਣਾ ਹੈ ਕਿ ਹੁਣ ਪ੍ਰਸ਼ਾਸਨ ਉਨ੍ਹਾਂ ਕੋਲ ਆਵੇਗਾ ਅਤੇ ਸਮੱਸਿਆ ਦਾ ਹੱਲ ਹੋਣ ਤੋਂ ਬਾਅਦ ਹੀ ਹੜਤਾਲ ਹਟਾਈ ਜਾਵੇਗੀ। ਇਹ ਸ਼ਰਤ ਇਹ ਵੀ ਰੱਖੀ ਗਈ ਕਿ ਜੋ ਵੀ ਆੜ੍ਹਤੀ, ਐਸੋਸੀਏਸ਼ਨ ਦੇ ਇਸ ਧਰਨੇ ਵਿੱਚ ਹਿੱਸਾ ਨਹੀਂ ਲੈਣਗੇ। ਉਹ ਫਸਲ ਦੌਰਾਨ ਹੋਣ ਵਾਲੀ ਘਾਟ ਲਈ ਖੁਦ ਹੀ ਜ਼ਿੰਮੇਵਾਰ ਹੋਵੇਗਾ। ਐਸੋਸੀਏਸ਼ਨ ਉਸ ਦਾ ਸਮਰਥਨ ਨਹੀਂ ਕਰੇਗੀ। ਦੂਜੇ ਪਾਸੇ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ: ਸੇਨੂੰ ਦੁੱਗਲ ਦਾ ਕਹਿਣਾ ਹੈ ਕਿ ਕਮਿਸ਼ਨ ਏਜੰਟ ਐਸੋਸੀਏਸ਼ਨ ਨੇ ਪ੍ਰਸ਼ਾਸਨ ਨੂੰ ਸਮੱਸਿਆ ਦੀ ਜਾਣਕਾਰੀ ਦਿੱਤੇ ਬਿਨਾਂ ਹੀ ਹੜਤਾਲ ਕੀਤੀ ਹੈ। ਜਦਕਿ ਲਿਫਟਿੰਗ ਰੋਜ਼ਾਨਾ ਹੋ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਦੱਸ ਦੇਈਏ ਕਿ ਫਾਜ਼ਿਲਕਾ ਦੀ ਅਨਾਜ ਮੰਡੀ ਵਿੱਚ ਹੁਣ ਤੱਕ 17 ਲੱਖ ਵਿੱਚੋਂ 11 ਲੱਖ ਤੋਂ ਵੱਧ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਹੋ ਚੁੱਕੀ ਹੈ। ਪਿਛਲੇ ਕੁਝ ਦਿਨਾਂ ਤੋਂ ਪਏ ਮੀਂਹ ਤੋਂ ਬਾਅਦ ਲਿਫਟਿੰਗ ਦਾ ਕੰਮ ਮੱਠਾ ਪੈ ਗਿਆ। ਫਾਜ਼ਿਲਕਾ ਦੀ ਅਨਾਜ ਮੰਡੀ ਵਿੱਚ ਅਜੇ ਤੱਕ ਸਾਢੇ ਪੰਜ ਲੱਖ ਤੋਂ ਵੱਧ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਹੋਣੀ ਬਾਕੀ ਹੈ।

## ਚੋਣਾਂ ਦੀ ਆੜ 'ਚ ਸਿਹਤ ਵਿਭਾਗ ਹਲਵਾਈਆਂ, ਹੋਟਲਾਂ ਤੇ ਰੈਸਟੋਰੈਂਟਾਂ 'ਤੇ ਮਿਹਰਬਾਨ

ਲੁਧਿਆਣਾ 20 ਮਈ। ਚੋਣਾਂ ਦੇ ਰੌਲੇ 'ਚ ਸਿਹਤ ਵਿਭਾਗ ਦਾ ਫੂਡ ਵਿੰਗ ਹਲਵਾਈਆਂ, ਹੋਟਲ ਅਤੇ ਰੈਸਟੋਰੈਂਟ ਮਾਲਕਾਂ 'ਤੇ ਕਾਫੀ ਮਿਹਰਬਾਨ ਨਜਰ ਆ ਰਿਹਾ ਹੈ। ਇਸ ਕਾਰਨ ਚੋਣਾਂ ਦੀ ਆੜ 'ਚ ਨਾ ਤਾਂ ਮਠਿਆਈਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ, ਨਾ ਹੀ ਹੋਟਲਾਂ ਅਤੇ ਰੈਸਟੋਰੈਂਟਾਂ 'ਚ ਪਦਾਰਥਾਂ ਦੇ ਸੈਂਪਲ ਲਏ ਜਾ ਰਹੇ ਹਨ। ਕਈ ਵਾਰ ਜਿ?ਲ੍ਹਾ ਸਿਹਤ ਅਧਿਕਾਰੀਆਂ ਨੂੰ ਕਿਹਾ ਹੈ ਪਰ ਹਦਾਇਤਾਂ ਅਨੁਸਾਰ ਭੋਜਨ ਦੇ ਸੈਂਪਲ ਨਹੀਂ ਲਏ ਜਾ ਰਹੇ ਹਨ। ਇਸ ਤੋਂ ਇਲਾਵਾ ਲੰਬੇ ਸਮੇਂ ਤੋਂ ਰੈਸਟੋਰੈਂਟ ਅਤੇ ਹੋਟਲਾਂ ਦੇ ਖਾਣੇ ਦੇ ਸੈਂਪਲ ਨਹੀਂ ਲਏ ਗਏ ਤਾਂ ਉਨ੍ਹਾਂ ਕਿਹਾ ਕਿ ਚੋਣਾਂ ਚੱਲ ਰਹੀਆਂ ਹਨ, ਜਦੋਂ ਕਿ ਦੂਜੇ ਪਾਸੇ ਲੋਕਾਂ ਦਾ ਕਹਿਣਾ ਹੈ ਕਿ ਖਾਣੇ ਦੇ ਸੈਂਪਲ ਲੈਣ ਦਾ ਕੰਮ ਲਗਾਤਾਰ ਜਾਰੀ ਰੱਖਿਆ ਜਾਵੇ। ਕਿਸੇ ਸ਼ਿ?ਕਾਇਤ ਦੇ ਆਧਾਰ 'ਤੇ ਨਹੀਂ ਸਗੋਂ ਰੂਟੀਨ ਅਨੁਸਾਰ ਇਹ ਕੰਮ ਜਾਰੀ ਰੱਖਿਆ ਜਾਣਾ ਚਾਹੀਦਾ ਹੈ, ਤਾਂ ਜੋ ਪਤਾ ਲੱਗ ਸਕੇ ਕਿ ਕਿਹੜੇ-ਕਿਹੜੇ ਖਾਣ-ਪੀਣ ਦੀਆਂ ਵਸਤੂਆਂ 'ਚ ਮਿਲਾਵਟ ਹੈ ਅਤੇ ਅਸਲ 'ਚ ਕੌਣ-



ਕੌਣ ਵੇਚ ਰਿਹਾ ਹੈ। ਇਸ ਨਾਲ ਉਨ੍ਹਾਂ ਦੀ ਵਿਕਰੀ 'ਚ ਫਰਕ ਪੈਂਦਾ ਹੈ, ਜਦੋਂ ਕਿ ਬਾਕੀ ਸਾਲ ਉਨ੍ਹਾਂ ਦੇ ਸਥਾਨਾਂ 'ਤੇ ਵੱਡੇ ਪੱਧਰ 'ਤੇ ਸੈਂਪਲਿੰਗ ਨਹੀਂ ਕੀਤੀ ਜਾਂਦੀ, ਜਦਕਿ ਦੂਜੇ ਪਾਸੇ ਉੱਚ ਅਧਿਕਾਰੀਆਂ ਦਾ ਮੰਨਣਾ ਹੈ ਕਿ ਤਿਉਹਾਰਾਂ ਦੌਰਾਨ ਮਿਲਾਵਟਖੋਰੀ ਦੀ ਸੰਭਾਵਨਾ ਵੱਧ ਜਾਂਦੀ ਹੈ, ਇਸ ਲਈ ਨਮੂਨੇ ਦੀ ਜਾਂਚ ਜਰੂਰੀ ਹੋ ਜਾਂਦੀ ਹੈ ਪਰ ਹੁਣ ਮਿਲਾਵਟਖੋਰਾਂ ਨੂੰ ਫੜ੍ਹਨ ਲਈ ਹਰ ਮਹੀਨੇ ਸੈਂਪਲ ਲਏ ਜਾਣਗੇ ਪਰ ਅਮਲੀ ਤੌਰ 'ਤੇ ਇਹ ਪੜਾਅ ਅਜੇ ਸੂਰੂ ਨਹੀਂ ਹੋਇਆ ਹੈ ਕਿਉਂਕਿ ਹੋਟਲ ਅਤੇ ਰੈਸਟੋਰੈਂਟ ਅਜੇ ਵੀ ਭੋਜਨ ਦੇ ਸੈਂਪਲਿੰਗ ਤੋਂ ਅਛੂਤੇ ਹਨ।

## ਬੰਦ ਘਰ ਨੂੰ ਚੋਰਾਂ ਨੇ ਬਣਾਇਆ ਨਿਸਾਨਾ, ਨਕਦੀ ਸਣੇ ਹੋਰ ਸਾਮਾਨ ਲੈ ਕੇ ਹੋਏ ਫਰਾਰ

ਦੀਨਾਨਗਰ 20 ਮਈ। ਚੋਰਾਂ ਨੇ ਸਥਾਨਕ ਜਲਕੜੀ ਗਲੀ ਵਿਚ ਇਕ ਬੰਦ ਘਰ ਨੂੰ ਨਿਸਾਨਾ ਬਣਾ ਕੇ ਘਰ ਵਿਚੋਂ ਗਹਿਣੇ ਅਤੇ ਹੋਰ ਸਾਰਾ ਸਾਮਾਨ ਚੋਰੀ ਕਰ ਲਿਆ। ਕਮਲੇਸ ਸਰਮਾ ਪਤਨੀ ਸਵ. ਸੁਭਾਸ ਚੰਦਰ ਸਰਮਾ ਵਾਸੀ ਜਲਕੜੀ ਵਾਲੀ ਗਲੀ ਅਵਾਂਖੀ ਗੇਟ ਨੇ ਦੱਸਿਆ ਕਿ ਪਿਛਲੇ




ਕਾਫੀ ਸਮੇਂ ਤੋਂ ਬਿਮਾਰ ਹੋਣ ਕਾਰਨ ਉਹ ਆਪਣੀ ਕੁੜੀ ਕੋਲ ਅੰਮ੍ਰਿਤਸਰ ਵਿਖੇ ਇਲਾਜ ਲਈ ਠਹਿਰੀ ਹੋਈ ਸੀ ਅਤੇ ਕਾਫੀ ਸਮੇਂ ਬਾਅਦ ਅੱਜ ਜਦੋਂ ਉਹ ਆਪਣੇ ਪਰਿਵਾਰ ਸਮੇਤ ਘਰ ਵਾਪਸ ਆਈ ਤਾਂ ਦੇਖਿਆ ਕਿ ਘਰ ਦਾ ਸਾਰਾ ਸਾਮਾਨ ਗਾਇਬ ਸੀ। ਉਨ੍ਹ ਦੱਸਿਆ ਕਿ ਚੋਰ ਘਰ ਵਿਚੋਂ ਦੋ ਗੈਸ ਸਿਲੰਡਰ, ਦੋ ਸੋਨੇ ਦੀਆਂ ਵਾਲੀਆਂ, 10 ਹਜਾਰ ਰੁਪਏ ਦੀ ਨਕਦੀ, ਪਿੱਤਲ, ਤਾਂਬਾ ਤੇ ਐਲੂਮੀਨੀਅਮ ਦੇ ਸਾਰੇ ਬਰਤਨ, ਇਨਵਰਟਰ ਬੈਟਰੀਆਂ, ਬਿਜਲੀ ਦਾ ਸਾਰਾ ਸਾਮਾਨ ਤੇ ਹੋਰ ਘਰੇਲੂ ਸਾਮਾਨ ਲੈ ਕੇ ਫਰਾਰ ਹੋ ਗਏ ਪੀੜਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੇ ਘਰ ਨੂੰ ਚੋਰਾਂ ਵੱਲੋਂ ਨਿਸਾਨਾ ਬਣਾਇਆ ਗਿਆ ਸੀ। ਚੋਰੀ ਦੀ ਘਟਨਾ ਸਬੰਧੀ ਪੀੜਤ ਔਰਤ ਨੇ ਸਥਾਨਕ ਪੁਲਸ ਨੂੰ ਸ਼ਿ?ਕਾਇਤ ਦੇ ਦਿੱਤੀ ਹੈ।

## 50 ਘੰਟਿਆਂ ਬਾਅਦ ਨਹਿਰ 'ਚੋਂ ਬਰਾਮਦ ਹੋਈ 14 ਸਾਲਾ ਬੱਚੇ ਦੀ ਲਾਸ਼

ਭੀਖੀ 20 ਮਈ। ਸਥਾਨਕ ਸੁਨਾਮ ਰੋਡ 'ਤੇ ਨਹਿਰ ਵਿਚ ਪਿਛਲੀ 10 ਮਈ ਨੂੰ ਦੁਪਹਿਰ ਵੇਲੇ ਪਿੰਡ ਮੋਹਰ ਸਿੰਘ ਵਾਲਾ ਦੇ 14 ਸਾਲਾਂ ਹੈਪੀ ਸਿੰਘ ਪੁੱਤਰ ਮਲਕੀਤ ਸਿੰਘ ਦੇ ਨਹਿਰ ਵਿਚ ਡਿੱਗ ਜਾਣ ਦੀ ਸੂਚਨਾ ਮਿਲੀ ਸੀ। ਬੱਚੇ ਦੀ ਭਾਲ ਕਰ ਰਹੇ ਲੋਕਾਂ ਨੂੰ ਅੱਜ ਉਸ ਸਮੇਂ ਸਫਲਤਾ ਮਿਲੀ, ਜਦੋਂ 50 ਘੰਟਿਆਂ ਤੋਂ ਬਾਅਦ ਉਸ ਦੀ ਲਾਸ਼ ਪਿੰਡ ਕਿਸ਼ਨਗੜ੍ਹ ਫਰਮਾਹੀ ਲਾਗਿਉਂ ਉਕਤ ਨਹਿਰ ਵਿੱਚੋਂ ਬਰਾਮਦ ਹੋਈ। ਪਿੰਡ ਫਰਮਾਹੀ ਕੋਲ ਉਕਤ ਨਹਿਰ ਦੇ ਜੌੜੇ ਪੁਲ ਪੈਂਦੇ ਹਨ, ਜਿੱਥੋਂ ਇਸ ਦੇ 2 ਸੂਏ ਬਣ ਜਾਂਦੇ ਹਨ। ਦੱਸਣਯੋਗ ਹੈ ਕਿ ਉਕਤ ਲਾਪਤਾ ਬੱਚੇ ਹੈਪੀ ਸਿੰਘ ਦਾ ਮ੍ਰਿਤਕ ਸਰੀਰ ਫਰਮਾਹੀ ਤੋਂ ਬੱਪੀਆਣਾ ਵਾਲੇ ਪਾਸਿਉਂ ਮਿਲਿਆ ਹੈ। ਲਾਪਤਾ ਹੈਪੀ



ਸਿੰਘ ਦੀ ਭਾਲ ਕਰਨ ਲਈ ਐੱਨ. ਡੀ. ਆਰ. ਐੱਫ. ਦੀ ਟੀਮ ਪਰਸੋਂ ਤੋਂ ਕੰਮ ਵਿਚ ਲੱਗੀ ਹੋਈ ਸੀ ਪਰ ਹੈਪੀ ਸਿੰਘ ਦਾ ਕੋਈ ਸੁਰਾਗ ਨਹੀਂ ਲੱਗਾ। ਉਸ ਦੇ ਨਾ ਮਿਲਣ 'ਤੇ ਭੀਖੀ ਪੁਲਸ ਦੇ ਸਹਾਇਕ ਥਾਣੇਦਾਰ ਦਲਜੀਤ ਸਿੰਘ ਅਤੇ ਮੁੱਖ ਮੁਨਸ਼ੀ ਮਨਦੀਪ ਸਿੰਘ ਵੱਲੋਂ ਐੱਸ. ਐੱਚ. ਓ. ਗੁਰਵੀਰ ਸਿੰਘ ਦੀ ਅਗਵਾਈ ਹੇਠ ਰਾਹਤ ਕਾਰਜ ਜਾਰੀ ਸਨ। ਪਿੰਡ ਵਾਸੀ ਮੱਖਣ ਸਿੰਘ ਨੇ ਦੱਸਿਆ ਕਿ ਹੈਪੀ ਸਿੰਘ ਦੋ ਭੈਣਾਂ ਦਾ ਇਕੱਲਾ ਭਰਾ ਸੀ ਅਤੇ ਉਸਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਉਕਤ ਬੱਚਾ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ। ਇਸ ਮੌਕੇ ਐੱਨ. ਡੀ. ਆਰ. ਐੱਫ. ਦੀ ਟੀਮ ਬਠਿੰਡਾ ਦੇ ਇੰਸਪੈਕਟਰ ਅਮਰਪ੍ਰਤਾਪ ਸਿੰਘ ਨੇ ਦੱਸਿਆ ਕਿ ਸਾਡੀ ਟੀਮ ਵੱਲੋਂ ਪਿਛਲੇ ਦਿਨਾਂ ਤੋਂ ਉਕਤ ਬੱਚੇ ਦੀ ਭਾਲ ਜਾਰੀ ਹੈ। ਉਨ੍ਹਾਂ ਅਜੇ ਦੂਜਾ ਰਾਊਂਡ ਸ਼ੁਰੂ ਕੀਤਾ ਸੀ ਕਿ ਪਿੰਡ ਕਿਸ਼ਨਗੜ੍ਹ ਫਰਮਾਹੀ ਕੋਲੋਂ ਉਕਤ ਬੱਚੇ ਦੀ ਲਾਸ਼ ਮਿਲ ਗਈ।

## ਥਾਰ ਗੱਡੀ 'ਚ ਸਵਾਰ ਸ਼ੱਕੀ ਵਿਅਕਤੀਆਂ ਨੇ ਮਾਰ ਦੇਣ ਦੀ ਨੀਅਤ ਨਾਲ 'ਤੇ ਚੜ੍ਹਾਈ ਗੱਡੀ

ਫਿਰੋਜ਼ਪੁਰ 20 ਮਈ। ਜ਼ਿਲ੍ਹਾ ਫਿਰੋਜ਼ਪੁਰ ਵਿਖੇ ਐੱਸ. ਐੱਸ. ਪੀ. ਸੌਮਿਆ ਮਿਸ਼ਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਸੱਗਗਲਰਾਂ ਵਿਰੁੱਧ ਮੁਹਿੰਮ ਵਿੱਢੀ ਗਈ ਹੈ। ਇਸ ਮੁਹਿੰਮ ਦੌਰਾਨ ਅੰਮ੍ਰਿਤਸਰ ਗੇਟ ਫਿਰੋਜ਼ਪੁਰ ਸ਼ਹਿਰ ਦੇ ਏਰੀਆ 'ਚ ਗਸ਼ਤ ਕਰ ਰਹੇ ਏ. ਐੱਸ. ਆਈ. ਨੇ ਕਾਲੇ ਰੰਗ ਦੀ ਪੰਜਾਬ ਨੰਬਰ ਵਾਲੀ ਥਾਰ ਵਿਚ ਸਵਾਰ ਵਿਅਕਤੀਆਂ ਨੂੰ ਗੱਡੀ ਰੋਕਣ ਦਾ ਇਸ਼ਾਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਏ. ਐੱਸ. ਆਈ. ਉਪਰ ਮਾਰ ਦੇਣ ਦੀ ਨੀਅਤ ਨਾਲ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਫਰਾਰ ਹੋ ਗਏ, ਜਿਨ੍ਹਾਂ ਦੀ ਪੁਲਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਏ. ਐੱਸ. ਆਈ. ਸ਼ਰਮਾ ਸਿੰਘ ਨੇ ਦੱਸਿਆ ਕਿ ਜਦੋਂ ਸੀ. ਆਈ. ਏ. ਸਟਾਫ ਫਿਰੋਜ਼ਪੁਰ ਦੀ ਪੁਲਸ ਪਾਰਟੀ ਏ. ਐੱਸ. ਆਈ. ਗੁਰਮੀਤ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਗੇਟ ਤੋਂ ਥੋੜਾ ਅੱਗੇ ਪਹੁੰਚੀ ਤਾਂ ਪੁਲਸ ਪਾਰਟੀ ਨੇ ਪੰਜਾਬ ਨੰਬਰ ਦੀ ਇਕ ਥਾਰ ਗੱਡੀ ਵਿਚ ਸ਼ੱਕੀ ਵਿਅਕਤੀ ਦੇਖੇ। ਉਕਤ ਵਿਅਕਤੀ ਮੋਟਰਸਾਈਕਲ ਸਵਾਰ ਦੋ ਸ਼ੱਕੀ



ਵਿਅਕਤੀਆਂ ਤੋਂ ਕੋਈ ਚੀਜ਼ ਲੈ ਰਹੇ ਸਨ, ਜਿਹਨਾਂ ਨੂੰ ਦੇਖਦੇ ਹੀ ਪੁਲਸ ਪਾਰਟੀ ਨੇ ਉਨ੍ਹਾਂ ਨੂੰ ਗੱਡੀ ਰੋਕਣ ਦਾ ਇਸ਼ਾਰਾ ਕੀਤਾ। ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਪੁਲਸ ਨੂੰ ਦੇਖਦੇ ਹੀ ਆਪਣਾ ਮੋਟਰਸਾਈਕਲ ਭਜਾ ਲਿਆ। ਇਸ ਦੌਰਾਨ ਏ. ਐੱਸ. ਆਈ. ਗੁਰਮੀਤ ਸਿੰਘ ਨੇ ਗੱਡੀ ਤੋਂ ਉਤਰ ਕੇ ਥਾਰ ਗੱਡੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਥਾਰ ਗੱਡੀ ਵਿਚ ਸਵਾਰ ਅਣਪਛਾਤੇ ਵਿਅਕਤੀਆਂ ਨੇ ਏ. ਐੱਸ. ਆਈ. ਗੁਰਮੀਤ ਸਿੰਘ ਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਉਸ 'ਤੇ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਏ. ਐੱਸ. ਆਈ. ਨੇ ਆਪਣੇ ਬਚਾਅ ਅਤੇ ਪਬਲਿਕ ਸੇਫਟੀ ਨੂੰ ਦੇਖਦੇ ਹੋਏ ਆਪਣੇ ਸਰਵਿਸ ਰਿਵਾਲਵਰ ਨਾਲ ਥਾਰ ਗੱਡੀ ਦੇ ਟਾਇਰ 'ਤੇ ਗੋਲੀ ਮਾਰ ਦਿੱਤੀ ਤਾਂ ਜੋ ਗੱਡੀ ਰੁਕ ਜਾਵੇ। ਗੋਲੀ ਚਲਾਉਣ ਦੇ ਬਾਵਜੂਦ ਥਾਰ ਗੱਡੀ 'ਚ ਸਵਾਰ ਵਿਅਕਤੀ ਗੱਡੀ ਭਜਾ ਕੇ ਲੈ ਗਏ। ਉਨ੍ਹਾਂ ਨੇ ਦੱਸਿਆ ਕਿ ਇਸ ਗੱਡੀ ਨੂੰ ਟਰੇਸ ਕੀਤਾ ਜਾ ਰਿਹਾ ਹੈ ਅਤੇ ਮੁਲਜਮਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।

## ਚਾਰ ਬੱਚਿਆਂ ਦੇ ਸਿਰੋਂ ਉਠਿਆ ਮਾਂ ਦਾ ਹੱਥ, ਨਿੱਕੀ ਜਿਹੀ ਗੱਲ 'ਤੇ ਪਤੀ ਨੇ ਕਰ ਦਿੱਤਾ ਕਤਲ

ਕੋਟਕਪੂਰਾ 20 ਮਈ। ਕੋਟਕਪੂਰਾ ਦੇ ਮੁਹੱਲਾ ਨਿਰਮਾਣਪੁਰਾ ਵਿਚ ਇਕ ਪ੍ਰਵਾਸੀ ਵਿਅਕਤੀ ਵੱਲੋਂ ਆਪਣੀ ਪਤਨੀ ਦਾ ਗਲ ਘੁੱਟ ਕੇ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ ਹੈ। ਇਸ ਮਾਮਲੇ ਵਿਚ ਥਾਣਾ ਸਿਟੀ ਪੁਲਸ ਨੇ ਮ੍ਰਿਤਕਾ ਦੇ ਭਰਾ ਦੀ ਸ਼ਿ?ਕਾਇਤ ਤੋਂ ਬਾਅਦ ਸੰਦੀਪ ਕੁਮਾਰ ਨਾਮਕ ਮਜਦੂਰ ਖਿ?ਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਸੰਦੀਪ ਕੁਮਾਰ ਨਿਰਮਾਣਪੁਰਾ ਵਿਚ ਆਪਣੀ ਘਰਵਾਲੀ ਰੀਨਾ ਰਾਣੀ ਅਤੇ ਚਾਰ ਬੱਚਿਆਂ ਨਾਲ ਰਹਿੰਦਾ ਸ, ਜਿੱਥੇ ਕਿ ਉਹ ਆਪਣੀ ਘਰਵਾਲੀ ਨੂੰ ਤੰਗ ਪਰੇਸਾਨ ਕਰ ਰਿਹਾ ਸੀ ਅਤੇ ਉਸ ਪਾਸੋਂ ਸਰਾਬ ਪੀਣ ਲਈ ਪੈਸਿਆਂ ਦੀ ਡਿਮਾਂਡ ਕਰਦਾ ਸੀ। ਇੱਕ ਦਿਨ ਪਹਿਲਾਂ ਵੀ ਉਸ ਵੱਲੋਂ ਆਪਣੀ ਪਤਨੀ ਤੋਂ ਸਰਾਬ ਲਈ ਪੈਸਿਆਂ ਦੀ ਮੰਗ ਕੀਤੀ ਗਈ ਅਤੇ ਜਦ ਉਸਨੇ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਉਸ ਨੇ ਮਾਰਕੁੱਟ ਕੀਤੀ ਅਤੇ ਚੁੰਨੀ ਨਾਲ ਗਲ ਘੁੱਟ ਕੇ ਉਸਦਾ ਕਤਲ ਕਰ ਦਿੱਤਾ। ਇਸ ਪੂਰੇ ਮਾਮਲੇ ਵਿਚ ਮ੍ਰਿਤਕਾ ਦੇ ਭਰਾ ਰਾਮਤਾਂਤੀ ਨੇ ਪੁਲਸ ਪ੍ਰਸਾਸਨ ਤੋਂ ਇਨਸਾਫ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਸੰਦੀਪ ਕੁਮਾਰ ਉਸਦੀ ਭੈਣ ਨੂੰ ਤੰਗ ਪਰੇਸਾਨ ਕਰ ਰਿਹਾ ਸੀ। ਇਸ ਮਾਮਲੇ ਵਿਚ ਜਾਂਚ ਅਧਿਕਾਰੀ ਨੇ ਕਿਹਾ ਕਿ ਪੁਲਸ ਨੇ ਸ਼ਿ?ਕਾਇਤ ਤੋਂ ਬਾਅਦ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਬਾਰਡਰ ਰੇਂਜ ਦੀ ਵੱਡੀ ਕਾਰਵਾਈ, 16,850 ਲਿਟਰ ਲਾਹਣ ਤੇ ਨਸੀਲੇ ਪਦਾਰਥ ਸਮੇਤ 13 ਗ੍ਰਿਫਤਾਰ

ਅੰਮ੍ਰਿਤਸਰ 20 ਮਈ। ਅੰਮ੍ਰਿਤਸਰ ਬਾਰਡਰ ਰੇਂਜ ਪੁਲਸ ਨੇ ਅਪਰਾਧਿਕ ਅਨਸਰਾਂ ਖਿ?ਲਾਫ ਸਖਤ ਕਾਰਵਾਈ ਕਰਦੇ ਹੋਏ ਭਾਰੀ ਮਾਤਰਾ 'ਚ ਨਾਜਾਇਜ ਸਰਾਬ ਅਤੇ ਨਸੀਲੇ ਪਦਾਰਥ ਬਰਾਮਦ ਕੀਤੇ ਹਨ। ਇਸ ਦੌਰਾਨ ਪੁਲਸ ਨੇ 17 ਕੇਸ ਦਰਜ ਕਰ ਕੇ 13 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਦੀ ਸਖਤ ਕਾਰਵਾਈ ਕਾਰਨ ਅੱਜ 4 ਜਿ?ਲ੍ਹਿਆਂ 'ਚ ਅਪਰਾਧਿਕ ਲੋਕਾਂ 'ਚ ਦਹਿਸਤ ਦਾ ਮਾਹੌਲ ਹੈ। ਬੀਤੇ ਦਿਨ ਐਤਵਾਰ ਨੂੰ ਅੰਮ੍ਰਿਤਸਰ ਬਾਰਡਰ ਰੇਂਜ ਅਧੀਨ ਆਉਂਦੇ ਜਿ?ਲ੍ਹਿਆਂ ਦੀਆਂ ਪੁਲਸ ਟੀਮਾਂ ਨੇ ਵੱਖ-ਵੱਖ ਥਾਵਾਂ 'ਤੇ ਇਹ ਕਾਰਵਾਈ ਕੀਤੀ। ਇਨ੍ਹਾਂ ਚਾਰ ਪੁਲਸ ਜਿ?ਲ੍ਹਿਆਂ 'ਚ ਅੰਮ੍ਰਿਤਸਰ ਦਿਹਾਤੀ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਸਾਮਲ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਮ੍ਰਿਤਸਰ ਬਾਰਡਰ ਰੇਂਜ ਪੁਲਸ ਦੇ ਕੈਪਟਨ ਡੀ. ਆਈ. ਜੀ. ਰਾਕੇਸ ਕੌਸਲ ਨੇ ਦੱਸਿਆ ਕਿ ਇਸ ਮੁਹਿੰਮ 'ਚ ਐੱਸ. ਐੱਸ. ਪੀ. ਪਠਾਨਕੋਟ ਸੋਹੇਲ ਕਾਸਿਮ ਮੀਰ, ਪਠਾਨਕੋਟ ਤੋਂ ਦਾਇਮਾ ਹਰੀਸ ਕੁਮਾਰ, ਬਟਾਲਾ ਤੋਂ ਅਸਵਿਨੀ ਗੋਟਿਆਲ ਅਤੇ ਅੰਮ੍ਰਿਤਸਰ ਦਿਹਾਤੀ ਤੋਂ ਸਤਿੰਦਰ ਸਿੰਘ



ਫੀਲਡ 'ਚ ਜਾਣ ਵਾਲੀਆਂ ਟੀਮਾਂ ਨੂੰ ਕਮਾਂਡ ਦੇ ਰਹੇ ਸਨ। ਡੀ. ਆਈ. ਜੀ. ਨੇ ਦੱਸਿਆ ਕਿ 4 ਜਿ?ਲ੍ਹਿਆਂ ਦੀ ਸਾਂਝੀ ਕਾਰਵਾਈ ਕਰ ਕੇ 2.87 ਲੱਖ ਐੱਮ. ਐੱਲ. ਨਾਜਾਇਜ ਸਰਾਬ, 16 ਹਜਾਰ 850 ਲਿਟਰ ਲਾਹਣ, 159 ਨਸੀਲੀਆਂ ਗੋਲੀਆਂ ਅਤੇ ਅਪਰਾਧਿਕ ਗਤੀਵਿਧੀਆਂ 'ਚ ਵਰਤੀ ਜਾਂਦੀ ਇਕ ਗੱਡੀ ਬਰਾਮਦ ਕੀਤੀ ਹੈ। ਉਥੇ ਕੁਝ ਥਾਵਾਂ 'ਤੇ ਚੱਲ ਰਹੀਆਂ ਸਰਾਬ ਦੀਆਂ ਭੱਠੀਆਂ ਨੂੰ ਵੀ ਨਸਟ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਰਹੱਦੀ ਰੇਂਜ ਅਧੀਨ ਆਉਂਦੇ ਦਿਹਾਤੀ ਖੇਤਰਾਂ 'ਚ ਜਨਤਾ ਅਤੇ ਪੁਲਸ ਦਰਮਿਆਨ ਬਰਾਬਰ ਤਾਲਮੇਲ ਕਾਇਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਲੋਕਾਂ ਨੂੰ ਲਗਾਤਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀਆਂ ਅਪਰਾਧਿਕ ਗਤੀਵਿਧੀਆਂ ਦੇਖਦੇ ਹਨ ਤਾਂ ਤੁਰੰਤ ਪੁਲਸ ਨਾਲ ਸੰਪਰਕ ਕਰਨ। ਇਸ ਲਈ ਸਾਰੇ ਜਿ?ਲ੍ਹਿਆਂ ਦੇ ਐੱਸ. ਐੱਸ. ਪੀ. ਪੂਰੀ ਤਰ੍ਹਾਂ ਸਰਗਰਮ ਹਨ ਅਤੇ ਪੁਲਸ ਦੀਆਂ ਵਿਸੇਸ ਟੀਮਾਂ ਫੀਲਡ 'ਚ ਹਨ। ਇੱਥੋਂ ਤੱਕ ਕਿ ਪੰਜਾਬ ਪੁਲਸ ਵੱਲੋਂ ਬੀ. ਐੱਸ. ਐੱਫ. ਦੇ ਅਧਿਕਾਰੀਆਂ ਨੂੰ ਵੀ ਆਮ ਲੋਕਾਂ ਤੋਂ ਮਦਦ ਲੈਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਸਾਂਝੇ ਯਤਨਾਂ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਪੁਲਸ ਨੂੰ ਅਪਰਾਧੀਆਂ ਅਤੇ ਨਸ?ਿਆਂ ਖਿ?ਲਾਫ ਵੱਡੀ ਸਫਲਤਾ ਮਿਲ ਰਹੀ ਹੈ।

## ਫਾਜ਼ਿਲਕਾ 'ਚ ਸਰਪੰਚ 'ਤੇ ਲੱਗੇ ਕੁੱਟਮਾਰ ਦੇ ਦੋਸ਼, ਪਿਓ-ਧੀ 'ਤੇ ਚੜ੍ਹਾਈ ਕਾਰ

ਫਾਜ਼ਿਲਕਾ 20 ਮਈ। ਫਾਜ਼ਿਲਕਾ ਉਪਮੰਡਲ ਦੇ ਸਰਹੱਦੀ ਪਿੰਡ ਛੋਟਾ ਮੁੰਬੇਕੀ ਵਿਖੇ ਰੰਜਿਸ਼ ਨੂੰ ਲੈ ਕੇ ਹੋਈ ਲੜਾਈ 'ਚ ਇਕ ਪਿੰਡ ਦੀ ਕੁੜੀ ਅਤੇ ਉਸ ਦੇ ਪਿਤਾ ਦੇ ਜ਼ਖਮੀ ਹੋ ਜਾਣ ਦੀ ਸੂਚਨਾ ਮਿਲੀ ਹੈ। ਜ਼ਖਮੀ ਪਿਓ-ਧੀ ਨੂੰ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੀ ਪੁਲਸ ਵਲੋਂ ਇਸ ਮਾਮਲੇ ਦੀ ਕਾਰਵਾਈ ਕੀਤੀ ਜਾ ਰਹੀ ਹੈ। ਦੂਜੇ ਪਾਸੇ ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਕੁੜੀ ਪੂਜਾ ਰਾਣੀ ਅਤੇ ਉਸਦੇ ਪਿਤਾ ਜੰਗੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਦਾ ਸਰਪੰਚ ਦੇ ਪਰਿਵਾਰ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਸੀ। ਇਸ ਝਗੜੇ ਤੋਂ ਬਾਅਦ ਪਿੰਡ ਦੇ ਸਰਪੰਚ ਅਤੇ ਉਸ ਦੇ ਭਤੀਜੇ ਨੇ ਕਥਿਤ ਤੌਰ 'ਤੇ ਉਸ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਜੰਗੀਰ ਸਿੰਘ ਨੇ ਦੱਸਿਆ ਕਿ ਉਸ ਦੀ ਵੀ ਕੁੱਟਮਾਰ ਕੀਤੀ ਗਈ, ਜਿਸ ਕਾਰਨ ਉਹ ਜ਼ਖਮੀ ਹੋ ਗਿਆ। ਪੀੜਤ ਲੋਕਾਂ ਨੇ ਇਸ ਸਬੰਧੀ ਪੁਲਸ ਤੋਂ ਕਾਰਵਾਈ ਦੀ ਮੰਗ ਕੀਤੀ ਹੈ।

## ਸਾਲ ਪਹਿਲਾਂ ਚਾਵਾਂ ਨਾਲ ਤੋਰੀ ਸੀ ਧੀ ਦੀ ਡੋਲੀ, ਹੁਣ ਇਸ ਹਾਲ 'ਚ ਵੇਖ ਭੁੱਬਾਂ ਮਾਰ-ਮਾਰ ਰੋਇਆ ਪਰਿਵਾਰ

ਜਲੰਧਰ/ਮਹਿਤਪੁਰ 20 ਮਈ। ਜਲੰਧਰ ਦੇ ਨਕੋਦਰ ਦੇ ਥਾਣਾ ਮਹਿਤਪੁਰ ਅਧੀਨ ਪੈਂਦੇ ਪਿੰਡ ਮਹਿਤਪੁਰ 'ਚ ਇਕ ਵਿਆਹੁਤਾ ਵੱਲੋਂ ਖ਼ੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਪਛਾਣ ਨਵਜੋਤ ਕੌਰ ਵਜੋਂ ਹੋਈ ਹੈ। ਉਥੇ ਹੀ ਪੇਕੇ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਨਵਜੋਤ ਕੌਰ ਦੇ ਸਹੁਰੇ ਵਾਲੇ ਉਨ੍ਹਾਂ ਦੀ ਧੀ ਨੂੰ ਦਾਜ ਲਈ ਤੰਗ-ਪ੍ਰੇਸਾਨ ਕਰਦੇ ਸਨ, ਉਨ੍ਹਾਂ ਨੇ ਹੀ ਸਾਡੀ ਧੀ ਨੂੰ ਮਾਰਿਆ ਹੈ। ਫਿਲਹਾਲ ਪੁਲਸ ਨੇ ਤਿੰਨ ਲੋਕਾਂ ਖਿ?ਲਾਫ ਮਾਮਲਾ ਦਰਜ ਕਰਕੇ ਕਾਰਵਾਈ ਸੂਰੂ ਕਰ ਦਿੱਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਕੁੜੀ ਦੇ ਦਾਦਾ ਰਸਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੋਤੀ ਦਾ ਵਿਆਹ ਜਸਵਿੰਦਰ ਸਿੰਘ ਨਾਲ ਕੀਤਾ ਸੀ ਅਤੇ ਵਿਆਹ ਦੇ ਇਕ ਸਾਲ ਬਾਅਦ ਹੀ ਉਹ ਉਸ ਦੀ ਕੁੱਟਮਾਰ ਕਰਨ ਲੱਗ ਗਏ ਸਨ। ਮੇਰੀ ਪੋਤੀ ਨੂੰ ਕਾਫੀ ਸਮੇਂ ਤੋਂ ਤੰਗ ਪ੍ਰੇਸਾਨ ਕੀਤਾ ਜਾ ਰਿਹਾ ਸੀ ਅਤੇ ਹੁਣ ਉਸ



ਨੂੰ ਮਾਰ ਦਿੱਤਾ ਗਿਆ ਹੈ, ਸਾਨੂੰ ਕੱਲ੍ਹ 11 ਵਜੇ ਫੋਨ ਕਰਕੇ ਦੱਸਿਆ ਗਿਆ ਕਿ ਨਵਜੋਤ ਨੇ ਕੋਈ ਜਹਿਰੀਲੀ ਚੀਜ ਖਾ ਲਈ ਹੈ, ਜਿਸ ਕਾਰਨ ਉਸ ਦੀ ਮੌਤ ਹੋ ਜਾਵੇਗੀ ਪਰ ਸਾਨੂੰ ਲੱਗਦਾ ਹੈ ਕਿ ਪਹਿਲਾਂ ਉਸ ਦਾ ਕਤਲ ਕੀਤਾ ਗਿਆ ਹੈ ਅਤੇ ਫਿਰ ਕੁੜੀ ਨੂੰ ਜਹਿਰੀਲਾ ਪਦਾਰਥ ਖੁਆਇਆ ਗਿਆ ਹੈ। ਉਥੇ ਹੀ ਦੂਜੇ ਪਾਸੇ ਏ. ਐੱਸ. ਆਈ. ਦਵਿੰਦਰ ਸਿੰਘ ਨੇ ਦੱਸਿਆ ਕਿ ਕੁੜੀ ਦੇ ਪਰਿਵਾਰ ਵਾਲਿਆਂ ਦੇ ਬਿਆਨਾਂ ਦੇ ਆਧਾਰ 'ਤੇ ਕੁੜੀ ਦੇ ਸਹੁਰੇ ਸਰਜੀਤ ਸਿੰਘ, ਸੱਸ ਮਹਿੰਦਰ ਕੌਰ ਅਤੇ ਪਤੀ ਜਸਵਿੰਦਰ ਸਿੰਘ ਖਿ?ਲਾਫ ਧਾਰਾ 306 ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ

## ਭਵਾਨੀਗੜ੍ਹ 'ਚ ਦਿਲ ਕੰਬਾਅ ਦੇਣ ਵਾਲੀ ਵਾਰਦਾਤ, ਨੌਜਵਾਨ ਨੂੰ ਦਿੱਤੀ ਬੇਰਹਿਮ ਮੌਤ, ਲਾਸ਼ ਦੇਖ ਭਰਾ ਦੇ ਉੱਡੇ ਹੋਸ਼

ਭਵਾਨੀਗੜ੍ਹ 20 ਮਈ। ਬੀਤੀ ਰਾਤ ਸਹਿਰ 'ਚ ਇਕ 26 ਸਾਲਾ ਨੌਜਵਾਨ ਦਾ ਲੋਹੇ ਦੀ ਰਾਡ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮਾਮਲਾ ਪੈਸਿਆਂ ਦੇ ਲੈਣ-ਦੇਣ ਦਾ ਦੱਸਿਆ ਜਾ ਰਿਹਾ ਹੈ। ਪੁਲਸ ਨੇ ਮੌਕੇ 'ਤੇ ਮੁਲਜਮ ਨੂੰ ਗ੍ਰਿਫਤਾਰ ਕਰਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਜਸਪਾਲ ਸਿੰਘ ਵੱਡੇ ਭਰਾ ਨਿਰਮਲ ਸਿੰਘ ਪੁੱਤਰ ਮੇਵਾ ਸਿੰਘ ਵਾਸੀ ਗੁਰੂ ਨਾਨਕ ਕਲੋਨੀ ਭਵਾਨੀਗੜ੍ਹ ਨੇ ਦੱਸਿਆ ਕਿ ਉਹ ਤੇ ਉਸ ਦਾ ਛੋਟਾ ਭਰਾ ਜਸਪਾਲ ਸਿੰਘ ਬੀਤੀ ਰਾਤ ਦੇ ਕਰੀਬ 9:30 ਵਜੇ ਘਰੋਂ ਰੋਟੀ ਖਾ ਕੇ ਬਾਹਰ ਸੈਰ ਕਰਨ ਲਈ ਜਾ ਰਹੇ ਸਨ ਤੇ ਉਸ ਦਾ ਭਰਾ ਉਸ ਤੋਂ ਥੋੜਾ ਅੱਗੇ ਅੱਗੇ ਜਾ ਰਿਹਾ ਸੀ ਤੇ ਜਦੋਂ ਉਸ ਦਾ ਭਰਾ ਹਨੂੰਮਾਨ ਮੰਦਿਰ ਨੇੜੇ ਪਹੁੰਚਿਆ ਤਾਂ ਗੁਰਧਿਆਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਗੁਰੂ ਨਾਨਕ ਦੇਵ ਕਲੋਨੀ ਵੀ ਇਥੇ ਪਹਿਲਾਂ ਤੋਂ ਹੀ ਮੌਜੂਦ ਸੀ ਅਤੇ ਉਸ ਦੇ ਹੱਥ 'ਚ ਇਕ ਰਾਡ ਫੜੀ ਹੋਈ ਸੀ। ਮੇਰੇ ਭਰਾ ਜਸਪਾਲ ਸਿੰਘ ਨੇ ਉਕਤ ਤੋਂ ਪੈਸੇ ਲੈਣੇ ਸਨ ਤੇ ਜਦੋਂ ਮੇਰੇ ਭਰਾ ਨੇ ਗੁਰਧਿਆਨ ਸਿੰਘ ਨੂੰ ਉਧਾਰ ਦਿੱਤੇ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਗੁਰਧਿਆਨ ਸਿੰਘ ਨੇ ਕਥਿਤ ਤੌਰ 'ਤੇ ਮੇਰੇ ਭਰਾ ਨੂੰ ਗਾਲੀ ਗਲੌਚ ਕਰਨਾ ਸ਼ੁਰੂ ਕਰ ਦਿੱਤਾ ਤੇ ਫਿਰ ਦੋਵਾਂ ਵਿਚਕਾਰ ਹੱਥੋਪਾਈ ਹੋ ਗਈ। ਨਿਰਮਲ ਸਿੰਘ ਨੇ ਦੱਸਿਆ ਕਿ ਮੇਰੇ ਦੇਖਦੇ ਹੀ ਦੇਖਦੇ ਗੁਰਧਿਆਨ ਸਿੰਘ ਨੇ ਗੁੱਸੇ 'ਚ ਆ ਕੇ ਮੇਰੇ ਭਰਾ ਜਸਪਾਲ ਸਿੰਘ ਦੇ ਸਿਰ 'ਚ ਸਟੀਲ ਦੀ ਰਾਡ ਨਾਲ ਵਾਰ ਕਰ ਦਿੱਤਾ ਜਿਸ ਕਾਰਨ ਮੇਰੇ ਭਰਾ ਦੇ ਸਿਰ ਦੀ ਖੋਪੜੀ ਫਟ ਗਈ ਤੇ ਉਹ ਜਮੀਨ ਉਪਰ ਡਿੱਗ ਪਿਆ ਤੇ ਲਹੂ ਲਹਾਣ ਹੋ ਗਿਆ। ਨਿਰਮਲ ਸਿੰਘ ਨੇ ਦੱਸਿਆ ਗੁਰਧਿਆਨ ਨੇ ਇਸ ਦੌਰਾਨ ਵੀ ਜਮੀਨ ਉਪਰ ਡਿੱਗੇ ਮੇਰੇ ਭਰਾ ਤੇ ਸਟੀਲ ਦੀ ਰਾਡ ਨਾਲ ਬਹੁਤ ਹੀ ਬੇਰਹਿਮੀ ਨਾਲ ਲਗਾਤਾਰ ਕਈ ਵਾਰ ਕੀਤੇ ਤੇ ਫਿਰ ਮੇਰੇ ਵੱਲੋਂ ਬਚਾਅ ਲਈ ਰੌਲਾ ਪਾਉਣ 'ਤੇ ਇਥੇ ਮੁਹੱਲਾਂ ਨਿਵਾਸੀਆਂ ਦਾ ਇਕੱਠ ਹੋ ਗਿਆ ਤੇ ਮੁਹੱਲਾ ਨਿਵਾਸੀਆਂ ਨੇ ਸਟੀਲ ਦੀ ਰਾਡ ਸਮੇਤ ਗੁਰਧਿਆਨ ਸਿੰਘ ਨੂੰ ਕਾਬੂ ਕਰ ਲਿਆ।

# ਕੈਮਿਸਟ ਵੱਲੋਂ 30 ਲੱਖ ਰੁਪਏ ਫਿਰੌਤੀ ਨਾ ਦੇਣ 'ਤੇ ਫਾਇਰਿੰਗ ਕਰਨ ਵਾਲੇ 2 ਕਾਬੂ

ਤਰਨਤਾਰਨ 20 ਮਈ। ਬੀਤੇ ਦਿਨੀਂ ਜ਼ਿਲ੍ਹੇ ਦੇ ਸਰਹੱਦੀ ਇਲਾਕੇ ਵਿਚ ਇਕ ਕੈਮਿਸਟ ਮਾਲਕ ਪਾਸੋਂ 30 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਦੋ ਮੁਲਜ਼ਮਾਂ ਨੂੰ ਪੁਲਸ ਨੇ ਇਕ ਪਿਸਤੌਲ, ਮੋਬਾਈਲ ਫੋਨ ਅਤੇ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਨ ਵਿਚ ਵੱਡੀ ਸਫਲਤਾ ਹਾਸਿਲ ਕੀਤੀ ਹੈ। ਜ਼ਿਕਰਯੋਗ ਹੈ ਕਿ ਮੁਲਜ਼ਮਾਂ ਵੱਲੋਂ ਬੀਤੇ ਦਿਨੀਂ ਫਿਰੌਤੀ ਨਾ ਮਿਲਣ ਦੀ ਸੂਰਤ ਵਿਚ ਮੈਡੀਕਲ ਸਟੋਰ ਮਾਲਕ ਦੇ ਘਰ ਬਾਹਰ ਫਾਇਰਿੰਗ ਵੀ ਕੀਤੀ ਗਈ ਸੀ। ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਖਜ਼ਾਨ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਮਾਣਕਪੁਰ ਜੋ ਘਰਿਆਲਾ ਵਿਖੇ ਮੈਡੀਕਲ ਸਟੋਰ ਦਾ ਕਾਰੋਬਾਰ ਕਰਦਾ ਹੈ ਨੇ ਬਿਆਨ ਦਰਜ ਕਰਵਾਏ ਸਨ ਕਿ ਬੀਤੀ 17 ਅਪ੍ਰੈਲ ਨੂੰ ਜਦੋਂ ਉਹ ਆਪਣੇ ਘਰ ਵਿਚ ਮੌਜੂਦ ਨਹੀਂ ਸੀ ਤਾਂ ਉਸਦੇ ਘਰ ਬਾਹਰ ਰਾਤ 11 ਵਜੇ ਦੇ ਕਰੀਬ ਦੋ ਅਣਪਛਾਤੇ ਵਿਅਕਤੀਆਂ ਵੱਲੋਂ ਘਰ ਦੇ ਬਾਹਰ ਫਾਇਰ ਕੀਤੇ ਗਏ, ਜਿਸ ਤੋਂ ਬਾਅਦ ਉਹ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਕੱਚਾ ਪੱਕਾ ਵਿਖੇ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਸੀ। ਡੀ. ਐੱਸ. ਪੀ. ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਮੈਡੀਕਲ ਸਟੋਰ ਮਾਲਕ ਨੇ ਬਾਅਦ ਵਿਚ ਪੁਲਸ ਨੂੰ ਦੱਸਿਆ ਕਿ ਉਸ ਨੂੰ ਮੋਬਾਈਲ ਫੋਨ ਰਾਹੀਂ ਧਮਕੀ ਦਿੰਦੇ ਹੋਏ 30 ਲੱਖ ਰੁਪਏ ਦੀ ਫਿਰੌਤੀ ਵੀ ਮੰਗੀ ਗਈ ਸੀ, ਜਿਸ ਤੋਂ ਬਾਅਦ ਜੁਰਮ ਵਿਚ ਵਾਧਾ ਕੀਤਾ ਗਿਆ ਅਤੇ ਪੁਲਸ ਵੱਲੋਂ ਇਸ ਕੇਸ ਨੂੰ ਹੱਲ ਕਰਨ ਲਈ ਸੀ. ਆਈ. ਏ. ਸਟਾਫ ਤਰਨਤਾਰਨ ਅਤੇ ਪੁਲਸ ਵੱਲੋਂ ਸਾਂਝੀ ਟੀਮ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ। ਡੀ. ਐੱਸ. ਪੀ. ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਕੀਤੀ ਗਈ ਬਾਰੀਕੀ ਨਾਲ ਜਾਂਚ ਅਤੇ



ਤਕਨੀਕੀ ਮਾਹਿਰਾਂ ਦੀ ਮਦਦ ਨਾਲ ਇਸ ਕੇਸ ਨੂੰ ਹੱਲ ਕਰਦੇ ਹੋਏ ਰਸ਼ਪਾਲ ਸਿੰਘ ਉਰਫ ਪਾਲ ਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਭੰਗਾਲਾ ਅਤੇ ਇੰਦਰਜੀਤ ਸਿੰਘ ਪੁੱਤਰ ਸਾਹਿਬ ਸਿੰਘ ਵਾਸੀ ਪਿੰਡ ਭੰਗਾਲਾ ਨੂੰ ਗ੍ਰਿਫਤਾਰ ਕਰਦੇ ਹੋਏ ਵਾਰਦਾਤ ਲਈ ਵਰਤਿਆ ਗਿਆ ਦੇਸੀ 32 ਬੋਰ ਪਿਸਤੌਲ ਸਮੇਤ ਇਕ ਰੌਂਦ, ਮੋਬਾਈਲ ਫੋਨ ਅਤੇ ਬਿਨਾਂ ਨੰਬਰੀ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਡੀ. ਐੱਸ. ਪੀ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਨੇ ਇਸ ਵਾਰਦਾਤ ਨੂੰ ਅੰਜਾਮ ਕੰਵਲਬੀਰ ਸਿੰਘ ਵਾਸੀ ਅੰਮ੍ਰਿਤਸਰ ਹਾਲ ਵਾਸੀ ਕੈਨੇਡਾ ਦੇ ਕਹਿਣ ਉਪਰ ਦਿੱਤਾ ਸੀ, ਜਿਸ ਦੀ ਗ੍ਰਿਫਤਾਰੀ ਲਈ ਪੁਲਸ ਵੱਲੋਂ ਵਿਦੇਸ਼ ਮੰਤਰਾਲੇ ਨਾਲ ਸੰਪਰਕ ਬਣਾਉਣ ਦੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਮੁਲਜ਼ਮਾਂ ਦਾ ਰਿਮਾਂਡ ਹਾਸਿਲ ਕਰ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ, ਜਿਸ ਵਿਚ ਇਹ ਪਤਾ ਲਗਾਇਆ ਜਾਵੇਗਾ ਕਿ ਇਹ ਮੁਲਜ਼ਮ ਪਹਿਲਾਂ ਕਿੰਨੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਚੁੱਕੇ ਹਨ।

## ਦਿਲ ਵਲੂੰਧਰਣ ਵਾਲੀ ਘਟਨਾ, ਕਣਕ ਦੇ ਨਾੜ ਨੂੰ ਲੱਗੀ ਅੱਗ ਬੁਝਾਉਂਦਿਆਂ ਜਿਊਂਦਾ ਸੜਿਆ ਕਿਸਾਨ

ਚਮਿਆਰੀ 20 ਮਈ। ਸਰਹੱਦੀ ਤਹਿਸੀਲ ਅਜਨਾਲਾ ਦੇ ਪਿੰਡ ਦਿਆਲਪੁਰਾ ਨਾਲ ਸੰਬੰਧਤ ਕਿਸਾਨ ਸੁਖਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਦੀ ਕਣਕ ਦੇ ਨਾੜ ਨੂੰ ਲੱਗੀ ਅੱਗ ਬੁਝਾਉਂਦਿਆਂ ਅੱਗ ਦੀ ਲਪੇਟ ਵਿਚ ਆਉਣ ਕਾਰਨ ਦਰਦਨਾਕ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਕਿਸਾਨ ਆਪਣੇ ਖੇਤਾਂ ਵਿਚ ਪਏ ਕਣਕ ਦੇ ਨਾੜ ਨੂੰ ਅੱਗ ਤੋਂ ਬਚਾਉਣ ਦੀ ਕੋਸ?ਿਸ ਕਰ ਰਿਹਾ ਸੀ ਕਿ ਅੱਗ ਵਿਚ ਘਿਰ ਜਾਣ ਕਾਰਣ ਉਹ ਜਿਊਂਦਾ ਸੜ ਗਿਆ। ਅੱਗ ਦੀ ਲਪੇਟ ਵਿਚ ਆਉਣ ਕਾਰਣ ਕਿਸਾਨ ਦਾ ਸਰੀਰ ਬੁਰੀ ਤਰ੍ਹਾਂ ਨਾਲ ਝੁਲਸ ਗਿਆ, ਜਿਸ ਕਾਰਣ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਇਲਾਕੇ ਵਿਚ ਸੋਗ ਦੀ ਲਹਿਰ ਫੈਲ ਗਈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸੂਰਜ ਨੇ ਵਰ੍ਹਾਇਆ ਕਹਿਰ, ਗਰਮੀ ਨੇ ਲੈ ਲਈ ਵਿਅਕਤੀ ਦੀ ਜਾਨ, ਬੱਸ ਅੱਡੇ ਨੇੜੇ ਪਾਰਕ 'ਚੋਂ ਮਿਲੀ ਲਾਸ਼

ਜਲੰਧਰ 20 ਮਈ। ਗਰਮੀ ਦਾ ਕਹਿਰ ਲਗਾਤਾਰ ਜਾਰੀ ਹੈ। ਇਸੇ ਦੌਰਾਨ ਸਥਾਨਕ ਮੁੱਖ ਬੱਸ ਅੱਡੇ ਨੇੜੇ ਸਥਿਤ ਮੋਤਾ ਸਿੰਘ ਨਗਰ ਮਾਰਕੀਟ ਨਾਲ ਲੱਗਦੀ ਛੋਟੀ ਪਾਰਕ ਵਿਚੋਂ ਇਕ ਮ੍ਰਿਤਕ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ, ਜਿਸ ਨੂੰ ਬੱਸ ਅੱਡਾ ਚੌਕੀ ਦੀ ਪੁਲਸ ਨੇ ਆਪਣੇ ਕਬਜੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੱਸ ਅੱਡਾ ਪੁਲਸ ਚੌਕੀ ਦੇ ਇੰਚਾਰਜ ਸੁਸ਼ੀਲ ਕੁਮਾਰ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਉਕਤ ਪਾਰਕ ਵਿਚ ਸੈਰ ਕਰ ਰਹੇ ਕਿਸੇ ਵਿਅਕਤੀ ਨੇ ਸੂਚਨਾ ਦਿੱਤੀ ਸੀ ਕਿ ਕੋਈ ਵਿਅਕਤੀ ਮ੍ਰਿਤਕ ਹਾਲਤ ਵਿਚ ਪਾਰਕ ਅੰਦਰ ਪਿਆ ਹੋਇਆ ਹੈ, ਜਿਸ ਤੋਂ ਬਾਅਦ ਏ.ਐੱਸ.ਆਈ. ਪ੍ਰੇਮ ਸਿੰਘ ਸਾਥੀ ਕਰਮਚਾਰੀਆਂ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਲਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਬਾਰੇ ਆਲੇ-ਦੁਆਲੇ ਕਈ ਥਾਵਾਂ ਤੋਂ ਪੁੱਛਗਿੱਛ ਕੀਤੀ ਗਈ ਹੈ ਪਰ ਉਸਦੀ ਪਛਾਣ ਨਹੀਂ ਹੋ ਸਕੀ। ਚੌਕੀ ਇੰਚਾਰਜ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਨੂੰ ਦੇਖ ਕੇ ਲੱਗਦਾ ਹੈ ਕਿ ਉਸਦੀ ਮੌਤ ਗਰਮੀ ਕਾਰਨ ਹੋਈ ਹੈ ਪਰ ਪੂਰੀ ਸਥਿਤੀ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਸਪੱਸ਼ਟ ਹੋਵੇਗੀ। ਉਨ੍ਹਾਂ ਕਿਹਾ ਕਿ ਫਿਲਹਾਲ ਪੁਲਸ ਨੇ ਧਾਰਾ 174 ਦੀ ਕਾਰਵਾਈ ਕਰਦੇ ਹੋਏ ਮ੍ਰਿਤਕ ਵਿਅਕਤੀ ਦੀ ਲਾਸ਼ ਉਸ ਦੀ ਸ਼ਨਾਖਤ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾ ਦਿੱਤੀ ਹੈ।

# ਲੋਕਤੰਤਰ ਦੀ ਪੁਕਾਰ ਸੁਣੋ, ਆਪਣੇ ਹੱਕ ਨਾ ਖੋਹੋ। ਚੋਣਾਂ ਨਹੀਂ ਵੋਟ ਪਾਓ, ਨਵਾਂ ਭਾਰਤ ਬਣਾਓ: ਰਾਮਦਾਸ ਮਲਿਕ

ਨਵੀਂ ਦਿੱਲੀ। ਭਾਰਤੀ ਜਨਤਾ ਪਾਰਟੀ ਦਿੱਲੀ ਪ੍ਰਦੇਸ ਦੇ ਸੀਨੀਅਰ ਨੇਤਾ ਅਤੇ ਚੋਣ ਪ੍ਰਬੰਧਨ ਕਮੇਟੀ ਦੇ ਸੰਸਾਧਨ ਵਿਭਾਗ ਦੇ ਸਹਿ-ਮੁਖੀ ਅਤੇ ਸਮਾਜ ਸੇਵੀ ਰਾਮਦਾਸ ਮਲਿਕ ਨੇ ਦੱਸਿਆ ਕਿ ਰਾਜਧਾਨੀ ਦਿੱਲੀ ਦੀਆਂ ਸੱਤ ਲੋਕ ਸਭਾ ਸੀਟਾਂ 'ਤੇ ਛੇਵੇਂ ਪੜਾਅ 'ਚ 25 ਮਈ ਨੂੰ ਵੋਟਿੰਗ ਹੋਣੀ ਹੈ। ਅਜਿਹੇ 'ਚ ਵੱਖ-ਵੱਖ ਪਾਰਟੀਆਂ ਦੇ ਵੱਡੇ ਨੇਤਾਵਾਂ ਨੇ ਚੋਣ ਲੜਨੀ ਸੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ, 'ਕੁਝ ਨੇਤਾਵਾਂ ਵੱਲੋਂ ਸਵਾਤੀ ਮਾਲੀਵਾਲ ਨੂੰ ਭਾਜਪਾ ਦਾ ਮੋਹਰਾ ਬਣਾਉਣ ਦੇ ਮੁੱਦੇ 'ਤੇ ਤੁਸੀਂ ਕਿਹਾ ਹੈ ਕਿ ਇਹ ਬਹੁਤ ਸਰਮਨਾਕ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਨ੍ਹਾਂ ਨਾਲ ਜੁੜੀ ਸਵਾਤੀ ਮਾਲੀਵਾਲ ਦੇ ਕਿਰਦਾਰ ਨੂੰ ਢਾਹ ਲਾ ਰਹੇ ਹਨ। ਹੁਣ ਜਦੋਂ ਕੇਜਰੀਵਾਲ ਦੇ ਸਾਥੀ ਰਿਸਵ ਕੁਮਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ, ਉਹ ਦਿਨ ਦੂਰ ਨਹੀਂ ਜਦੋਂ ਅਰਵਿੰਦ ਕੇਜਰੀਵਾਲ ਦੀ ਰਾਜਨੀਤੀ ਦੇ ਕਈ ਗੰਦੇ ਪੰਨੇ ਜਨਤਕ ਹੋ ਜਾਣਗੇ। ਦਿੱਲੀ ਵਾਸੀਆਂ ਦਾ ਕਹਿਣਾ ਹੈ ਕਿ ਦਿੱਲੀ ਦੇ ਸਕੂਲਾਂ, ਹਸਪਤਾਲਾਂ ਅਤੇ ਹਰ ਪਾਸੇ ਕੂੜਾ-ਕਰਕਟ ਅਤੇ ਗੰਦਗੀ ਹੀ ਹੋਵੇਗੀ। ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਸ ਵਿੱਚ ਭ੍ਰਿਸਟਾਚਾਰ ਦੇ ਦੋਸ ਵਿੱਚ ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਵੀ ਜੇਲ੍ਹ ਵਿੱਚ ਹਨ। ਇਹ ਦਿੱਲੀ ਨੂੰ ਕਿਵੇਂ ਸਾਫ-ਸੁਥਰਾ ਬਣਾ ਸਕਦਾ ਹੈ ਅਤੇ ਖਾਸ ਕਰਕੇ ਦਿੱਲੀ ਦੇ ਬੱਚਿਆਂ ਦਾ ਭਵਿੱਖ, ਦਿੱਲੀ ਦੇ ਹਸਪਤਾਲਾਂ ਵਿੱਚ ਦਵਾਈਆਂ ਵੀ ਮਿਲਣੀਆਂ ਮੁਸਕਲ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਦੇ ਲੋਕਾਂ ਨੂੰ ਹਨੇਰੇ ਵੱਲ ਲਿਜਾ ਰਹੀ ਹੈ। ਰਾਮਦਾਸ ਮਲਿਕ ਨੇ ਉੱਤਰ ਪੂਰਬੀ ਦਿੱਲੀ ਤੋਂ ਭਾਰਤ ਗੱਠਜੋੜ ਦੇ ਉਮੀਦਵਾਰ ਕਨ੍ਹਈਆ ਕੁਮਾਰ ਨੂੰ ਥੱਪੜ ਮਾਰਨ ਦੇ ਮਾਮਲੇ 'ਚ ਕਿਹਾ ਕਿ ਉਸ ਦੇਸਧ੍ਰੋਹੀ ਨੂੰ ਕੌਣ ਥੱਪੜ ਮਾਰ ਸਕਦਾ ਹੈ ਜੋ ਉਸ ਦਾ ਆਪਣਾ ਬੰਦਾ ਹੈ, ਕਨ੍ਹਈਆ ਕੁਮਾਰ ਨੇ ਭਾਜਪਾ ਨੂੰ ਮੋਹਰਾ ਬਣਾਉਣ ਲਈ ਅਜਿਹਾ ਕੀਤਾ ਸੀ ਉਸ ਨੇ ਕਿਹਾ ਸੀ ਕਿ ਭਾਰਤ ਟੁਕੜੇ-ਟੁਕੜੇ ਹੋ ਜਾਵੇਗਾ, ਅਫਜਲ ਨੇ ਨਾਅਰੇ ਲਗਾਏ ਸਨ ਜਿਵੇਂ ਅਸੀਂ ਸਰਮਿੰਦਾ ਹਾਂ, ਕਨ੍ਹਈਆ ਕੁਮਾਰ ਨੇ ਖੁਦ 'ਤੇ ਭਾਰਤ ਗਠਜੋੜ ਦੇ ਵਰਕਰਾਂ ਨੇ ਸਿਆਹੀ ਸੁੱਟੀ ਹੈ। ਤਾਂ ਜੋ ਉਨ੍ਹਾਂ ਨੇ ਦਿੱਲੀ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਦਾ ਕੰਮ ਕੀਤਾ ਹੈ, ਇਹ ਸਭ ਭਾਰਤ ਗਠਜੋੜ ਦੀ ਉਹ ਕਾਰਵਾਈ ਹੈ ਜੋ ਕਿ ਪਿਛਲੇ ਕਈ ਵੋਟਾਂ ਸਮੇਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਹੋਈ ਸੀ, ਭਾਰਤ ਗਠਜੋੜ ਵੀ ਲੋਕਾਂ ਨੂੰ ਗੁੰਮਰਾਹ ਕਰਨ ਲਈ ਉਹੀ ਰਵੱਈਆ ਅਪਣਾ ਰਿਹਾ ਹੈ . ਡਰਾਮਾ ਕੀਤਾ ਗਿਆ। ਰਾਮਦਾਸ ਮਲਿਕ ਨੇ ਕਿਹਾ ਕਿ ਲੋਕਤੰਤਰ ਇਸ ਵਿਸਵਾਸ 'ਤੇ ਆਧਾਰਿਤ ਹੈ ਕਿ ਆਮ ਲੋਕਾਂ ਦੀ ਵਿਸੇਸ ਤਾਕਤ ਹੁੰਦੀ ਹੈ। ਵੋਟਿੰਗ ਉਸ ਵਿਸੇਸ ਸਕਤੀ ਨੂੰ ਮਹਿਸੂਸ ਕਰਨ ਦਾ, ਆਪਣੇ ਅਧਿਕਾਰਾਂ



ਦੀ ਵਰਤੋਂ ਕਰਨ ਦਾ ਇੱਕ ਤਰੀਕਾ ਹੈ। ਵੋਟਰ ਸੂਚੀ 'ਚ ਨਾਂ ਦੇਖਣਾ, ਪੋਲਿੰਗ ਬੂਥ 'ਤੇ ਜਾਣਾ, ਕਤਾਰ 'ਚ ਖੜ੍ਹੇ ਹੋਣਾ ਅਤੇ ਫਿਰ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਣਾ, ਇਹ ਸਾਰੀ ਪ੍ਰਕਿਰਿਆ ਇਕ ਜਸਨ ਵਰਗੀ ਹੈ। ਹੁਣ ਜਸਨ ਹੈ ਤਾਂ ਜੋਸ ਅਤੇ ਖੁਸੀ ਹੋਣੀ ਚਾਹੀਦੀ ਹੈ। ਵੋਟਿੰਗ ਇੱਕ ਜਿ਼ੰਮੇਵਾਰੀ ਹੈ। ਵੋਟ ਦੀ ਮਹੱਤਤਾ ਉਦੋਂ ਹੀ ਹੁੰਦੀ ਹੈ ਜਦੋਂ ਉਹ ਦਿੱਤੀ ਜਾਂਦੀ ਹੈ, ਜੇਕਰ ਇਹ ਆਪਣੇ ਲਈ ਰੱਖੀ ਜਾਵੇ ਤਾਂ ਉਸਦੀ ਕੋਈ ਕੀਮਤ ਨਹੀਂ ਹੁੰਦੀ। ਹੋਰ ਕਿਸ ਨੂੰ ਦੇਣਾ ਹੈ? ਇਸ ਨਾਲ ਕੀਮਤ ਵੀ ਵਧ ਜਾਂਦੀ ਹੈ, ਇਸ ਤਰ੍ਹਾਂ ਕਿਸੇ ਦੀ ਲੁੱਟ ਨਹੀਂ ਕੀਤੀ ਜਾ ਸਕਦੀ। ਇਹ ਇੱਕ ਵੋਟ ਦੇਸ ਦੀ ਆਵਾਜ ਹੈ। ਰਾਮਦਾਸ ਮਲਿਕ ਨੇ ਰਾਜਧਾਨੀ ਦਿੱਲੀ ਲੋਕ ਸਭਾ ਹਲਕੇ ਵਿੱਚ ਦਿੱਲੀ ਦੇ ਲੋਕਾਂ ਵਿੱਚ ਕਈ ਪ੍ਰੋਗਰਾਮ ਕਰਵਾਏ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਸਮਾਜ ਦੇ ਲੋਕਾਂ ਨੇ ਸਮੂਲੀਅਤ ਕੀਤੀ। ਇਸ ਵਿੱਚ ਔਰਤਾਂ ਦੀ ਕਾਫੀ ਗਿਣਤੀ ਸੀ। ਇਸ ਦੌਰਾਨ ਸੀਨੀਅਰ ਆਗੂ ਤੇ ਵਰਕਰ ਵੀ ਹਾਜਰ ਸਨ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ 25 ਮਈ ਨੂੰ ਭਾਜਪਾ ਉਮੀਦਵਾਰ ਦੀ ਹਮਾਇਤ ਕਰਕੇ ਇਲਾਕੇ ਦੇ ਵਿਕਾਸ ਵਿੱਚ ਹਿੱਸਾ ਪਾਉਣ। ਉਨ੍ਹਾਂ ਕਿਹਾ ਕਿ ਭਾਰਤ ਭਰ ਦੀ ਜਨਤਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੀਆਂ ਰਾਸਟਰਵਾਦ ਦੀਆਂ ਨੀਤੀਆਂ ਦਾ ਸਮਰਥਨ ਕਰਦੀ ਹੈ, ਇਸੇ ਲਈ ਦਿੱਲੀ ਦੀਆਂ ਸਾਰੀਆਂ ਸੱਤ ਸੀਟਾਂ 'ਤੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਕਾਂਗਰਸ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਰਾਜਧਾਨੀ ਦਿੱਲੀ ਤੋਂ ਕਾਂਗਰਸ ਨੇ ਉਨ੍ਹਾਂ ਦੇਸ ਵਿਰੋਧੀ ਸਕਤੀਆਂ ਨੂੰ ਟਿਕਟਾਂ ਦਿੱਤੀਆਂ ਹਨ, ਜੋ ਭਾਰਤ ਦੇ ਟੁਕੜੇ-ਟੁਕੜੇ ਹੋਣ ਦੇ ਨਾਅਰੇ ਲਗਾਉਂਦੇ ਹਨ, ਇਹ ਉਹ ਲੋਕ ਹਨ ਜੋ ਦੇਸ ਨੂੰ ਵੰਡ ਰਹੇ ਹਨ। ਇਸ ਲਈ ਮੈਂ ਦੇਸ ਦੇ ਹਰ ਵਰਗ ਦੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਲੋਕਤੰਤਰ ਦੇ ਇਸ ਮਹਾਨ ਤਿਉਹਾਰ ਵਿੱਚ ਭਾਜਪਾ ਨੂੰ ਵੋਟ ਦੇਣ ਅਤੇ ਮੋਦੀ ਜੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣ।

# ਅਗਵਾ ਕਰ 3 ਕਰੋੜ ਦੀ ਫਿਰੌਤੀ ਮੰਗਣ ਵਾਲੇ ਚੜ੍ਹੇ ਪੁਲਸ ਅੜਿੱਕੇ

ਕਪੂਰਥਲਾ 20 ਮਈ। 3 ਕਰੋੜ ਰੁਪਏ ਦੀ ਫਿਰੌਤੀ ਖਾਤਰ ਇਕ ਬਜੁਰਗ ਨੂੰ ਪਿਸਤੌਲ ਦੀ ਨੋਕ 'ਤੇ ਅਗਵਾ ਕਰਨ ਦੇ ਮਾਮਲੇ 'ਚ ਕਪੂਰਥਲਾ ਪੁਲਸ ਨੇ ਕੁੱਲ 8 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਜਿੱਥੇ ਅਗਵਾ ਕੀਤੇ ਗਏ ਵਿਅਕਤੀ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਉੱਥੇ ਹੀ ਇਸ ਮਾਮਲੇ 'ਚ ਗ੍ਰਿਫਤਾਰ ਮੁਲਜਮਾਂ ਤੋਂ 2 ਪਿਸਤੌਲਾਂ, 1 ਬੰਦੂਕ ਤੇ 950 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾਮਲੇ 'ਚ ਨਾਮਜਦ ਹੋਰ ਮੁਲਜਮਾਂ ਦੀ ਤਲਾਸ਼ 'ਚ ਛਾਪਾਮਾਰੀ ਜਾਰੀ ਹੈ। ਇਸ ਸਬੰਧੀ ਪੱਤਰਕਾਰਾਂ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਐੱਸ.ਐੱਸ.ਪੀ ਕਪੂਰਥਲਾ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ 3 ਜਨਵਰੀ 2023 ਨੂੰ ਪਿੰਡ ਗਾਜੀ ਗੁਡਾਨਾ ਦੇ ਇਕ ਬਜੁਰਗ ਵਿਅਕਤੀ ਲਖਵਿੰਦਰ ਸਿੰਘ ਨੂੰ ਕਾਲੇ ਰੰਗ ਦੀ ਟਾਟਾ ਸਫਾਰੀ 'ਚ ਆਏ ਕੁਝ ਵਿਅਕਤੀਆਂ ਨੇ ਫਾਇਰਿੰਗ ਕਰਦੇ ਹੋਏ ਅਗਵਾ ਕਰ ਲਿਆ ਸੀ। ਪੀੜਤ ਵਿਅਕਤੀ ਦੇ ਲੜਕੇ ਅਮਰੀਕਾ 'ਚ ਰਹਿੰਦੇ ਹਨ, ਜਿਨ੍ਹਾਂ ਕੋਲੋਂ ਉਕਤ ਮੁਲਜਮਾਂ ਨੇ 3 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਜਦੋਂ ਇਸ ਪੂਰੇ ਮਾਮਲੇ ਦੀ ਜਾਣਕਾਰੀ ਕਪੂਰਥਲਾ ਪੁਲਸ ਨੂੰ ਮਿਲੀ ਤਾਂ ਐੱਸ.ਪੀ. (ਡੀ) ਹਰਵਿੰਦਰ ਸਿੰਘ ਦੀ ਨਿਗਰਾਨੀ 'ਚ ਇਕ ਵਿਸ਼ੇਸ਼ ਟੀਮ ਜਿਸ 'ਚ ਡੀ.ਐੱਸ.ਪੀ ਭੁਲੱਥ ਸੁਖਨਿੰਦਰ ਸਿੰਘ, ਡੀ.ਐੱਸ.ਪੀ (ਡੀ) ਬਰਜਿੰਦਰ ਸਿੰਘ, ਸੀ.ਆਈ.ਏ ਸਟਾਫ ਕਪੂਰਥਲਾ ਦੇ ਇੰਚਾਰਜ ਇੰਸਪੈਕਟਰ ਜਰਨੈਲ ਸਿੰਘ ਤੇ ਥਾਣਾ ਢਿੱਲਵਾਂ ਦੇ ਐੱਸ.ਐੱਚ.ਓ ਹਰਜਿੰਦਰ ਸਿੰਘ ਨੂੰ ਸ਼ਾਮਲ ਕਰਕੇ ਪੀੜਤ ਵਿਅਕਤੀ ਨੂੰ ਤਤਕਾਲ ਛੁਡਵਾਉਣ ਦੇ ਹੁਕਮ ਦਿੱਤੇ ਗਏ, ਜਿਸਦੇ ਉਪਰੰਤ ਪੁਲਸ ਟੀਮ ਨੇ ਲਗਾਤਾਰ ਦਬਾਅ ਬਣਾਉਂਦੇ ਹੋਏ 6 ਜਨਵਰੀ 2023 ਨੂੰ ਅਗਵਾ ਕੀਤੇ ਗਏ ਵਿਅਕਤੀ ਲਖਵਿੰਦਰ ਸਿੰਘ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ। ਪੁਲਸ ਨੇ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜਮਾਂ ਦੀ ਤਲਾਸ਼ 'ਚ ਲਗਾਤਾਰ ਛਾਪਾਮਾਰੀ ਦਾ ਦੌਰ ਜਾਰੀ ਰੱਖਿਆ, ਜਿਸ ਦੌਰਾਨ ਖੁਲਾਸਾ ਹੋਇਆ ਕਿ ਇਸ ਵਾਰਦਾਤ ਨੂੰ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ ਸਾਥੀਆਂ ਦੇ ਨਾਲ ਅੰਜਾਮ ਦਿੱਤਾ ਸੀ। ਮੁਲਜਮ ਦੇ ਭਤੀਜੇ ਪਵਨ ਵੀਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੇ ਪੀੜਤ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਲਈ ਉਸਦੀ ਲਗਾਤਾਰ ਰੇਕੀ ਕੀਤੀ ਸੀ ਤੇ ਆਪਣੇ ਚਾਚਾ ਗੁਰਇਕਬਾਲ ਸਿੰਘ ਉਰਫ ਵਰ ਤੇ ਉਸਦੇ ਸਾਥੀਆਂ ਦੀ ਮਦਦ ਕੀਤੀ ਸੀ। ਜਿਸਦੇ ਆਧਾਰ 'ਤੇ ਮੁਲਜਮ ਪਵਨ ਵੀਰ ਸਿੰਘ ਨੂੰ 11 ਜਨਵਰੀ 2023 ਨੂੰ ਗ੍ਰਿਫਤਾਰ ਕਰ ਲਿਆ, ਜਿਸਦੇ ਖੁਲਾਸੇ ਤੋਂ ਬਾਅਦ ਮੁਲਜਮਾਂ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਜ਼ਿਲ੍ਹਾ ਕਪੂਰਥਲਾ, ਜੱਸ ਵਾਸੀ ਕਪੂਰਥਲਾ, ਜੀਤਾ ਵਾਸੀ ਪੱਡਾ ਬੇਟ, ਹਰਮਨ ਵਾਸੀ ਬਾਮੂਵਾਲ, ਗੁਰਮੁੱਖ ਵਾਸੀ ਲੱਖਣ ਕੇ ਪੱਡਾ ਸਮੇਤ 2 ਹੋਰ ਅਣਪਛਾਤੇ ਮੁਲਜਮਾਂ ਨੂੰ ਮਾਮਲੇ 'ਚ ਨਾਮਜਦ ਕੀਤਾ ਗਿਆ। ਛਾਪੇਮਾਰੀ ਦੌਰਾਨ ਮੁਲਜਮ ਗੁਰਮੁਖ ਸਿੰਘ ਉਰਫ ਗੋਰਾ ਪੁੱਤਰ ਅਵਤਾਰ ਸਿੰਘ ਵਾਸੀ ਲੱਖਣ ਕੇ ਪੱਡਾ ਥਾਣਾ ਸੁਭਾਨਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਪਾਸੋਂ ਅਗਵਾ ਕਰਨ ਦੌਰਾਨ ਵਰਤੀ ਗਈ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ ਨੰਬਰ ਪੀ.ਬੀ-46-ਐੱਲ-0097 ਬਰਾਮਦ ਕੀਤੀ ਗਈ। ਉਕਤ ਮੁਲਜਮ ਦੇ ਖੁਲਾਸੇ ਤੋਂ ਬਾਅਦ ਉਸਦੇ ਮਾਮਾ ਕਰਨਜੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਤੇ ਇਸਦੇ ਦੋਸਤ ਅਮਰੀਕ ਸਿੰਘ ਉਰਫ ਕਾਡਾ ਪੁੱਤਰ ਗੁਲਜਾਰ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੂੰ ਨਾਮਜਦ ਕੀਤਾ ਗਿਆ, ਇਨ੍ਹਾਂ ਮੁਲਜਮਾਂ ਨੇ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਤੋਂ ਬਾਅਦ ਆਪਣੇ ਮਕਾਨਾਂ 'ਚ ਰੱਖਿਆ ਸੀ। 15 ਜਨਵਰੀ 2023 ਨੂੰ ਗੁਰਮੁਖ ਸਿੰਘ ਤੇ 16 ਜਨਵਰੀ 2023 ਨੂੰ ਅਮਰੀਕ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਬਾਅਦ 22 ਜਨਵਰੀ 2023 ਨੂੰ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਤੋਂ 3 ਮੋਬਾਇਲ ਤੇ ਇਕ ਬਿਨਾਂ ਨੰਬਰੀ ਮੋਟਰਸਾਇਕਲ ਬਰਾਮਦ ਕੀਤਾ ਗਿਆ। ਉੱਥੇ ਹੀ ਮਿਤੀ 2 ਫਰਵਰੀ 2023 ਨੂੰ ਇਸ ਪੂਰੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੂੰ ਉਸਦੇ ਸਾਥੀ ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਸਤਵੀਰ ਸਿੰਘ ਵਾਸੀ ਪਿੰਡ ਬਾਮੂਵਾਲ ਥਾਣਾ ਸੁਭਾਨਪੁਰ ਦੇ ਨਾਲ ਗ੍ਰਿਫਤਾਰ ਕਰ ਲਿਆ ਗਿਆ। ਉਕਤ ਮੁਲਜਮਾਂ ਪਾਸੋਂ ਇਕ 32 ਬੋਰ ਦੀ ਰਿਵਾਲਵਰ, 6 ਰੌਂਦ ਜਿੰਦਾ, 1 ਦੇਸੀ



ਪਿਸਤੌਲ ਤੇ 4 ਰੌਂਦ ਜਿੰਦਾ ਤੇ 1 ਗਨ 12 ਬੋਰ ਸਮੇਤ 10 ਰੌਂਦ ਜਿੰਦਾ, 950 ਗ੍ਰਾਮ ਹੈਰੋਇਨ ਤੇ 1 ਮੋਟਰਸਾਇਕਲ ਨੰਬਰ ਪੀ.ਬੀ-09-ਕੇ-4799 ਬਰਾਮਦ ਕੀਤੇ ਗਏ। ਗੁਰਇਕਬਾਲ ਸਿੰਘ ਉਰਫ ਵਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਪੀੜਤ ਲਖਵਿੰਦਰ ਸਿੰਘ ਦਾ ਮੋਬਾਇਲ ਦਾ ਵ੍ਹਟਸਐਪ ਨੰਬਰ ਨੂੰ ਅਮਰੀਕਾ 'ਚ ਰਹਿੰਦੇ ਆਪਣੇ ਦੋਸਤ ਲਵਜੀਤ ਸਿੰਘ ਉਰਫ ਕੰਗ ਜੋ ਕਿ ਸ਼ਾਹਕੋਟ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹੈ ਨੂੰ ਭੇਜ ਦਿੱਤਾ ਸੀ। ਜੋ ਉਸਨੇ ਮੇਰੇ ਇਕ ਹੋਰ ਦੋਸਤ ਅੰਮ੍ਰਿਤ ਬੱਲ ਵਾਸੀ ਮਾਡਲ ਟਾਊਨ ਭੁਲੱਥ ਨਾਲ ਮਿਲ ਕੇ ਪੀੜਤ ਦੇ ਲੜਕੇ ਸੁੱਖ ਨਾਲ ਅਮਰੀਕਾ 'ਚ ਫੋਨ 'ਤੇ ਚੈਟ ਕਰਦੇ ਸਨ। ਉਕਤ ਮੁਲਜਮਾਂ ਨੂੰ ਵੀ ਮੁਕਦਮੇ 'ਚ ਨਾਮਜਦ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਮਾਮਲੇ ਦੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਖਿਲਾਫ ਦਾਜ, ਕਤਲ, ਲੁੱਟਾਂ ਖੋਹਾਂ, ਡਰੱਗ ਸਮਗਲਿੰਗ ਸਮੇਤ 9 ਮੁਕੱਦਮੇ ਦਰਜ ਹਨ ਉੱਥੇ ਹੀ ਮੁਲਜਮ ਵਿਜੈ ਕੁਮਾਰ ਖਿਲਾਫ ਲੁੱਟ ਖੋਹ, ਅਸਲਾ ਐਕਟ, ਡਰੱਗ ਬਰਾਮਦਗੀ, ਕਤਲ ਦੀ ਕੋਸ਼ਿਸ਼ ਸਮੇਤ 13 ਗੰਭੀਰ ਮਾਮਲੇ ਦਰਜ ਹਨ। ਪੁੱਛਗਿੱਛ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ 2 ਸਾਥੀਆਂ ਹਰਮਨ ਬਾਮੂਵਾਲ ਤੇ ਖੰਡੇ ਨਾਲ ਮਿਲ ਕੇ 26 ਜਨਵਰੀ 2023 ਨੂੰ ਇਕ ਐੱਨ.ਆਰ.ਆਈ ਪਰਿਵਾਰ ਵਾਸੀ ਵਾਰਡ ਨੰਬਰ 13 ਬੇਗੋਵਾਲ ਜ਼ਿਲ੍ਹਾ ਕਪੂਰਥਲਾ ਨੂੰ ਫੋਨ ਕਰਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਜਿਨ੍ਹਾਂ ਵੱਲੋਂ ਫਿਰੌਤੀ ਨਾ ਦੇਣ 'ਤੇ ਫਿਰ ਦੁਬਾਰਾ 50 ਲੱਖ ਰੁਪਏ ਦੀ ਮੰਗ ਕੀਤੀ ਗਈ ਤੇ 50 ਲੱਖ ਰੁਪਏ ਨਾ ਦੇਣ 'ਤੇ ਸਾਰੇ ਪਰਿਵਾਰ ਨੂੰ ਗੋਲੀਆਂ ਨਾਲ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਲੈ ਕੇ 27 ਜਨਵਰੀ 2023 ਨੂੰ ਉਕਤ ਮੁਲਜਮਾਂ ਖਿਲਾਫ ਥਾਣਾ ਬੇਗੋਵਾਲ 'ਚ ਮਾਮਲਾ ਦਰਜ ਕੀਤਾ ਗਿਆ। ਉੱਥੇ ਹੀ ਕਪੂਰਥਲਾ ਪੁਲਸ ਨੇ ਜਰਮਨਜੀਤ ਸਿੰਘ ਉਰਫ ਚੌਧਰੀ ਪੁੱਤਰ ਜਗਦੀਸ਼ ਸਿੰਘ ਵਾਸੀ ਪਿੰਡ ਨੂਰਪੁਰ ਲੁਬਾਣਾ, ਥਾਣਾ ਢਿਲਵਾਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 7.65 ਦੀ ਇਕ ਪਿਸਤੌਲ ਤੇ 2 ਜਿੰਦਾ ਰੌਂਦ ਦੇ ਨਾਲ ਇਕ ਬੁਲੇਟ ਪਰੂਫ ਜੈਕਟ ਬਰਾਮਦ ਕੀਤੀ। ਉਕਤ ਮੁਲਜਮ ਖਿਲਾਫ ਥਾਣਾ ਸਿਟੀ ਕਪੂਰਥਲਾ 'ਚ ਮਾਮਲਾ ਦਰਜ ਕਰ ਲਿਆ ਗਿਆ। ਐੱਸ.ਐੱਸ.ਪੀ ਨੇ ਦੱਸਿਆ ਕਿ ਸਾਰੇ ਅੱਠਾਂ ਮੁਲਜਮਾਂ ਕੋਲੋਂ ਪੁੱਛਗਿੱਛ ਦਾ ਦੌਰ ਜਾਰੀ ਹੈ।

ਪੁੱਛਗਿੱਛ ਦੌਰਾਨ ਕਈ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਪਾਵਰਕਾਮ ਦੀ ਵੱਡੀ ਕਾਰਵਾਈ, ਸੇਵਾ-ਮੁਕਤੀ ਤੋਂ 2 ਦਿਨ ਪਹਿਲਾਂ ਜੇ. ਈ. ਡਿਸਮਿਸ, ਹੈਰਾਨ ਕਰਨ ਵਾਲਾ ਹੈ ਮਾਮਲਾ

ਪਟਿਆਲਾ 20 ਮਈ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕਾਮ) ਦੀ ਮੈਨੇਜਮੈਂਟ ਨੇ ਸੂਬਾ ਸਰਕਾਰ ਵੱਲੋਂ ਕੁਰੱਪਸ਼ਨ ਖਿ਼ਲਾਫ ਸ਼ੁਰੂ ਕੀਤੀ ਮੁਹਿੰਮ ਦੇ ਚੱਲਦਿਆਂ ਹਲਕਾ ਬਰਨਾਲਾ ਦੇ ਉੱਪ ਮੰਡਲ ਭਦੌੜ ਵਿਖੇ ਤਾਇਨਾਤ ਸਹਾਇਕ ਜੇ. ਈ. ਗੁਰਦੀਪ ਸਿੰਘ ਨੂੰ ਸੇਵਾ-ਮੁਕਤੀ ਤੋਂ 2 ਦਿਨ ਪਹਿਲਾਂ ਡਿਸਮਿਸ ਕਰ ਦਿੱਤਾ ਹੈ। ਗੁਰਦੀਪ ਸਿੰਘ ਵੱਲ ਪਾਵਰਕਾਮ ਨੇ 5 ਕਰੋੜ 37 ਲੱਖ ਦਾ ਲੇਖਾ-ਜੋਖਾ ਮੈਨੇਜਮੈਂਟ ਨੂੰ ਪੇਸ਼ ਨਾ ਕਰਨ 'ਤੇ ਕੋਤਾਹੀਆਂ ਵਰਤਣ ਦਾ ਦੋਸ਼ ਲਾਇਆ ਹੈ। ਪਾਵਰਕਾਮ



ਮੈਨੇਜਮੈਂਟ ਨੇ ਸਹਾਇਕ ਜੇ. ਈ. ਨੂੰ ਕੁਝ ਸਮਾਂ ਪਹਿਲਾਂ ਬਕਾਇਦਾ ਤੌਰ 'ਤੇ ਬੇਨਿਯਮੀਆਂ ਦੀ ਸੂਚੀ ਵੀ ਜਾਰੀ ਕੀਤੀ ਸੀ, ਜਿਸ ਤਹਿਤ 37 ਲੱਖ 22 ਹਜਾਰ ਰੁਪਏ ਸਰਕਾਰੀ ਸਟੋਰ 'ਚੋਂ ਕਢਵਾਏ ਸਾਮਾਨ 'ਚੋਂ ਗੜਬੜ ਸੀ। ਇਸ ਤੋਂ ਬਿਨਾਂ ਸਟੋਰ 'ਚੋਂ ਕੱਢਵਾਏ ਬਹੁਤ ਸਾਰੇ ਟਰਾਂਸਫਾਰਮਰ ਵਾਪਸ ਨਹੀਂ ਕੀਤੇ। ਕੇਬਲਾਂ ਵੀ ਇੱਧਰ-ਉੱਧਰ ਹੋਈਆਂ। ਨਕਸ਼ੇ ਬਿਨਾਂ ਪਾਸ ਕਰਵਾਏ ਸਟੋਰਾਂ 'ਚੋਂ ਸਾਮਾਨ ਕਢਵਾਇਆ ਗਿਆ। ਇਸ ਤਰ੍ਹਾਂ ਪੋਲਾਂ 'ਚ ਵੀ ਬਹੁਤ ਵੱਡੇ ਪੱਧਰ 'ਤੇ ਗੜਬੜ ਹੋਈ। ਸਾਰੀਆਂ ਗੜਬੜਾਂ ਦਾ ਲੇਖਾ-ਜੋਖਾ 5 ਕਰੋੜ 37 ਲੱਖ ਰੁਪਏ ਬਣਦਾ ਹੈ। ਪਾਵਰਕਾਮ ਮੈਨੇਜਮੈਂਟ ਨੇ ਇਸ ਸਹਾਇਕ ਜੇ. ਈ. ਨੂੰ ਬਹੁਤ ਵਾਰ ਬਕਾਇਦਾ ਤੌਰ 'ਤੇ ਨੋਟਿਸ ਜਾਰੀ ਕੀਤੇ ਕਿ ਉਹ ਸਾਰੀ ਗੜਬੜਾਂ ਦਾ ਲੇਖਾ-ਜੋਖਾ ਪਾਵਰਕਾਮ ਮੈਨੇਜਮੈਂਟ ਨੂੰ ਪੇਸ਼ ਕਰੇ ਪਰ ਇਹ ਸਹਾਇਕ ਜੇ. ਈ. ਪੇਸ਼ ਨਹੀਂ ਕਰ ਸਕਿਆ। ਪਾਵਰਕਾਮ ਨੇ ਬਕਾਇਦਾ ਤੌਰ 'ਤੇ ਇਸ ਲਈ ਮੁੱਖ ਇੰਜੀਨੀਅਰ ਦੀ ਅਗਵਾਈ ਹੇਠ ਇਕ ਪੜਤਾਲੀਆ ਕਮੇਟੀ ਵੀ ਬਣਾਈ ਸੀ, ਜਿਸ ਨੇ ਇਸ ਕਰਮਚਾਰੀ ਨੂੰ ਵੱਖ-ਵੱਖ 2 ਦਰਜਨ ਦੇ ਕਰੀਬ ਘਪਲਿਆਂ ਅਤੇ ਹੇਰਾਫੇਰੀ ਦੇ ਦੋਸ਼ ਹੇਠਾਂ ਡਿਸਮਿਸ ਕਰਨ ਦੀ ਸਿਫਾਰਿਸ਼ ਕੀਤੀ। ਲੰਘੇ ਦਿਨ ਇਸ ਕਰਮਚਾਰੀ ਨੂੰ ਡਬਲਯੂ. ਈ. ਡੀ. ਦੇ ਹੁਕਮਾਂ ਅਨੁਸਾਰ ਡਿਸਮਿਸ ਕਰ ਦਿੱਤਾ ਹੈ।

## ਛਤਰਪਤੀ ਸਿਵਾਜੀ ਮਹਾਰਾਜ ਮਿਊਜ਼ੀਅਮ ਨੂੰ ਬੰਬ ਨਾਲ ਉਡਾਉਣ ਦੀ ਧਮਕੀ

ਮੁੰਬਈ 20 ਮਈ। ਦੇਸ ਦੀ ਆਰਥਿਕ ਰਾਜਧਾਨੀ ਮੁੰਬਈ ਦੇ ਕੋਲਾਬਾ, ਵਰਲੀ ਅਤੇ ਹੋਰ ਥਾਵਾਂ 'ਤੇ ਸਥਿਤ ਪ੍ਰਮੁੱਖ ਮਿਊਜ਼ੀਆਮਾਂ ਨੂੰ ਸ਼ੁੱਕਰਵਾਰ ਨੂੰ ਕਈ ਧਮਾਕਿਆਂ ਦੀਆਂ ਧਮਕੀਆਂ ਵਾਲੀਆਂ ਈ-ਮੇਲਾਂ ਮਿਲੀਆਂ, ਜਿਸ ਤੋਂ ਤੁਰੰਤ ਬਾਅਦ ਪੁਲਸ ਅਤੇ ਬੰਬ ਨਿਰੋਧਕ ਦਸਤੇ ਨੇ ਤਲਾਸੀ ਮੁਹਿੰਮ ਚਲਾਈ। ਜਾਣਕਾਰੀ ਅਨੁਸਾਰ ਮੁੰਬਈ ਪੁਲਸ ਨੂੰ ਕੋਲਾਬਾ ਦੇ ਛਤਰਪਤੀ ਸਿ਼ਵਾਜੀ ਮਹਾਰਾਜ ਮਿਊਜ਼ੀਅਮ ਅਤੇ ਵਰਲੀ ਦੇ ਨਹਿਰੂ ਵਿਗਿਆਨ ਕੇਂਦਰ ਸਮੇਤ ਪ੍ਰਮੁੱਖ ਮਿਊਜ਼ੀਆਮਾਂ ਨੂੰ ਧਮਾਕੇ ਦੀਆਂ ਧਮਕੀਆਂ ਵਾਲੀਆਂ ਈ-ਮੇਲਾਂ ਮਿਲੀਆਂ ਹਨ।


**PUBLIC NOTICE**

I hitherto known as DHARM VEER alias DHARAM VIR S/O LACHHMAN residing at 70 ,PHASE-3, JJ CLUSTER,MADANPUR KHADAR ,SARITA VIHAR, P O: SARITA VIHAR ,SOUTH DELHI ,DELHI-110076 .have changed my name and shall hereafter be known as DHARAM VIR.

**NAME CHANGE**

I, Sapana w/o No 2807662Y Hav khairnar dipak wanji Vill- kotbel Post-kotbel Tel- satana Dist - Nashik Pin - 423301 Have changed name from sapana to sapana dipak khairnar for all future purpose vide Affiliate Date 06 Jan 2024 before Notary public Delhi

**PUBLIC NOTICE**

I hitherto known as JASMINE KAUR NANDA alias JASMINE KAUR alias JASMINE D/O HARGOPAL SINGH W/O PUNEET NANDA residing at WZ-22, MUKHRAM PARK , TILAK NAGAR, WEST DELHI, DELHI- 110018. have changed my name and shall hereafter be known as JASMINE KAUR NANDA

**PUBLIC NOTICE**

I hitherto known as DALBEER alias DALVEER SINGH S/O BEER SINGH , residing at F 85 ,GALI NO -6, PAPPU COLONY, VTC: SAHIBABAD,,DISTRICT-GHAZIABAD, UTTAR PRADESH- 201005.have changed my name and shall hereafter be known as DALVEER SINGH.

**NAME CHANGE**

I hitherto known as REETU D/o AMRESH and W/o DEEPAK KUMAR, R/o 22/1, Plot No. 33, Ground Floor, Prem Nagar, Z-Block, Ph-2, Najafgarh, South West Delhi, Delhi-110043, have changed my name and shall hereafter be known as REETU SHARMA.

**PUBLIC NOTICE**

I hitherto known as SAPNA alias SWATI KUMARI D/O TRILOKI NATH KUMAR W/O KULDEEP, residing at A/8/29, first floor, Rana Pratap Bagh, Malkaganj ,SO:North Delhi Delhi - 110007.have changed my name and shall hereafter be known as SWATI KUMARI.

**NAME CHANGE**

I, D MADHU KUMARI wife of 15326990Y Rank-HAV Name-SRINIVASA RAO DOMPAKA presently residing at VILL-KOLLIVALASA, PO-TALASAMUDRAM, MANDAL-POLAKI, DISTT-SRIKAKULAM, A.P-532429 have changed my name from D MADHU KUMARI to DOMPAKA MADHU KUMARI for all future purposes vide affidavit dated 06/01/2024 before Notary Public, Delhi.

**NAME CHANGE**

I, SUMAN DEVI wife of No.16021700K Rank-NK Name-SURESH KUMAR presently residing at VPO-KALANA, TEH-BHADRA, DISTT-HANUMANGARH, RAJASTHAN-335502 have changed my name from SUMAN DEVI to SUMAN HUDDA for all future purposes vide Affidavit Dated 06/01/2024 before Notary Public, Delhi.

**PUBLIC NOTICE**

It is for general information that I, HARI KUMAR S/o RADHAKRISHNAN NAIR, R/o H.No.- A 26, Police Colony, Saraswati Vihar, North West Delhi, Delhi-110034 declare that name of mine and my Father has been wrongly written as HARIKUMAR R S and M RADHAKRISHNAN NAIR respectively in my all Educational Documents. The actual name of mine is HARI KUMAR and my Father RADHAKRISHNAN NAIR respectively, which may be amended accordingly.

**NAME CHANGE**

I, KATHANA Mother of JC-391600M Rank-NB SUB Name-HARIHARA SUDAN C R/o H NO-97, 4th STREET, THENDRAL NAGAR, VILL-KALANGAL, PO-SULUR, DIST-COIMBATORE, TAMIL NADU-641402, in my son's service records my date of birth wrongly mentioned as 01/07/1956 instead of my correct date of birth as 15/10/1960 vide affidavit dated 06/01/2024 before Notary Public, Delhi.

**PUBLIC NOTICE**

It is for general information that I, PRIYANSHU S/o RAJBIR SINGH residing at Village Ushmanpur, Ushmanpur (181), Rewari, Haryana - 123035 declare that the name of my Father and my Mother have been wrongly written as RAJVIR and PRAMILA in my 10th & 12th Class Educational Documents. The actual name of my Father and Mother are RAJBIR SINGH and PARMILA respectively which may be amended accordingly.

**NAME CHANGE**

I, IC-58371N COL HAOBAM ROMESH SINGH S/o LATE H TOLLANGOU SINGH residing at C-14, RD APARTMENT, PLOT NO-20, SEC-6, DWARKA, DELHI-110075, have changed my minor daughter's name from HAOBAM ROANI DEVI to HAOBAM ROOHANI DEVI for all future purposes vide Affidavit dated 06/01/2024 before Notary public Delhi.

**NAME CHANGE**

It is for general information that I, ANJALI RAJPUT D/O KARAN PAL SINGH, R/o Khasra No. 1248, B-Block, Near Old Shiv Mandir, Village Rangpuri, Malik Pur Kohi alias Rang Puri, PO: Mahipalpur, DIST: South West Delhi, Delhi-110037, declare that name of mine and my father have been wrongly written as ANJALI and KP SINGH respectively in my CBSE class 10th (Roll No. 8191625) Marksheet cum Certificate, Passport No. W5692107 and as ANJALI and KP SINGH in my 12th (Roll No. 9200109) Marksheet and Certificates, and in my University Graduation and as ANJALI in my PAN Card No. DINPA7318K. The actual name of mine and my father are ANJALI RAJPUT and KARAN PAL SINGH respectively.

**NAME CHANGE**

I, ADHILAKSIMI mother of 15326990Y Rank-HAV Name-SRINIVASA RAO DOMPAKA presently residing at VILL-KOLLIVALASA, PO-TALASAMUDRAM, MANDAL-POLAKI, DISTT-SRIKAKULAM, A.P-532429 have changed my name from ADHILAKSIMI to DOMPAKA ADILAXMI for all future purposes and in my son's service records my date of birth wrongly mentioned as 01/07/1966 instead of my correct date of birth as 01/01/1967 vide affidavit dated 06/01/2024 before Notary Public, Delhi.


## ਦਫ਼ਤਰ ਮੁੱਖ ਨਿਰਵਾਚਨ ਅਧਿਕਾਰੀ, ਦਿੱਲੀ

OFFICE OF THE CHIEF ELECTORAL OFFICER, DELHI

ਪੁਰਾਣਾ ਸੇਂਟ ਸਟੀਫਨ ਕੌਲਜ ਭਵਨ,
ਕਸ਼ਮੀਰੀ ਗੇਟ, ਦਿੱਲੀ-110006

Old St. Stephen's College Building
Kashmere Gate, Delhi-110006
Email : osdmedia2024@gmail.com

### ਜਨਤੱਕ ਸੂਚਨਾ

**ਚੋਣ ਸਮਾਪਤੀ ਦੇ ਨਿਯਤ ਸਮੇਂ ਤੋਂ ਪਹਿਲਾਂ ਅੜਤਾਲੀ (48) ਘੰਟੇ 'ਚ ਸਾਰਵਜਨਕ ਬੈਠਕਾਂ, ਚਲਚਿਤਰ, ਟੇਲੀਵਿਜਨ ਜਾਂ ਉਸੀ ਪ੍ਰਕਾਰ ਦੇ ਹੋਰ ਉਪਕਰਨਾਂ ਦੇ ਮਾਧਿਅਮ ਤੋਂ ਕਿਸੀ ਵੀ ਰਾਜਨੀਤਿਕ ਵਿਗਿਆਪਨਾਂ (ਚੋਣਾਂ ਤੋਂ ਸੰਬੰਧਿਤ) ਦੇ ਪ੍ਰਦਰਸ਼ਨ ਅਤੇ ਜਨਸਭਾ 'ਤੇ ਪ੍ਰਤੀਬੰਧ**

ਜਨਸਾਧਾਰਨ, ਸਾਰੇ ਇਲੇਕਟ੍ਰੌਨਿਕ ਮੀਡੀਆ ਹਾਊਸ, ਰਾਜਨੀਤਿਕ ਦਲਾਂ ਅਤੇ ਚੋਣ ਲੜਨ ਵਾਲੇ ਸਾਰੇ ਉਮੀਦਵਾਰਾਂ ਨੂੰ ਲੋਕ ਪ੍ਰਤੀਨਿਧਤਾ, 1951 ਦੀ ਧਾਰਾ 126 ਵੱਲ ਖਿੱਚਿਆ ਜਾਂਦਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕਿਸੇ ਵੀ ਚੋਣ ਦੇ ਸਮਾਪਤੀ ਲਈ ਨਿਰਧਾਰਤ ਸਮੇਂ ਤੋਂ ਅੜਤਾਲੀ (48) ਘੰਟੇ ਘੰਟਿਆਂ ਦੌਰਾਨ ਪੋਲਿੰਗ ਖੇਤਰ ਵਿੱਚ : -

**(1) ਕੋਈ ਵੀ ਵਿਅਕਤੀ-**

(ਕ) ਕਿਸੇ ਚੋਣ ਦੇ ਸਬੰਧ ਵਿੱਚ ਕਿਸੇ ਜਨਤਕ ਮੀਟਿੰਗ ਜਾਂ ਜਲੂਸ ਨੂੰ ਬੁਲਾਓ, ਆਯੋਜਿਤ ਕਰੋ, ਹਾਜਰ ਹੋਵੋ, ਭਾਗ ਲਓ, ਜਾਂ ਸੰਬੋਧਿਤ ਕਰੋ: ਜਾਂ

(ਖ) ਸਿਨੇਮਾ, ਟੈਲੀਵਿਜਨ ਜਾਂ ਇਸ ਤਰ੍ਹਾਂ ਦੇ ਸਾਧਨਾਂ ਰਾਹੀਂ ਜਨਤਾ ਲਈ ਚੋਣ ਸੰਬੰਧੀ ਕੋਈ ਵੀ ਮਾਮਲਾ ਪ੍ਰਦਰਸ਼ਿਤ ਨਹੀਂ ਕਰੇਗਾ; ਜਾਂ

(ਗ) ਕਿਸੇ ਵੀ ਸੰਗੀਤਕ ਸਮਾਰੋਹ ਜਾਂ ਕਿਸੇ ਨਾਟਕੀ ਪ੍ਰਦਰਸਨ ਜਾਂ ਕਿਸੇ ਹੋਰ ਮਨੋਰੰਜਨ ਜਾਂ ਮਨੋਰੰਜਨ ਦਾ ਆਯੋਜਨ ਜਾਂ ਪ੍ਰਬੰਧ ਕਰਕੇ, ਜਨਤਾ ਦੇ ਮੈਂਬਰਾਂ ਨੂੰ ਇਸ ਵੱਲ ਆਕਰਸ਼ਿਤ ਕਰਨ ਦੇ ਉਦੇਸ ਨਾਲ ਜਨਤਾ ਦੇ ਸਾਹਮਣੇ ਕਿਸੇ ਵੀ ਚੋਣ ਸੰਬੰਧੀ ਮਾਮਲੇ ਦਾ ਪ੍ਰਚਾਰ ਕਰੇਗਾ;

ਉਕਤ ਐਕਟ ਦੀ ਧਾਰਾ 126 ਦੀ ਉਪ ਧਾਰਾ 2 ਦੇ ਅਨੁਸਾਰ, ਇਹ ਸੂਚਿਤ ਕੀਤਾ ਜਾਂਦਾ ਹੈ ਕਿ ਕਿਸੇ ਵੀ ਵਿਅਕਤੀ ਦੁਆਰਾ ਉਪ-ਧਾਰਾ (1) ਦੇ ਉਪਬੰਧਾਂ ਦੀ ਉਲੰਘਣਾ ਕਰਨਾ ਸਜਾਯੋਗ ਹੈ। ਇਹ ਇੱਕ ਮਿਆਦ ਲਈ ਕੈਦ, ਜੋ ਕਿ ਦੋ ਸਾਲ ਤੱਕ ਵਧ ਸਕਦੀ ਹੈ, ਜਾਂ ਜੁਰਮਾਨਾ, ਜਾਂ ਦੋਵਾਂ ਨਾਲ ਸਜਾਯੋਗ ਹੋਵੇਗੀ।

ਇਸ ਤੋਂ ਇਲਾਵਾ, ਸੈਕਸ਼ਨ 126 (3) ਵਿਚ ਕਿਹਾ ਗਿਆ ਹੈ ਕਿ ਚੋਣ ਸਮਗਰੀ ਦਾ ਭਾਵ ਹੈ ਚੋਣ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਜਾਂ ਪ੍ਰਭਾਵਿਤ ਕਰਨ ਲਈ ਤਿਆਰ ਕੀਤੀ ਗਈ ਕੋਈ ਵੀ ਸਮੱਗਰੀ ਦਾ ਵਰਤੋ ਕਰਨਾ।

ਇਸ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਉਪਬੰਧਾਂ ਦੀ ਪਾਲਣਾ ਕਰੋ ਅਤੇ ਕਿਸੇ ਵੀ ਮੀਟਿੰਗ ਵਿੱਚ ਸਾਮਲ ਨਾ ਹੋਵੋ ਜਾਂ ਜਲੂਸ ਨੂੰ ਬੁਲਾਓ, ਆਯੋਜਿਤ ਨਾ ਕਰੋ, ਹਿੱਸਾ ਲਓ ਜਾਂ ਸੰਬੋਧਨ ਨਾ ਕਰੋ ਅਤੇ ਇਹ ਅੱਗੇ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਸਮੇਂ ਦੌਰਾਨ, ਪਾਰਟੀਆਂ/ਸੰਸਥਾਵਾਂ/ਉਮੀਦਵਾਰ ਉਪਰੋਕਤ ਦੱਸੇ ਮਾਧਿਅਮਾਂ (ਰੇਡੀਓ, ਟੈਲੀਵਿਜਨ, ਸੋਸਲ ਮੀਡੀਆ, ਲਾਈਵ ਮੀਡੀਆ ਆਦਿ ਸਮੇਤ ਇਲੈਕਟ੍ਰਾਨਿਕ ਮੀਡੀਆ ਆਦਿ ਦੀ ਵਰਤੋਂ ਨਹੀਂ ਕਰਨਗੇ। .) ਲੋਕ ਸਭਾ-2024 ਨਾਲ ਸਬੰਧਤ ਰਾਜਨੀਤਿਕ ਕਿਸਮ ਦੇ ਇਸਤਿਹਾਰਾਂ ਦਾ ਪ੍ਰਸਾਰਣ ਜਾਂ ਪ੍ਰਚਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਇਹ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਸਮੇਂ ਦੌਰਾਨ ਮੁੱਖ ਪ੍ਰਚਾਰਕਾਂ ਅਤੇ ਹੋਰ ਰਾਜਨੀਤਿਕ ਨੇਤਾਵਾਂ ਨੂੰ ਚੋਣ ਸੰਬੰਧੀ ਕਿਸੇ ਵੀ ਵਿਸੇ 'ਤੇ ਪ੍ਰੈਸ ਕਾਨਫਰੰਸਾਂ ਅਤੇ ਇੰਟਰਵਿਊਆਂ ਰਾਹੀਂ ਮੀਡੀਆ ਨੂੰ ਸੰਬੋਧਨ ਕਰਨ ਤੋਂ ਬਚਣਾ ਚਾਹੀਦਾ ਹੈ।

ਇਸ ਤੋਂ ਇਲਾਵਾ, ਇਹ ਸੂਚਿਤ ਕੀਤਾ ਜਾਂਦਾ ਹੈ ਕਿ ਰਾਸਟਰੀ ਰਾਜਧਾਨੀ ਖੇਤਰ ਦਿੱਲੀ ਵਿੱਚ ਲੋਕ ਸਭਾ ਦੀਆਂ ਆਮ ਚੋਣਾਂ 25.05.2024 (ਸ਼ਨੀਵਾਰ) ਨੂੰ ਸਵੇਰੇ 07.00 ਵਜੇ ਤੋਂ ਸਾਮ 06.00 ਵਜੇ ਤੱਕ ਹੋਣਗੀਆਂ।

**ਇਹ ਜਾਣਕਾਰੀ ਸਬੰਧਤ ਧਿਰਾਂ ਦੇ ਮਾਰਗਦਰਸਨ ਅਤੇ ਪਾਲਣਾ ਲਈ ਜਾਰੀ ਕੀਤੀ ਜਾਂਦੀ ਹੈ।**

ਹ0
ਗੌਰਵ ਯਾਦਵ
ਸੰਯੁਕਤ ਮੁੱਖ ਚੋਣ ਅਧਿਕਾਰੀ

DIP/Shabdarth/Classified/0069/24-25

# ਖੁਰਜਾ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਜਾਮ ਤੋਂ ਰਾਹਤ ਮਿਲੇਗੀ




**ਖੁਰਜਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਨੀ ਮਿੱਟੀ ਦੇ ਬਰਤਨ ਸ਼ਹਿਰ ਵਜੋਂ ਮਸ਼ਹੂਰ ਖੁਰਜਾ ਸ਼ਹਿਰ ਸਵੇਰ ਤੋਂ ਹੀ ਭਾਰੀ ਟ੍ਰੈਫਿਕ ਜਾਮ ਦੀ ਸਮੱਸਿਆ ਨਾਲ ਜੂਝ ਰਿਹਾ ਸੀ। ਹਾਲਾਤ ਇੰਨੇ ਖਰਾਬ ਹੋ ਗਏ ਸਨ ਕਿ ਆਮ ਲੋਕ ਵੀ ਬਾਹਰ ਨਿਕਲਣ ਤੋਂ ਅਸਮਰੱਥ ਸਨ। ਜਨਤਾ ਵੀ ਆਪਣੇ ਵਿਵੇਕ ਦੀ ਵਰਤੋਂ ਨਹੀਂ ਕਰ ਰਹੀ ਸੀ। ਅਤੇ ਉਥੇ ਮੌਜੂਦ ਪੁਲਿਸ ਅਧਿਕਾਰੀ ਵੀ ਮੂਕ ਦਰਸ਼ਕ ਬਣ ਕੇ ਸਾਰੀ ਸਥਿਤੀ ਨੂੰ ਦੇਖ ਰਹੇ ਸਨ।

ਜ਼ਿਲ੍ਹਾ ਮੈਜਿਸਟ੍ਰੇਟ ਅਤੇ ਸੀਨੀਅਰ ਕਪਤਾਨ ਪੁਲਿਸ ਦੇ ਨਿਰਦੇਸ਼ਾਂ ਅਨੁਸਾਰ ਖੁਰਜਾ ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ ਨੂੰ ਲੈ ਕੇ ਉਪ ਜ਼ਿਲ੍ਹਾ ਮੈਜਿਸਟ੍ਰੇਟ ਖੁਰਜਾ, ਕਾਰਜ ਸਾਧਕ ਅਫ਼ਸਰ ਖੁਰਜਾ ਅਤੇ ਇਲਾਕਾ ਮੈਜਿਸਟਰੇਟ ਖੁਰਜਾ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਲਏ ਗਏ ਫੈਸਲੇ ਦੀ ਪਾਲਣਾ ਭਾਰੀ ਖੁਰਜਾ ਬੱਸ ਸਟੈਂਡ ਤੋਂ ਜੇਵਰ ਅੱਡਾ ਰਾਹੀਂ ਦਾਤਾਰਾਮ ਚੌਂਕ ਆਉਣ ਵਾਲੇ ਵਾਹਨਾਂ ਨੂੰ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਰੋਕਿਆ ਜਾਵੇਗਾ। ਸਾਰੇ ਵਪਾਰੀਆਂ ਅਤੇ ਮਾਲ ਵਾਹਨਾਂ ਦੇ ਮਾਲਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸਬੰਧੀ ਬੋਰਡ ਚੌਰਾਹਿਆਂ 'ਤੇ ਲਗਾਏ ਗਏ ਹਨ। ਸਾਰਿਆਂ ਨੂੰ ਇਸ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਨਹੀਂ ਤਾਂ ਪੁਲਿਸ ਵਿਭਾਗ ਨਿਯਮਾਂ ਅਨੁਸਾਰ ਕਾਰਵਾਈ ਕਰਕੇ ਚਲਾਨ ਕੱਟੇਗਾ। ਨਗਰ ਪਾਲਿਕਾ ਪ੍ਰਧਾਨ ਸ੍ਰੀਮਤੀ ਅੰਜਨਾ ਸਿੰਘਲ ਨੇ ਸਮੂਹ ਖੁਰਜਾ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਅਤੇ ਖੁਰਜਾ ਨੂੰ ਜਾਮ ਮੁਕਤ ਬਣਾਉਣ ਵਿੱਚ ਯੋਗਦਾਨ ਪਾਉਣ।

# ਹਰਿਆਣਾ ਵਿਚ ਹੋਣ ਵਾਲੇ ਲੋਕਸਭਾ ਆਮ ਚੋਣ ਨੂੰ ਲੈ ਕੇ ਚੋਣ ਵਿਭਾਗ ਪੂਰੀ ਤਰ੍ਹਾ ਤਿਆਰ - ਅਨੁਰਾਗ ਅਗਰਵਾਲ

**ਚੰਡੀਗੜ੍ਹ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ 25 ਮਈ, 2024 ਨੂੰ ਹਰਿਆਣਾ ਵਿਚ ਹੋਣ ਵਾਲੇ ਲੋਕਸਭਾ ਆਮ ਚੋਣ ਨੂੰ ਲੈ ਕੇ ਚੋਣ ਵਿਭਾਗ ਪੂਰੀ ਤਰ੍ਹਾ ਤਿਆਰ ਹੈ। ਇਸ ਤੋਂ ਇਲਾਵਾ, ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਚੋਣ ਪ੍ਰਕ੍ਰਿਆ ਨਾਲ ਜੁੜੇ ਸਾਰੇ ਵਿਭਾਗਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਇਸ ਲੜੀ ਵਿਚ ਹਰਿਆਣਾ ਨੇ ਕਈ ਅਨੋਖੀ ਪਹਿਲ ਕੀਤੀਆਂ ਹਨ।

ਉਨ੍ਹਾਂ ਨੇ ਦਸਿਆ ਕਿ ਸੂਬੇ ਵਿਚ ਵੋਟਰਾਂ ਨੂੰ ਵੱਖ-ਵੱਖ ਸਰੋਤਾਂ ਨਾਲ ਵੱਧ ਤੋਂ ਵੱਧ ਜਾਗਰੁਕ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਪਿਛਲੇ ਲੋਕਸਭਾ ਚੋਣ 2019 ਤੋਂ ਵੱਧ ਚੋਣ ਫੀਸਦੀ ਲੋਕਸਭਾ ਚੋਣ 2024 ਵਿਚ ਵਧੇ। ਉਨ੍ਹਾਂ ਨੇ ਦਸਿਆ ਕਿ ਭਾਰਤੀ ਵੈਸੇ ਵੀ ਵਿਸ਼ਵ ਦੀ ਸੱਭ ਤੋਂ ਵੱਡੀ ਲੋਕਤਾਂਤਰਿਕ ਪ੍ਰਣਾਲੀ ਦਾ ਹਿੱਸਾ ਹੈ। ਸਾਲ 2024 ਵਿਚ 17 ਦੇਸ਼ਾਂ ਵਿਚ ਸੰਸਦੀ ਚੋਣ ਹੋਣ ਦਾ ਪ੍ਰੋਗ੍ਰਾਮ ਨਿਰਧਾਰਿਤ ਹੈ ਅਤੇ ਸੱਭ ਤੋਂ ਪਹਿਲਾਂ ਭਾਰਤ ਵਿਚ ਸੰਸਦੀ ਚੋਣ ਹੋ ਰਹੇ ਹਨ। ਇਸ ਲਈ ਪੂਰਾ ਵਿਸ਼ਵ ਭਾਰਤ ਦੇ ਵੱਲ ਦੇਖ ਰਿਹਾ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਵਿਸ਼ਵ ਦਾ ਹਰ ਦੇਸ਼ ਚਾਹੁੰਦਾ ਹੈ ਕਿ ਭਾਰਤ ਦੀ ਨਿਰਪੱਖ, ਪਾਰਦਰਸ਼ੀ ਚੋਣ ਪ੍ਰਕ੍ਰਿਆ ਉਨ੍ਹਾਂ ਦੇ ਦੇਸ਼ ਵਿਚ ਵੀ ਲਾਗੂ ਹੋਵੇ, ਕਈ ਦੇਸ਼ਾਂ ਦੇ ਚੋਣ ਕਮਿਸ਼ਨਾਂ ਨੇ ਭਾਰਤ ਦੇ ਚੋਣ ਕਮਿਸ਼ਨ ਦਾ ਦੌਰਾ ਕੀਤਾ ਹੈ ਅਤੇ ਚੋਣ ਪ੍ਰਕ੍ਰਿਆ ਸੰਚਾਲਨ ਨਾਲ ਸਬੰਧਿਤ ਜਾਣਕਾਰੀਆਂ ਹਾਸਲ ਕੀਤੀਆਂ ਹਨ।

ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਵਿਸ਼ਵ ਦਾ ਸੱਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਭਾਰਤ ਵਿਚ ਲੋਕਤੰਤਰ ਜਨਤਾ ਦਾ, ਜਨਤਾ ਦੇ ਲਈ ਅਤੇ ਜਨਤਾ ਵੱਲੋਂ ਸ਼ਾਸਨ ਹੈ। ਇਸ ਲਈ ਚੋਣਾਂ ਵਿਚ ਹਰ ਵੋਟਰ ਨੂੰ ਚੋਣ ਵਿਚ ਹਿੱਸਾ ਜਰੂਰ ਲੈਣਾ ਚਾਹੀਦਾ ਹੈ। ਵੋਟਰ ਨੂੰ ਆਪਣੇ ਵੋਟ ਦੀ ਗੁਪਤਤਾ ਬਣਾਏ ਰੱਖਣੀ ਜਰੂਰੀ ਹੈ ਅਤੇ ਬਿਨ੍ਹਾਂ ਕਿਸੇ ਲੋਭ-ਲਾਲਚ ਤੇ ਦਬਾਅ ਤੋਂ ਬੱਚਦੇ ਹੋਏ ਚੋਣ ਕਰਨਾ ਚਾਹੀਦਾ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਵੋਟਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ 25 ਮਈ, 2024 ਨੂੰ ਘਰਾਂ ਤੋਂ ਨਿਕਲ ਕੇ ਚੋਣ ਕੇਂਦਰਾਂ 'ਤੇ ਜਾ ਕੇ ਵੋਟ ਜਰੂਰ ਕਰਨ। ਚੋਣ ਦਾ ਦਿਨ ਪਰਵ ਦੀ ਤਰ੍ਹਾ ਮਨਾਉਣ ਅਤੇ ਪੂਰੇ ਉਤਸਾਹ ਦੇ ਨਾਲ ਹਿੱਸਾ ਲੈਣਾ ਚਾਹੀਦਾ ਹੈ। ਚੋਣ ਕਰ ਕੇ ਹੀ ਅਸੀਂ ਲੋਕਤੰਤਰ ਨੂੰ ਮਜਬੂਤ ਬਣਾ ਸਕਦੇ ਹਨ।

# ਹਰਿਆਣਾ ਵਿਚ ਜਬਤ ਕੀਤੀ ਗਈ 11.50 ਕਰੋੜ ਰੁਪਏ ਦੀ ਨਗਦੀ

**ਚੰਡੀਗੜ੍ਹ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਲੋਕਸਭਾ ਆਮ ਚੋਣ-2024 ਨੂੰ ਪੂਰੀ ਤਰ੍ਹਾ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਸਪੰਨ ਕਰਵਾਉਣ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸਾਰੇ ਦਿਸ਼ਾ-ਨਿਰਦੇਸ਼ਾਂ ਦੇ ਨਾਲ-ਨਾਲ ਚੋਣ ਜਾਬਤਾ ਦੀ ਪਾਲਣਾ ਯਕੀਨੀ ਕੀਤੀ ਜਾ ਰਹੀ ਹੈ। ਵੋਟਰਾਂ ਨੂੰ ਕਿਸੇ ਵੀ ਤਰ੍ਹਾ ਦੇ ਲੋਭ-ਲਾਲਚ ਤੋਂ ਬਚਾਉਣ ਲਈ ਕਮਿਸ਼ਨ ਪੂਰੀ ਤਰ੍ਹਾ ਸਖਤ ਹੈ ਅਤੇ ਰਾਜ ਵਿਚ ਵੱਖ-ਵੱਖ ਹੇਜੰਸੀਆਂ ਵੱਲੋਂ ਅਵੈਧ ਸ਼ਰਾਬ, ਨਸ਼ੀਲੇ ਪਦਾਰਥ ਤੇ ਨਗਦ ਰਕਮ ਦੀ ਮੂਵਮੈਂਟ 'ਤੇ ਪੈਨੀ ਨਜਰ ਰੱਖੀ ਜਾ ਰਹੀ ਹੈ। ਹੁਣ ਤਕ 11.50 ਕਰੋੜ ਦੀ ਨਗਦ ਰਕਮ ਜਬਤ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ, 44.69 ਕਰੋੜ ਰੁਪਏ ਦੀ ਅਵੈਧ ਸ਼ਰਾਬ , ਨਸ਼ੀਲੇ ਪਦਾਰਥ ਤੇ ਕੀਮਤੀ ਵਸਤੂਆਂ ਵੀ ਜਬਤ ਕੀਤੀਆਂ ਗਈਆਂ ਹਨ।

ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਹਰਿਆਣਾ ਵਿਚ ਲੋਕਸਭਾ ਆਮ ਚੋਣ 2024 ਨੂੰ ਨਿਰਪੱਖ, ਸੁਤੰਤਰ ਅਤੇ ਪਾਰਦਰਸ਼ੀ ਢੰਗ ਨਾਲ ਸਪੰਨ ਕਰਵਾਉਣ ਲਈ ਚੋਣ ਕਮਿਸ਼ਨ ਦੇ ਨਾਲ-ਨਾਲ ਹੋਰ ਏਨਫੋਰਸਮੈਂਟ ਏਜੰਸੀਆਂ ਵੱਲੋਂ ਵੀ ਲਗਾਤਾਰ ਅਵੈਧ ਸ਼ਰਾਬ, ਨਸ਼ੀਲੇ ਪਦਾਰਥ ਅਤੇ ਨਗਦ ਰਕਮ ਦੀ ਮੂਵਮੈਂਟ 'ਤੇ ਪੇਨੀ ਨਜਰ ਰੱਖੀ ਜਾ ਰਹੀ ਹੈ। ਉਨ੍ਹਾਂ ਨੇ ਦਸਿਆ ਕਿ ਚੋਣ ਜਾਬਤਾ ਲਾਗੂ ਹੋਣ ਦੇ ਬਾਅਦ ਸੂਬੇ ਵਿਚ ਪੁਲਿਸ , ਇੰਕਮ ਟੈਕਸ ਵਿਭਾਗ, ਆਬਕਾਰੀ ਅਤੇ ਕਰਾਧਾਨ ਵਿਭਾਗ ਅਤੇ ਮਾਲ ਆਸੂਚਨਾ ਮੁੱਖ ਦਫਤਰ (ਡੀਆਰਆਈ) ਵੱਲੋਂ ਉਪਰੋਕਤ ਕਾਰਵਾਈ ਕੀਤੀ ਗਈ ਹੈ।

ਸ੍ਰੀ ਅਗਰਵਾਲ ਨੇ ਦਸਿਆ ਕਿ ਕੁੱਲ 11.50 ਕਰੋੜ ਰੁਪਏ ਦੀ ਨਗਦ ਰਕਮ ਜਬਤ ਕੀਤੀ ਗਈ, ਜਿਸ ਵਿਚ ਪੁਲਿਸ ਵੱਲੋਂ 5.48 ਕਰੋੜ ਰੁਪਏ, ਇੰਕਮ ਟੈਕਸ ਵਿਭਾਗ, ਵੱਲੋਂ 3.03 ਕਰੋੜ ਰੁਪਏ, ਆਬਕਾਰੀ ਵਿਭਾਗ ਅਤੇ ਡੀਆਰਆਈ ਵੱਲੋਂ ਲਗਭਗ 2.98 ਕਰੋੜ ਰੁਪਏ ਦੀ ਨਗਦ ਰਕਮ ਜਬਤ ਕੀਤਾ ਜਾਣਾ ਸ਼ਾਮਿਲ ਹੈ। ਇਸੀ ਤਰ੍ਹਾ, ਵੱਖ-ਵੱਖ ਏਜੰਸੀਆਂ ਵੱਲੋਂ ਕੁੱਲ 12.54 ਕਰੋੜ ਰੁਪਏ ਦੀ ਕੀਮਤ ਦੀ 3,83,038 ਲੀਟਰ ਤੋਂ ਵੱਧ ਅਵੈਧ ਸ਼ਰਾਬ ਫੜੀ ਗਈ ਹੈ। ਇਸ ਵਿਚ ਪੁਲਿਸ ਵੱਲੋਂ 875.53 ਲੱਖ ਰੁਪਏ ਦੀ ਕਮੀਤ ਦੀ 2,78,613 ਲੀਟਰ ਅਤੇ ਆਬਕਾਰੀ ਵਿਭਾਗ ਵੱਲੋਂ 379 ਲੱਖ ਰੁਪਏ ਦੀ ਕੀਮਤ ਦੀ 1,04,401 ਲੀਟਰ ਅਵੈਧ ਸ਼ਰਾਬ ਫੜਿਆ ਜਾਣਾ ਸ਼ਾਮਿਲ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਏਜੰਸੀਆਂ ਵੱਲੋਂ ਕੁੱਲ 63.04 ਕਿਲੋ ਨਸ਼ੀਲੇ ਪਦਾਰਥ ਜਬਤ ਕੀਤੇ ਗਏ ਹਨ, ਜਿਨ੍ਹਾਂ ਦੀ ਕੀਮਤ 13.32 ਕਰੋੜ ਰੁਪਏ ਹੈ, ਪੁਲਿਸ ਵੱਲੋਂ 13.28 ਕਰੋੜ ਰੁਪਏ ਦੀ ਕੀਮਤ ਦੇ ਨਸ਼ੀਲੇ ਪਦਾਰਥ ਜਬਤ ਕੀਤੇ ਗਏ ਹਨ। ਇਸ ਤੋਂ ਇਲਾਵਾ, ਐਨਸੀਬੀ ਨੇ ਵੀ 2 ਕਿਲੋ ਨਸ਼ੀਲੇ ਪਦਾਰਥ ਫੜੇ ਹਨ, ਜਿਨ੍ਹਾਂ ਦੀ ਕੀਮਤ 4 ਲੱਖ ਰੁਪਏ ਹੈ। ਇੰਨ੍ਹਾਂ ਹੀ ਨਹੀਂ 15.84 ਕਰੋੜ ਰੁਪਏ ਦੇ ਕੀਮਤੀ ਸਮਾਨ ਅਤੇ 2.97 ਕਰੋੜ ਰੁਪਏ ਦੀ ਹੋਰ ਵਸਤੂਆਂ ਨੂੰ ਵੀ ਜਬਤ ਕੀਤਾ ਗਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਰਾਜ ਦੇ ਵੋਟਰ ਵੀ ਚੋਣ ਜਾਬਤਾ ਨੂੰ ਲੈ ਕੇ ਬੇਹੱਦ ਜਾਗਰੁਕ ਨਜਰ ਆ ਰਹੀ ਹੈ। ਨਾਗਰਿਕ ਸੀ-ਵਿਜਿਲ ਮੋਬਾਇਲ ਐਪ 'ਤੇ ਚੋਣ ਜਾਬਤ ਦੇ ਉਲੰਘਣ ਦੀ ਸ਼ਿਕਾਇਤ ਕਮਿਸ਼ਨ ਨੂੰ ਭੇਜ ਰਹੇ ਹਨ। ਜਿੰਦਾਂ ਹੀ ਉਨ੍ਹਾਂ ਨੂੰ ਚੋਣ ਜਾਬਤਾ ਦੇ ਉਲੰਘਣ ਦੀ ਜਾਣਕਾਰੀ ਮਿਲਦੀ ਹੈ, ਉਦਾਂ ਹੀ ਉਹ ਚੋਣ ਕਮਿਸ਼ਨ ਨੂੰ ਆਪਣੀ ਸ਼ਿਕਾਇਤਾਂ ਭੇਜਦੇ ਹਨ। ਇੰਨ੍ਹਾਂ ਸ਼ਿਕਾਇਤਾਂ ਦਾ 100 ਮਿੰਟ ਦੇ ਅੰਦਰ ਹੱਲ ਕੀਤਾ ਜਾਂਦਾ ਹੈ। ਆਮਜਨ ਸੀ-ਵਿਜਿਲ ਮੋਬਾਇਲ ਐਪ ਰਾਹੀਂ ਸਿਸਟਮ ਵਿਚ ਆਪਣੀ ਭਾਗੀਦਾਰੀ ਯਕੀਨੀ ਕਰ ਰਹੇ ਹਨ, ਇਹ ਮਾਣ ਦੀ ਗੱਲ ਹੈ। ਉਨ੍ਹਾਂ ਨੇ ਵੋਟਰਾਂ ਨੂੰ ਵੀ ਅਪੀਲ ਕੀਤੀ ਹੈ ਕਿ 25 ਮਈ ਨੂੰ ਆਪਣਾ ਵੋਟ ਦੇ ਕੇ ਲੋਕਤੰਤਰ ਵਿਚ ਆਪਣੀ ਭਾਗੀਦਾਰੀ ਜਰੂਰ ਨਿਭਾਉਣ।

# ਨਰਿੰਦਰ ਮੋਦੀ ਦੁਬਾਰਾ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ: ਪੁਸ਼ਕਰ ਸਿੰਘ ਧਾਮੀ

**ਯਮੁਨਾਨਗਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਸੇਪੁਰ ਵਿੱਚ ਅੰਬਾਲਾ ਤੋਂ ਭਾਜਪਾ ਉਮੀਦਵਾਰ ਦੇ ਹੱਕ ਵਿੱਚ ਹੋਏ ਸਮਾਗਮ ਵਿੱਚ ਆਏ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਦਾਅਵਾ ਕੀਤਾ ,"ਨਰਿੰਦਰ ਮੋਦੀ ਦੁਬਾਰਾ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ।"

ਉਨ੍ਹਾਂ ਕਿਹਾ ਕਿ ਇੰਡੀਆ ਗੱਠਜੋੜ ਦੇ ਨੇਤਾ ਮੰਦਿਰ ਦੀ ਗੱਲ ਨਹੀਂ ਕਰਦੇ ਬਲਕਿ ਇੱਕ ਧਰਮ ਵਿਸ਼ੇਸ਼ ਦੇ ਲੋਕਾਂ ਦੇ ਵੋਟ ਬੈਂਕ ਦੀ ਗੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਦੇਸ਼ 'ਚ ਸਨਾਤਨ ਧਰਮ ਦੇ ਖ਼ਿਲਾਫ਼ ਵੀ ਸਾਜ਼ਿਸ਼ਾਂ ਚੱਲ ਰਹੀਆਂ ਹਨ, ਜਿਸ ਤਹਿਤ ਚਹੇਤੇ ਵਰਗ ਨੂੰ ਰਾਖਵਾਂਕਰਨ ਦੇਣ ਲਈ ਪਹਿਲਾਂ ਤੋਂ ਰਾਖਵਾਂਕਰਨ ਦਾ ਲਾਭ ਲੈਣ ਵਾਲੇ ਲੋਕਾਂ ਦੇ ਅਧਿਕਾਰਾਂ ਨੂੰ ਖਤਮ ਕਰਨ ਦੀਆਂ ਗੱਲਾਂ ਹੋਣ ਲੱਗ ਪਈਆਂ ਹਨ। ਕੁਰੂਕਸ਼ੇਤਰ ਤੋਂ ਭਾਜਪਾ ਉਮੀਦਵਾਰ ਨਵੀਨ ਜਿੰਦਲ ਅਤੇ ਅੰਬਾਲਾ ਤੋਂ ਭਾਜਪਾ ਦੇ ਉਮੀਦਵਾਰ ਬੰਤੋ ਕਟਾਰੀਆ ਦੇ ਸਮਰਥਨ ਵਿੱਚ ਯਮੁਨਾਨਗਰ ਵਿੱਚ ਕੀਤੀਆਂ ਚੋਣ ਰੈਲੀਆਂ ਵਿੱਚ ਬੋਲਦਿਆਂ ਸ੍ਰੀ ਧਾਮੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤ ਵਿਸ਼ਵ ਵਿੱਚ ਪੰਜਵੇਂ ਸਥਾਨ 'ਤੇ ਆ ਗਿਆ ਹੈ ਜੋ ਕਿ ਪਹਿਲਾਂ 11ਵੇਂ ਸਥਾਨ 'ਤੇ ਸੀ। ਉਨ੍ਹਾਂ ਕਿਹਾ ਕਿ ਦੇਵਭੂਮੀ ਵਿੱਚ 5 ਹਜ਼ਾਰ ਏਕੜ ਜ਼ਮੀਨ, ਜਿਸ 'ਤੇ ਪੀਲੀ ਅਤੇ ਨੀਲੀ ਚਾਦਰ ਦੇ ਲੋਕਾਂ ਵੱਲੋਂ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ, ਛੁਡਾਈ ਗਈ ਹੈ। ਉਨ੍ਹਾਂ ਦੱਸਿਆ ਕਿ ਦੇਵਭੂਮੀ ਵਿੱਚ ਇੱਕ ਪ੍ਰੋਗਰਾਮ ਹੋਇਆ, ਜਿਸ ਵਿੱਚ ਦੁਨੀਆ ਭਰ ਦੇ 50 ਤੋਂ ਵੱਧ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਸ਼ਿਰਕਤ ਕੀਤੀ, ਵੱਡੀ ਗਿਣਤੀ ਵਿੱਚ ਲੋਕਾਂ ਨੇ ਉਦਯੋਗ ਲਗਾਉਣ ਦੇ ਪ੍ਰਸਤਾਵ ਦਿੱਤੇ ਹਨ, ਜਿਸ ਨਾਲ ਉੱਤਰਾਖੰਡ ਵਿੱਚ ਰੁਜ਼ਗਾਰ ਅਤੇ ਮਾਲੀਆ ਵਧੇਗਾ। ਉਨ੍ਹਾਂ ਕਿਹਾ ਕਿ ਪਿਛਲੇ 60 ਸਾਲਾਂ ਤੋਂ ਕਾਂਗਰਸ ਸਰਕਾਰ ਨੇ ਦੇਸ਼ ਨੂੰ ਲੁੱਟਿਆ ਹੈ। ਪਰਿਵਾਰਵਾਦ ਦੀਆਂ ਗੱਲਾਂ ਕਰਨ ਵਾਲੇ ਇਹ ਲੋਕ ਜਾਂ ਤਾਂ ਜੇਲ੍ਹ ਵਿਚ ਹਨ ਜਾਂ ਜ਼ਮਾਨਤ 'ਤੇ ਹਨ। ਇਨ੍ਹਾਂ ਪਰਿਵਾਰਕ ਮੈਂਬਰਾਂ ਨੇ ਮੋਦੀ ਵਿਰੁੱਧ ਝੂਠ ਅਤੇ ਭੰਬਲਭੂਸੇ ਦੀ ਮੁਹਿੰਮ ਵਿੱਢੀ ਹੋਈ ਹੈ। ਇਨ੍ਹਾਂ ਲੋਕਾਂ ਨੇ ਹੀ ਐਮਰਜੈਂਸੀ ਲਗਾਈ ਸੀ, ਇਨ੍ਹਾਂ ਲੋਕਾਂ ਦੇ ਸਮੇਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਕਸ਼ਮੀਰ ਵਿਚ ਪੰਡਤਾਂ ਨੂੰ ਭੱਜਣਾ ਪਿਆ ਸੀ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਨਾ ਸਿਰਫ਼ ਭਾਜਪਾ ਹਰਿਆਣਾ ਦੀਆਂ ਸਾਰੀਆਂ ਸੀਟਾਂ ਜਿੱਤੇਗੀ ਸਗੋਂ ਇਹ ਜਿੱਤ 2014 ਅਤੇ 2019 ਤੋਂ ਵੀ ਵੱਡੀ ਹੋਵੇਗੀ।

# ਸਤਲੁਜ ਸੀਨੀਅਰ ਸੈਕੰਡਰੀ ਸਕੂਲ ਨੂੰ ਬੈਸਟ ਫੈਕਲਟੀ ਐਵਾਰਡ



**ਸ਼ਾਹਬਾਦ ਮਾਰਕੰਡਾ,20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਿਥਵੀ ਅਭਯੁੱਦਿਆ ਐਜੂਕੇਟਰ ਐਸੋਸੀਏਸ਼ਨ ਭਾਰਤ ਪੀਏਆਈ ਐਮਿਟੀ ਯੂਨੀਵਰਸਿਟੀ ਜੈਪੁਰ ਵੱਲੋਂ ਇਕ ਸਨਮਾਨ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼ਾਹਬਾਦ ਦੇ ਸਤਲੁਜ ਸੀਨੀਅਰ ਸੈਕੰਡਰੀ ਸਕੂਲ ਨੂੰ ਬੈਸਟ ਫੈਕਲਟੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਡਾ. ਆਰਐਸ ਘੁੰਮਣ ਨੇ ਦੱਸਿਆ ਕਿ ਸਕੂਲ ਪਿਛਲੇ 38 ਸਾਲਾਂ ਤੋਂ ਵਿਦਿਆ ਦੇ ਖੇਤਰ ਵਿੱਚ ਵਿਸ਼ੇਸ਼ ਮੱਲਾਂ ਮਾਰ ਕੇ ਬੱਚਿਆਂ ਨੂੰ ਤਰਾਸ਼ ਰਿਹਾ ਹੈ

# ਵਾਤਾਵਰਣ ਅਤੇ ਭੂਮੀ ਸੁਰੱਖਿਆ ਲਈ ਪੌਧਾਰੋਪਣ ਜਰੂਰੀ

**ਚੰਡੀਗੜ੍ਹ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਸ ਤਰ੍ਹਾਂ ਸ਼ਰੀਰ ਨੂੰ ਪੋਸ਼ਣ ਦੇ ਲਈ ਭੋਜਨ ਦੀ ਜਰੂਰਤ ਹੁੰਦੀ ਹੈ, ਉਸੀ ਤਰ੍ਹਾ ਵਾਤਾਵਰਣ ਨੂੰ ਸ਼ੁੱਦ ਰੱਖਣ ਲਈ ਪੇੜ-ਪੌਧਿਆਂ ਦੀ ਜਰੂਰਤ ਹੁੰਦੀ ਹੈ। ਪੇੜ-ਪੌਧਿਆਂ ਵਾਤਾਵਰਣ ਦੀ ਅਸ਼ੁੱਦੀਆਂ ਨੂੰ ਸੋਖ ਲੈਂਦੇ ਹਨ ਅਤੇ ਸਾਨੂੰ ਸ਼ੁੱਧ ਪ੍ਰਾਣਦਾਇਨੀ ਹਵਾ ਦਿੰਦੇ ਹਨ। ਵਾਤਾਵਰਣ ਤੇ ਭੂਮੀ ਸਰੰਖਣ ਲਈ ਮੌਜੂਦਾ ਸਮੇਂ ਵਿਚ ਰੁੱਖ ਰੋਪਣ ਜਰੂਰੀ ਹੈ। ਰੁੱਖ ਰੋਪਣ ਕਰ ਵਾਤਾਵਰਣ ਨੂੰ ਬਚਾਉਣ ਦਾ ਸੰਕਲਪ ਸਾਨੂੰ ਸਾਰਿਆਂ ਨੂੰ ਲੈਣ ਦੀ ਜਰੂਰਤ ਹੈ। ਸਾਡੀ ਜਿਮੇਵਾਰੀ ਹੈ ਕਿ ਵਾਤਾਵਰਣ ਸੁਧਾਰ ਲਈ ਵੱਧ ਤੋਂ ਵੱਧ ਗਿਣਤੀ ਵਿਚ ਪੌਧਾਰੋਰਣ ਕਰਨਾ ਚਾਹੀਦਾ ਹੈ।

ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਦੇ ਵਾਇਸ ਚਾਂਸਲਰ ਪ੍ਰੋਫੈਸਰ ਬੀ ਆਰ ਕੰਬੋਜ ਅੱਜ 17ਵੇਂ ਵਿਸ਼ਵ ਏਗਰੀ-ਟੂਰੀਜਮ ਦਿਵਸ ਦੇ ਮੌਕੇ 'ਤੇ ਏਗਰੀ-ਟੂਰੀਜਮ ਸੈਂਟਰ ਵਿਚ ਰੁੱਖ ਰੋਪਣ ਪ੍ਰੋਗ੍ਰਾਮ ਦੌਰਾਨ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਪੌਧੇ ਸਾਨੂੰ ਜੀਵਨ ਆਕਸੀਜਨ ਪ੍ਰਦਾਨ ਕਰਦੇ ਹਨ ਅਤੇ ਜੀਵਨ ਦਾ ਆਧਾਰ ਹਨ। ਇਸ ਲਈ ਹਰੇਕ ਵਿਅਕਤੀ ਨੂੰ ਵੱਧ ਤੋਂ ਵੱਧ ਪੌਧੇ ਜਰੂਰ ਲਗਾਉਣੇ ਚਾਹੀਦੇ ਹਨ। ਵਾਤਾਵਰਣ ਦਾ ਸੰਤੁਲਨ ਬਣਾਏ ਰੱਖਣ ਲਈ ਪੌਧਾਰੋਪਣ ਬਹੁਤ ਜਰੂਰੀ ਹੈ।

ਉਨ੍ਹਾਂ ਨੇ ਦਸਿਆ ਕਿ ਏਗਰੀ-ਟੂਰੀਜਮ ਸੈਂਟਰ ਨੂੰ ਸਥਾਪਿਤ ਕਰਨ ਦਾ ਮੁੱਖ ਉਦੇਸ਼ ਖੇਤੀਬਾੜੀ ਖੋਜਾਂ ਅਤੇ ਤਕਨਾਲੋਜੀਆਂ ਨੂੰ ਪ੍ਰੋਤਸਾਹਨ ਦੇਣਾ ਅਤੇ ਕੁਦਰਤੀ ਨੂੰ ਸਵੱਛ ਰੱਖਣ ਲਈ ਵਾਤਾਵਰਣ ਸਰੰਖਣ ਦੇ ਪ੍ਰਤੀ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੁਕ ਕਰਨਾ ਹੈ। ਨਾਲ ਹੀ ਏਗਰੀ ਇਕੋ ਸੈਰ-ਸਪਾਟਾ ਤੋਂ ਲੈ ਕੇ ਵਿਦਿਅਕ ਮੁੱਲਾਂ ਦੇ ਪ੍ਰਤੀ ਦੂਜਿਆਂ ਨੂੰ ਪ੍ਰੇਰਿਤ ਕਰਨਾ ਹੈ। ਇਸ ਤੋਂ ਇਲਾਵਾ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਜੈਵ-ਵਿਵਿਧਤਾ ਦੇ ਬਾਰੇ ਵਿਚ ਜਾਨਣ ਦਾ ਵੀ ਮੌਕਾ ਮਿਲੇਗਾ। ਏਗਰੀ-ਟੂਰੀਜਮ ਸੈਂਟਰ ਨੂੰ ਪ੍ਰੋਤਸਾਹਨ ਦੇਣ ਲਈ ਯੂਨੀਵਰਸਿਟੀ ਲਗਾਤਾਰ ਯਤਨਸ਼ੀਲ ਹੈ। ਇਸੀ ਲੜੀ ਵਿਚ ਫੂਡ ਕੋਰਅ ਤੇ ਟੀ-ਹਾਊਸ ਵਰਗੇ ਕਈ ਹੋਰ ਖਿੱਚ ਦੇ ਕੇਂਦਰ ਵੀ ਜੋੜੇ ਜਾ ਰਹੇ ਹਨ।

# ਮੋਦੀ ਦੇ 400 ਦੇ ਨਾਅਰੇ ਨੂੰ ਪੂਰਾ ਕਰੇਗੀ ਯੁਵਾ ਸ਼ਕਤੀ: ਸਾਹਿਲ ਸੁਧਾ



**ਸ਼ਾਹਬਾਦ ਮਾਰਕੰਡਾ,20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵੇਰੇ ਥੀਮ ਪਾਰਕ ਵਿੱਚ ਸੈਂਕੜੇਂ ਟਰੈਕਟਰਾਂ ਤੇ ਹਜ਼ਾਰਾਂ ਮੋਟਰਸਾਈਕਲ ਤੇ ਸਵਾਰ ਨੌਜਵਾਨ ਕਿਸਾਨਾਂ ਦੀ ਭੀੜ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੀ ਨੌਜਵਾਨ ਸ਼ਕਤੀ ਨੇ ਇਕ ਵਾਰ ਫਿਰ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਤੇ ਇਸ ਵਾਰ 400 ਨੂੰ ਪਾਰ ਕਰ ਕੇ ਇਸ ਨਾਅਰੇ ਨੂੰ ਸਾਕਾਰ ਕਰਨ ਦਾ ਸਪੱਸ਼ਟ ਸੰਕੇਤ ਦਿੱਤਾ ਹੈ।

ਭਾਜਪਾ ਯੁਵਾ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਸਾਹਿਲ ਸੁਧਾ ਦੀ ਅਗਵਾਈ ਹੇਠ ਹੋਈ ਵਿਸ਼ਾਲ ਮੋਟਰਸਾਈਕਲ ਰੈਲੀ ਵਿਚ ਭਾਜਪਾ ਉਮੀਦਵਾਰ ਨਵੀਨ ਜਿੰਦਲ ਨੇ ਸਾਹਿਲ ਸੁਧਾ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਉਨ੍ਹਾਂ ਦੇ ਸਮਰਥਨ ਵਿੱਚ ਆਏ ਸਾਰੇ ਨੌਜਵਾਨ ਕਿਸਾਨਾਂ ਤੇ ਯੁਵਾ ਸ਼ਕਤੀ ਦਾ ਸਵਾਗਤ ਕੀਤਾ। ਇਸ ਮੌਕੇ ਇੱਕਠੀ ਹੋਏ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਜਿੰਦਲ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਦਿਸ਼ਾ ਤੇ ਦਸ਼ਾ ਬਦਲਣ ਵਿੱਚ ਯੁਵਾ ਸ਼ਕਤੀ ਦੀ ਅਹਿਮ ਭੂਮਿਕਾ ਹੁੰਦੀ ਹੈ। ਅਜਿਹੇ ਵਿੱਚ ਨੌਜਵਾਨ ਸ਼ਕਤੀ ਇਨਾਂ ਲੋਕ ਸਭਾ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਏਗੀ ਤੇ ਇਸ ਵਾਰ ਵੀ ਕਮਲ ਦਾ ਫੁੱਲ ਇਕ ਵਾਰ ਫਿਰ ਖਿੜ ਕੇ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾਏਗਾ। ਨਵੀਨ ਜਿੰਦਲ ਨੇ ਕਿਹਾ ਕਿ ਉਨਾਂ ਨੇ ਨੌਜੁਆਨਾਂ ਲਈ ਬਹੁਤ ਸਾਰੀਆਂ ਸਕੀਮਾਂ ਬਣਾਈਆਂ ਹਨ ਤੇ ਜਿਨ੍ਹਾਂ ਨੂੰ ਲੋਕ ਸਭਾ ਚੋਣਾਂ ਦੇ ਨਤੀਜੇ ਆਉਂਦੇ ਹੀ ਲਾਗੂ ਕਰ ਦਿੱਤਾ ਜਾਏਗਾ। ਇਸ ਨਾਲ ਕੁਰੂਕਸ਼ੇਤਰ ਹਲਕੇ ਦੇ ਨੌਜਵਾਨਾਂ ਨੂੰ ਹਰ ਸਾਲ ਇਨ੍ਹਾਂ ਯੋਜਨਾਵਾਂ ਦਾ ਲਾਭ ਮਿਲੇਗਾ। ਉਨ੍ਹਾਂ ਨੇ ਸ਼ਾਨਦਾਰ ਮੋਟਰਸਾਈਕਲ ਰੈਲੀ ਲਈ ਸਾਹਿਲ ਸੁਧਾ ਦੀ ਪਿੱਠ ਥਾਪੜੀ। ਨਵੀਨ ਜਿੰਦਲ ਨੇ ਖੁਦ ਸਕੂਟੀ ਚਲਾ ਕੇ ਬਾਈਕ ਰੈਲੀ ਦੀ ਸ਼ੁਰੂਆਤ ਕੀਤੀ। ਲੋਕਾਂ ਵਲੋਂ ਉਨ੍ਹਾਂ ਦਾ ਪਿੰਡ ਜੋਗਨਾ ਖੇੜਾ, ਨਰਕਾਤਾਰੀ, ਘਮੂ ਖੇੜੀ, ਹੰਸਲਾ ,ਭਿਵਾਨੀ ਖੇੜਾ ਪ੍ਰਤਾਪ ਗੜ, ਅਮਰ ਗੜ ਆਦਿ 25 ਪਿੰਡਾਂ ਵਿਚ ਥਾਂ-ਥਾਂ ਸਵਾਗਤ ਕੀਤਾ ਗਿਆ। ਜਿੰਦਲ ਵਲੋਂ ਲੋਕਾਂ ਨੂੰ ਵੋਟ ਦੇਣ ਦੀ ਅਪੀਲ ਨੌਜਵਾਨਾਂ ਨੂੰ ਹਰ ਸਾਲ ਇਨ੍ਹਾਂ ਯੋਜਨਾਵਾਂ ਦਾ ਲਾਭ ਮਿਲੇਗਾ। ਉਨ੍ਹਾਂ ਨੇ ਸ਼ਾਨਦਾਰ ਮੋਟਰਸਾਈਕਲ ਰੈਲੀ ਲਈ ਸਾਹਿਲ ਸੁਧਾ ਦੀ ਪਿੱਠ ਥਾਪੜੀ। ਨਵੀਨ ਜਿੰਦਲ ਨੇ ਖੁਦ ਸਕੂਟੀ ਚਲਾ ਕੇ ਬਾਈਕ ਰੈਲੀ ਦੀ ਕੀਤੀ। ਸਾਹਿਲ ਸੁਧਾ ਨੇ ਕਿਹਾ ਕਿ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ ਨਵੀਨ ਦੀ ਜਿੱਤ ਯਕੀਨੀ ਹੈ ਤੇ 400ਦਾ ਨਾਅਰਾ ਵੀ ਸੱਚ ਹੋਵੇਗਾ।

# ਅਗਲੇ ਤਿੰਨ ਦਿਨਾਂ ਲਈ 69 ਗੱਡੀਆਂ ਰੱਦ ਅਤੇ 104 ਦੇ ਰੂਟ ਬਦਲੇ

**ਅੰਬਾਲਾ,20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਰੇਲਵੇ ਨੇ ਅੰਬਾਲਾ ਕੈਂਟ-ਸਾਹਨੇਵਾਲ ਸੈਕਸ਼ਨ ਅਤੇ ਸ਼ੰਭੂ ਰੇਲਵੇ ਸਟੇਸ਼ਨ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੂੰ ਮੁੱਖ ਰੱਖਦਿਆਂ ਅੰਮ੍ਰਿਤਸਰ, ਜੰਮੂ ਅਤੇ ਪੰਜਾਬ ਦੇ ਹੋਰ ਸਟੇਸ਼ਨਾਂ ਵੱਲ ਜਾਣ ਵਾਲੀਆਂ 69 ਰੇਲ ਗੱਡੀਆਂ ਅਗਲੇ ਤਿੰਨ ਦਿਨਾਂ 17, 18 ਤੇ 19 ਮਈ ਲਈ ਰੱਦ ਕਰ ਦਿੱਤੀਆਂ ਹਨ ਅਤੇ 104 ਗੱਡੀਆਂ ਦੇ ਰੂਟ ਬਦਲੇ ਗਏ ਹਨ।15 ਅਜਿਹੀਆਂ ਗੱਡੀਆਂ ਹਨ ਜੋ ਕਿ ਆਪਣੇ ਨਿਰਧਾਰਤ ਰੇਲਵੇ ਸਟੇਸ਼ਨ 'ਤੇ ਨਾ ਪਹੁੰਚ ਕੇ ਰਾਹ ਵਿੱਚ ਹੀ ਰੁਕ ਜਾਣਗੀਆਂ ਅਤੇ ਉੱਥੋਂ ਹੀ ਵਾਪਸ ਮੁੜ ਆਉਣਗੀਆਂ। ਰੱਦ ਹੋਈਆਂ ਗੱਡੀਆਂ ਵਿੱਚ ਦਿੱਲੀ ਤੋਂ ਜੰਮੂ-ਤਵੀ, ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ, ਊਧਮਪੁਰ, ਸ੍ਰੀ ਗੰਗਾ ਨਗਰ-ਰਿਸ਼ੀਕੇਸ਼, ਦਿੱਲੀ-ਫਾਜ਼ ?ਲਿ ?ਕਾ, ਨਵੀਂ ਦਿੱਲੀ-ਅੰਮ੍ਰਿਤਸਰ, ਹਰਿਦੁਆਰ-ਅੰਮ੍ਰਿਤਸਰ, ਦਿੱਲੀ-ਪਠਾਨਕੋਟ, ਬਠਿੰਡਾ-ਅੰਬਾਲਾ ਕੈਂਟ, ਅੰਮ੍ਰਿਤਸਰ-ਹਿਸਾਰ, ਚੰਡੀਗੜ੍ਹ-ਫ਼ਿਰੋਜ਼ਪੁਰ ਕੈਂਟ, ਨੰਗਲ ਡੈਮ-ਅੰਮ੍ਰਿਤਸਰ, ਜਾਖ਼ਲ-ਲੁਧਿਆਣਾ, ਚੂਰੂ-ਲੁਧਿਆਣਾ, ਸਿਰਸਾ-ਲੁਧਿਆਣਾ, ਧੂਰੀ-ਅੰਬਾਲਾ ਕੈਂਟ ਆਦਿ ਸ਼ਾਮਲ ਹਨ। ਜਿਨ੍ਹਾਂ 104 ਗੱਡੀਆਂ ਦੇ ਰੂਟ ਬਦਲੇ ਗਏ ਹਨ ਉਹ ਬਰਾਸਤਾ ਜਾਖ਼ਲ-ਧੂਰੀ-ਲੁਧਿਆਣਾ ਤੇ ਅੰਬਾਲਾ ਕੈਂਟ-ਚੰਡੀਗੜ੍ਹ-ਨਿਊ ਮੋਰਿੰਡਾ-ਸਰਹਿੰਦ-ਸਾਹਨੇਵਾਲ ਆਪਣੀ ਮੰਜ਼ਿਲ 'ਤੇ ਪਹੁੰਚਣਗੀਆਂ।

# ਅਕਾਲ ਅਕੈਡਮੀਆਂ ਦੇ 16 ਜ਼ਿਲ੍ਹੇ ਟੋਪਰਾਂ ਵਿੱਚੋਂ 15 ਲੜਕੀਆਂ ਨੇ ਮੱਲਾਂ ਮਾਰ ਨਾਰੀ ਸਸ਼ਕਤੀਕਰਨ ਦੀ ਮਿਸਾਲ

**ਬੜੂ ਸਾਹਿਬ , 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਦਿਨੀ ਸੀ.ਬੀ.ਐਸ.ਈ. ਵੱਲੋਂ ਐਲਾਨੇ ਦਸਵੀ ਅਤੇ ਬਾਰ੍ਹਵੀਂ ਦੇ ਨਤੀਜਿਆਂ ਵਿੱਚ ਅਕਾਲ ਅਕੈਡਮੀਆਂ ਦਾ ਨਤੀਜਾ ਸੌ ਫੀਸਦੀ ਰਿਹਾ। ਜੇਕਰ ਕਿਹਾ ਜਾਵੇ ਕਿ ਨਾਰੀ ਸਸ਼ਕਤੀਕਰਨ ਅਕਾਲ ਅਕੈਡਮੀਆਂ ਵਿੱਚ ਸ਼ੁਰੂ ਹੁੰਦੀ ਹੈ ਤਾਂ ਇਹ ਸੋਲਾਂ ਆਨੇ ਸੱਚ ਹੈ। ਅਕੈਡਮੀਆਂ ਦੇ ਵਿਦਿਆਰਥੀਆਂ ਨੇ ਜਿਲ੍ਹੇ ਭਰ ਵਿੱਚੋਂ ਚੋਟੀ ਦੀਆਂ 16 ਪੁਜ਼ੀਸ਼ਨਾਂ ਹਾਸਿਲ ਕੀਤੀਆਂ ਅਤੇ ਇਹਨਾਂ ਵਿੱਚੋਂ 15 ਲੜਕੀਆਂ ਹਨ। ਇਹ ਪੁਜੀਸ਼ਨਾਂ ਬੱਚਿਆਂ ਨੇ ਪੇਂਡੂ ਇਲਾਕਿਆਂ ਵਿੱਚ ਬੜੂ ਸਾਹਿਬ ਦੁਆਰਾ ਸੰਚਾਲਿਤ ਅਕੈਡਮੀਆਂ ਵਿੱਚ ਪੜ੍ਹ ਕੇ ਹਾਸਿਲ ਕੀਤੀਆਂ ਹਨ, ਜੋ ਸ਼ਹਿਰ ਦੇ ਬੱਚਿਆਂ ਤੋਂ ਘੱਟ ਨਹੀਂ ਹਨ।

ਇਹਨਾਂ ਨਤੀਜਿਆਂ ਵਿੱਚੋਂ ਦਸਵੀ ਜਮਾਤ ਦੇ ਅਕਾਲ ਅਕੈਡਮੀ ਮੁਕਤਸਰ ਦੀ ਵਿਦਿਆਰਥਣ ਜੈਸਿਕਾ ਛਾਬੜਾ ਨੇ 98.8 ਫੀਸਦੀ ਅੰਕਾਂ ਨਾਲ ਮੁਕਤਸਰ ਜ਼ਿਲ੍ਹੇ ਵਿੱਚੋ ਪਹਿਲਾ ਸਥਾਨ, ਅਕਾਲ ਅਕੈਡਮੀ ਏਲਨਾਬਾਦ ਦੀ ਜਸ਼ਨਦੀਪ ਕੌਰ ਨੇ 98.8 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਸਿਰਸਾ (ਹਰਿਆਣਾ) ਵਿੱਚੋਂ ਦੂਸਰਾ ਸਥਾਨ, ਅਕਾਲ ਅਕੈਡਮੀ ਭਦੌੜ ਦੀ ਆਕਾਂਕਸ਼ਾ ਨੇ 98.6 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਬਰਨਾਲਾ ਵਿੱਚੋਂ ਪਹਿਲਾ ਸਥਾਨ, ਅਕਾਲ ਅਕੈਡਮੀ ਉੱਡਤ ਸੈਦੇਵਾਲਾ ਦੀ ਮਨਜੋਤ ਕੌਰ ਨੇ 98.2 ਫੀਸਦੀ ਅੰਕਾਂ ਨਾਲ ਜ਼ਿਲ੍ਹਾ [illegible] ਵਿੱਚੋਂ ਦੂਸਰਾ ਸਥਾਨ, ਅਕਾਲ [illegible] ਸਾਲਮ ਖੇੜਾ ਦੀ ਗੁਰਲੀਨ ਕੌਰ ਰੰਧਾਵਾ ਨੇ 98 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਫ਼ਤਿਹਾਬਾਦ (ਹਰਿਆਣਾ) ਵਿੱਚ ਦੂਸਰਾ ਸਥਾਨ, ਅਕਾਲ ਅਕੈਡਮੀ ਦਦੇਹਰ ਸਾਹਿਬ ਦੀ ਰਵਨੀਤ ਕੌਰ ਨੇ 97.20 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਤਰਨਤਾਰਨ ਵਿੱਚ ਤੀਸਰਾ ਸਥਾਨ, ਅਕਾਲ ਅਕੈਡਮੀ ਤਿੱਬੜ ਦੀ ਪ੍ਰਭਦੀਪ ਕੌਰ ਨੇ 97 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਦੇ ਨਤੀਜਿਆਂ ਵਿੱਚੋਂ ਅਕਾਲ ਅਕੈਡਮੀ ਰਾਮਪੁਰ ਨਰੋਤਮਪੁਰ ਦੀ ਗੁਰਮਨਜੀਤ ਕੌਰ ਨੇ 97.4 ਫੀਸਦੀ ਅੰਕਾਂ ਨਾਲ ਹਿਊਮੈਨਟੀਜ਼ ਵਿੱਚ ਜ਼ਿਲ੍ਹਾ ਤਰਨਤਾਰਨ ਵਿੱਚੋਂ ਤੀਸਰਾ ਸਥਾਨ, ਅਕਾਲ ਅਕੈਡਮੀ ਅਜੀਤਸਰ ਰਤੀਆ ਦੀ ਮਨਪ੍ਰੀਤ ਕੌਰ ਨੇ 97.4 ਅੰਕਾਂ ਨਾਲ ਹਿਊਮੈਨਟੀਜ਼ ਵਿੱਚ ਜ਼ਿਲ੍ਹਾ ਫ਼ਤਿਹਾਬਾਦ (ਹਰਿਆਣਾ) ਵਿੱਚੋਂ ਦੂਸਰਾ ਸਥਾਨ, ਅਕਾਲ ਅਕੈਡਮੀ ਗੀਠਖੇੜੀ ਦੀ ਗੁਰਲੀਨ ਕੌਰ ਨੇ 97.2 ਫੀਸਦੀ ਅੰਕਾਂ ਨਾਲ ਆਰਟਸ ਵਿੱਚ ਜ਼ਿਲ੍ਹਾ ਪਟਿਆਲਾ ਵਿੱਚੋਂ ਦੂਸਰਾ ਸਥਾਨ, ਅਕਾਲ ਅਕੈਡਮੀ ਅਜੀਤਸਰ ਰਤੀਆ ਦੀ ਅਮਨਪ੍ਰੀਤ ਕੌਰ ਨੇ 97 ਫੀਸਦੀ ਅੰਕਾਂ ਨਾਲ ਸਾਇੰਸ ਵਿੱਚ ਜ਼ਿਲ੍ਹਾ ਫ਼ਤਿਹਾਬਾਦ (ਹਰਿਆਣਾ) ਵਿੱਚੋਂ ਪਹਿਲਾ ਸਥਾਨ, ਅਕਾਲ ਅਕੈਡਮੀ ਕਾਲੇਕੇ ਦੀ ਪ੍ਰਨੀਤ ਕੌਰ ਨੇ 97 ਫੀਸਦੀ ਅੰਕਾਂ ਨਾਲ ਆਰਟਸ ਵਿੱਚ ਜ਼ਿਲ੍ਹਾ ਮੋਗਾ ਵਿੱਚੋਂ ਦੂਸਰਾ ਸਥਾਨ, ਅਕਾਲ ਅਕੈਡਮੀ ਜਗਾ ਰਾਮ ਤੀਰਥ ਦੇ ਵਿਸ਼ਾਲ ਸਿੰਘ ਨੇ 96.8 ਫੀਸਦੀ ਅੰਕਾਂ ਨਾਲ ਹਿਊਮੈਨਟੀਜ਼ ਵਿੱਚ ਜ਼ਿਲ੍ਹਾ ਬਠਿੰਡਾ ਵਿੱਚੋਂ ਪਹਿਲਾ ਸਥਾਨ, ਅਕਾਲ ਅਕੈਡਮੀ ਰਾਮਪੁਰ ਨਰੋਤਮਪੁਰ ਦੀ ਅਨਮੋਲਪ੍ਰੀਤ ਕੌਰ ਨੇ 94.4 ਫੀਸਦੀ ਅੰਕਾਂ ਨਾਲ ਮੈਡੀਕਲ ਵਿੱਚ ਜ਼ਿਲ੍ਹਾ ਤਰਨਤਾਰਨ ਵਿੱਚੋਂ ਦੂਸਰਾ ਸਥਾਨ, ਅਕਾਲ ਅਕੈਡਮੀ ਤਿੱਬੜ ਦੀ ਗੁਰਪ੍ਰੀਤ ਕੌਰ ਨੇ 94.4 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਗੁਰਦਾਸਪੁਰ ਵਿੱਚ ਤੀਸਰਾ ਸਥਾਨ ਅਤੇ ਅਕਾਲ ਅਕੈਡਮੀ ਢੋਟੀਆਂ ਦੀ ਖੁਸ਼ਪ੍ਰੀਤ ਕੌਰ ਨੇ 94.4 ਫੀਸਦੀ ਅੰਕਾਂ ਨਾਲ ਜ਼ਿਲ੍ਹਾ ਤਰਨਤਾਰਨ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ। ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਚਲਾਈ ਜਾ ਰਹੀ ਮਾਤਾ ਭੋਲੀ ਸਕੀਮ ਤਹਿਤ ਇਹਨਾਂ ਅਕਾਲ ਅਕੈਡਮੀਆਂ ਵਿੱਚ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਬੱਚਿਆ ਨੂੰ ਮੁਫ਼ਤ ਵਿੱਦਿਆ ਦਿੱਤੀ ਜਾਂਦੀ ਹੈ।

ਇਥੇ ਜਿਕਰਯੋਗ ਹੈ ਕਿ ਇਹਨਾਂ ਜ਼ਿਲ੍ਹਾ-ਪੱਧਰ 'ਤੇ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਬੱਚਿਆਂ ਵਿੱਚ ਅਕਾਲ ਅਕੈਡਮੀ ਢੋਟੀਆਂ ਦੀ ਖੁਸ਼ਪ੍ਰੀਤ ਕੌਰ (ਜ਼ਿਲ੍ਹੇ ਵਿੱਚ ਤੀਸਰਾ ਸਥਾਨ), ਅਕਾਲ ਅਕੈਡਮੀ ਦਦੇਹਰ ਸਾਹਿਬ ਦੀ ਜਸਮੀਤ ਕੌਰ (95 ਫੀਸਦੀ ਤਰਨਤਾਰਨ ਜ਼ਿਲੇ ਵਿੱਚ ਛੇਵਾਂ ਸਥਾਨ) ਅਤੇ ਖੁਸ਼ਪ੍ਰੀਤ ਕੌਰ (94.6 ਫੀਸਦੀ, ਤਰਨਤਾਰਨ ਜ਼ਿਲੇ ਵਿੱਚ ਸੱਤਵਾਂ ਸਥਾਨ) ਹਾਸਿਲ ਕੀਤਾ ਹੈ। ਸੰਸਥਾ ਹਮੇਸ਼ਾ ਹੀ ਗਰੀਬ ਪਰਿਵਾਰ ਦੇ ਬੱਚਿਆਂ ਨੂੰ ਉੱਚ-ਵਿੱਦਿਆ ਦੇਣ ਦਾ ਬਹੁਤ ਵੱਡਾ ਉਪਰਾਲਾ ਕਰ ਰਹੀ ਹੈ। ਇਸ ਗੱਲ ਨੂੰ ਅਸੀਂ ਸਹੀ ਸਾਬਿਤ ਕਹਿ ਸਕਦੇ ਹਾਂ ਕਿ ਪਦਮ ਸ਼੍ਰੀ, ਸ਼੍ਰੋਮਣੀ ਪੰਥ ਰਤਨ, ਵਿੱਦਿਆ ਮਾਰਤੰਡ ਸੰਤ ਬਾਬਾ ਇਕਬਾਲ ਸਿੰਘ ਜੀ ਵੱਲੋਂ ਅਕੈਡਮੀਆਂ ਦਾ ਲਗਾਇਆ ਵਿੱਦਿਆ ਲਈ ਬੂਟਾ ਦਿਨੋ ਦਿਨ ਫੈਲ ਰਿਹਾ ਹੈ।

# ਮਿਸਨ ਸੇਵ ਲਾਈਫ ਵੈਲਫੇਅਰ ਸੋਸਾਇਟੀ ਵਲੋਂ ਲਗਾਇਆ 8 ਵਾ ਖੂਨਦਾਨ ਕੈਂਪ




**ਪਟਿਆਲਾ, 20 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਸ਼ਨ ਸੇਵ ਲਾਈਫ ਵੈਲਫੇਅਰ ਸੋਸਾਇਟੀ (ਰਜਿ.) ਵੱਲੋਂ 8ਵਾਂ ਖੂਨਦਾਨ ਕੈਂਪ ਸਤਿਕਾਰਯੋਗ ਸ਼੍ਰੀ ਦੇਸ ਰਾਜ ਮਹਾਜਨ ਅਤੇ ਸ੍ਰੀਮਤੀ ਜਨਕ ਰਾਣੀ (ਮਾਤਾ ਪਿਤਾ ਸ. ਇੰਦਰ ਮੋਹਨ ਮਹਾਜਨ) ਦੀ ਪਿਆਰ ਭਰੀ ਯਾਦ ਵਿੱਚ 20 ਮਈ 2024 ਨੂੰ ਪਟਿਆਲਾ ਵਿਖੇ ਲਗਾਇਆ ਗਿਆ,ਸ਼. ਸੁਖਬੀਰ ਸਿੰਘ ਜਨਰਲ ਮੈਨੇਜਰ ਬੀ.ਐਸ.ਐਨ.ਐਲ ਪਟਿਆਲਾ ਅਤੇ ਹੋਰ ਪਤਵੰਤੇ ਸੱਜਣਾਂ ਨੇ ਇਸ ਮੌਕੇ ਹਾਜ਼ਰੀ ਲਗਵਾਈ । ਖੂਨਦਾਨ ਕੈਂਪ ਅਤੇ ਹੋਰ ਸਮਾਜ ਸੇਵੀ ਗਤੀਵਿਧੀਆਂ ਨਿਯਮਤ ਤੌਰ 'ਤੇ ਮਨੁੱਖਤਾ ਦੇ ਭਲੇ ਲਈ ਆਯੋਜਿਤ ਕਰਨ ਲਈ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਮਨੁੱਖੀ ਜਾਨਾਂ ਬਚਾਉਣ ਲਈ ਆਮ ਲੋਕਾਂ ਨੂੰ ਅਜਿਹੀਆਂ ਗਤੀਵਿਧੀਆਂ ਲਈ ਅੱਗੇ ਆਉਣਾ ਚਾਹੀਦਾ ਹੈ। ਸਾਰੇ ਖੂਨਦਾਨੀਆਂ ਨੂੰ ਸਰਟੀਫਿਕੇਟ, ਮੈਡਲ, ਮੋਮੈਂਟੋ ਅਤੇ ਹਰੇ ਪੌਦੇ ਦੇ ਕੇ ਸਨਮਾਨਿਤ ਕੀਤਾ ਗਿਆ। ਲੋਕਾਂ ਨੇ ਸਵੈ-ਇੱਛਾ ਨਾਲ ਖੂਨਦਾਨ ਕੀਤਾ। ਕੈਂਪ ਵਿੱਚ

ਸ਼. ਕ੍ਰਿਸ਼ਨ ਚੰਦ ਸਿੰਗਲਾ (ਪ੍ਰਧਾਨ) ਅਤੇ ਸ. ਇੰਦਰ ਮੋਹਨ ਮਹਾਜਨ (ਜਨਰਲ ਸਕੱਤਰ) ਨੇ ਪ੍ਰਬੰਧਕਾਂ ਦੀ ਤਰਫੋਂ ਨੇ ਕੈਂਪ ਦੀ ਸਫ਼ਲਤਾ ਵਿੱਚ ਹਾਜ਼ਰੀ ਅਤੇ ਯੋਗਦਾਨ ਲਈ ਸਮੂਹ ਖੂਨਦਾਨੀਆਂ, ਬਲੱਡ ਸੈਂਟਰ ਸਟਾਫ਼, ਭਾਰਤ ਵਿਕਾਸ ਪ੍ਰੀਸ਼ਦ, ਜੰਗਲਾਤ ਵਿਭਾਗ, ਬੀਐਸਐਨਐਲ ਅਤੇ ਹੋਰ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸ਼. ਪੰਕਜ ਗਰਗ, ਸ਼. ਵਿਜੇ ਮਹਾਜਨ, ਸ਼. ਜਤਿੰਦਰ ਕੁਮਾਰ, ਸ੍ਰੀਮਤੀ ਕ੍ਰਿਸ਼ਨਾ ਗੇਰਾ, ਸ਼. ਇੰਦਰਜੀਤ ਸਿੰਗਲਾ, ਸ. ਜਸਪਾਲ ਸਿੰਘ, ਸ਼੍ਰੀਮਤੀ ਕ੍ਰਿਸ਼ਨਾ ਦੇਵੀ, ਸ੍ਰੀਮਤੀ ਵੰਦਨਾ ਮਹਾਜਨ, ਸ. ਸੁਰਿੰਦਰ ਕੁਮਾਰ ਅਟਲੀ ਅਤੇ ਹੋਰ ਪਤਵੰਤੇ ਹਾਜ਼ਰ ਸਨ। ਫੋਟੋ ਕੈਪਸਨ, ਮਿਸ਼ਨ ਲਾਇਫ ਸੇਵ ਵੈਲਫੇਅਰ ਸੁਸਾਇਟੀ ਵਲੋਂ ਲਗਾਏ ਖੂਨਦਾਨ ਕੈਂਪ ਦੌਰਾਨ ਖੂਨਦਾਨ ਕਰਦੇ ਖੂਨਦਾਨੀ।

# ਪੰਜਾਬੀ ਯੂਨੀਵਰਸਿਟੀ ਵਿਖੇ ਕਰਵਾਇਆ ਇਜ਼ਰਾਇਲ-ਫਲਸਤੀਨ ਵਿਸ਼ੇ ਉੱਤੇ ਭਾਸ਼ਣ

## -ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪੁੱਜੇ ਪ੍ਰੋ. ਅਰਸ਼ੀ ਖ਼ਾਨ ਨੇ ਦਿੱਤਾ ਭਾਸ਼ਣ

**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵਿਖੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਪੁੱਜੇ ਪ੍ਰੋ. ਅਰਸ਼ੀ ਖ਼ਾਨ ਵੱਲੋਂ 'ਸੁਰੱਖਿਆ, ਅਜ਼ਾਦੀ ਅਤੇ ਅਮਨ: ਇਜ਼ਰਾਈਲ ਫਲਸਤੀਨ ਪ੍ਰਸੰਗ ਵਿੱਚ' ਵਿਸ਼ੇ ਉੱਤੇ ਵਿਸ਼ੇਸ਼ ਭਾਸ਼ਣ ਦਿੱਤਾ। ਉਨ੍ਹਾਂ ਦੱਸਿਆ ਕਿ ਫਲਸਤੀਨ ਵਿੱਚ ਹੋ ਰਹੇ ਹਮਲਿਆਂ ਨੇ ਸਿਰਫ਼ ਇਜ਼ਰਾਈਲ ਦਾ ਹੀ ਨਹੀਂ ਬਲਕਿ ਹੋਰ ਬਹੁਤ ਸਾਰੇ ਰਾਸ਼ਟਰਾਂ ਅਤੇ ਆਲਮੀ ਅਦਾਰਿਆਂ ਦਾ ਚਿਹਰਾ ਬੇਨਕਾਬ ਕਰ ਦਿੱਤਾ ਹੈ।

ਅਜਿਹੀ ਸਥਿਤੀ ਨੇ ਰਾਸ਼ਟਰ ਦੇ ਮੌਜੂਦਾ ਸੰਕਲਪ ਅਤੇ ਰਾਜਨੀਤੀ ਦੇ ਸਰੂਪ ਉੱਪਰ ਵੀ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਬੱਚਿਆਂ ਅਤੇ ਔਰਤਾਂ ਦੇ ਮਾਰੇ ਜਾਣ, ਬੇਹੱਦ ਮਾਰੂ ਕਿਸਮ ਦੇ ਅਤਿ-ਆਧੁਨਿਕ ਹਥਿਆਰਾਂ ਦੀ ਵਰਤੋਂ ਕੀਤੇ ਜਾਣ ਆਦਿ ਜਿਹੀਆਂ ਘਿਨੌਣੀਆਂ ਕਾਰਵਾਈਆਂ ਦੇ ਖਿ ?ਲਾਫ਼ ਬੋਲਣ ਦੀ ਬਜਾਇ ਵਿਸ਼ਵ ਭਰ ਦੇ ਵੱਡੇ ਦੇਸਾਂ ਵੱਲੋਂ ਚੁੱਪੀ ਧਾਰਨ ਕਰਨਾ ਉਨ੍ਹਾਂ ਦੇ ਦੰਭੀ ਵਿਵਹਾਰ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਨੇ ਇਜ਼ਰਾਇਲ ਵੱਲੋਂ ਕੀਤੇ ਜਾ ਰਹੇ ਤਾਜ਼ਾ ਹਮਲਿਆਂ ਦੇ ਮੱਦੇਨਜ਼ਰ ਇਜ਼ਰਾਇਲ ਉੱਤੇ ਕਿਸੇ ਵੀ ਤਰ੍ਹਾਂ ਦੀ ਆਰਥਿਕ ਜਾਂ ਵਪਾਰਕ ਪਾਬੰਦੀ ਨਹੀਂ ਲਗਾਈ ਗਈ। ਉਨ੍ਹਾਂ ਆਪਣੇ ਭਾਸ਼ਣ ਵਿੱਚ ਇਜ਼ਰਾਇਲ ਅਤੇ ਫਲਸਤੀਨ ਨਾਲ ਜੁੜੇ ਇਤਿਹਾਸਿਕ ਤੱਥਾਂ ਬਾਰੇ ਜਾਣਕਾਰੀ ਦਿੱਤੀ ਜੋ ਇਸ ਟਕਰਾਅ ਦੇ ਮੂਲ ਕਾਰਨ ਹਨ। ਉਨ੍ਹਾਂ ਆਪਣੇ ਭਾਸ਼ਣ ਵਿੱਚ ਇਸ ਗੱਲ ਦਾ ਵੀ ਖਦਸ਼ਾ ਜਤਾਇਆ ਕਿ ਆਉਣ ਵਾਲ਼ੇ ਸਮੇਂ ਵਿੱਚ ਜਦੋਂ ਮਸ਼ੀਨੀ ਬੁੱਧੀ (ਏ.ਆਈ.) ਦਾ ਵਿਕਾਸ ਹੋ ਰਿਹਾ ਹੈ ਤਾਂ ਭਵਿੱਖ ਵਿਚਲੇ ਯੁੱਧ ਹੋਰ ਵੀ ਮਾਰੂ ਹੋ ਜਾਣਗੇ ਜਿਸ ਨਾਲ਼ ਮਨੁੱਖਤਾ ਦਾ ਹੋਰ ਵੱਡੇ ਪੱਧਰ ਉੱਤੇ ਘਾਣ ਹੋਣਾ ਤੈਅ ਹੈ।

ਵਿਭਾਗ ਮੁਖੀ ਡਾ. ਪਰਮਜੀਤ ਕੌਰ ਗਿੱਲ ਵੱਲੋਂ ਆਪਣੇ ਸਵਾਗਤੀ ਭਾਸ਼ਣ ਵਿੱਚ ਇਸ ਵਿਸ਼ੇ ਦੀ ਪ੍ਰਸੰਗਿਕਤਾ ਅਤੇ ਅਹਿਮੀਅਤ ਦੇ ਹਵਾਲੇ ਨਾਲ਼ ਗੱਲਾਂ ਕੀਤੀਆਂ। ਉਨ੍ਹਾਂ ਰਾਸ਼ਟਰ ਦੇ ਸੰਕਲਪ ਅਤੇ ਮੌਜੂਦਾ ਸਮੇਂ ਦੇ ਰਾਜਨੀਤਿਕ ਰੁਝਾਨਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਬਾਰੇ ਗੱਲ ਕਰਦਿਆਂ ਇਸ ਦੇ ਪ੍ਰਭਾਵਾਂ ਉੱਪਰ ਵੀ ਚਾਨਣਾ ਪਾਇਆ।

ਭਾਸ਼ਣ ਉਪਰੰਤ ਵਿਦਿਆਰਥੀਆਂ ਵੱਲੋਂ ਇਸ ਵਿਸ਼ੇ ਨਾਲ਼ ਸੰਬੰਧਤ ਵੱਖ-ਵੱਖ ਸਵਾਲ ਪੁੱਛ ਕੇ ਸੰਵਾਦ ਰਚਾਇਆ ਗਿਆ। ਇਸ ਉਪਰੰਤ ਪ੍ਰੋ. ਅਰਸ਼ੀ ਖ਼ਾਨ ਨੂੰ ਵਿਭਾਗ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰੋਵੋਸਟ ਇੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਤੋਂ ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਹਾਜ਼ਰ ਰਹੇ।

# ਭਾਜਪਾ ਮਹਿੰਗਾਈ ਤੇ ਬੇਰੁਜ਼ਗਾਰੀ ਦੇ ਮੁੱਦਿਆਂ 'ਤੇ ਚੁੱਪ: ਸ਼ੈਲਜਾ



**ਸਿਰਸਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਡੀਆ ਗੱਠਜੋੜ ਦੀ ਕਾਂਗਰਸ ਉਮੀਦਵਾਰ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਦੇਸ਼ 'ਤੇ 10 ਸਾਲ ਰਾਜ ਕਰਨ ਦੇ ਬਾਵਜੂਦ ਭਾਜਪਾ ਦਾ ਕੋਈ ਵੀ ਆਗੂ ਮਹਿੰਗਾਈ, ਬੇਰੁਜ਼ਗਾਰੀ, ਕਿਸਾਨਾਂ, ਗਰੀਬਾਂ, ਮਜ਼ਦੂਰਾਂ, ਵਪਾਰੀਆਂ ਦੇ ਮੁੱਦਿਆਂ ਦੀ ਗੱਲ ਨਹੀਂ ਕਰਦਾ। ਉਹ ਆਪਣੇ ਕੀਤੇ ਕਿਸੇ ਕੰਮ ਲਈ ਵੋਟਾਂ ਵੀ ਨਹੀਂ ਮੰਗ ਰਹੇ ਕਿਉਂਕਿ ਇਨ੍ਹਾਂ ਵਰਗਾਂ ਦਾ ਕੋਈ ਭਲਾ ਕਰਨ ਦੀ ਬਜਾਏ ਉਨ੍ਹਾਂ ਦਾ ਨੁਕਸਾਨ ਹੀ ਕੀਤਾ ਹੈ। ਚੋਣ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਆਰਐਸਐਸ, ਭਾਜਪਾ ਅਤੇ ਮੋਦੀ ਵਾਰ-ਵਾਰ ਮੰਦਰ-ਮੰਗਲਸੂਤਰ ਦਾ ਨਾਂ ਲੈਂਦੇ ਹਨ।

ਉਹ ਅੱਜ ਆਪਣੀ ਚੋਣ ਪ੍ਰਚਾਰ ਮੁਹਿੰਮ ਦੌਰਾਨ ਸਿਰਸਾ ਅਤੇ ਇਸ ਦੇ ਨਾਲ ਲਗਦੇ ਪਿੰਡਾਂ 'ਚ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਹੇ ਸਨ।ਕੁਮਾਰੀ ਸ਼ੈਲਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਵਾਲਿਆਂ ਨੂੰ ਐਮ, ਮੁਗਲ, ਮੁਸਲਿਮ ਲੀਗ, ਮਟਨ, ਮੰਗਲਸੂਤਰ ਤੋਂ ਸ਼ੁਰੂ ਹੋਣ ਵਾਲੇ ਸ਼ਬਦਾਂ ਦਾ ਬਹੁਤ ਸ਼ੌਕ ਹੈ। ਮੋਦੀ ਮੁੱਦਿਆਂ 'ਤੇ ਗੱਲ ਕਰਨ ਦੀ ਬਜਾਏ ਸਿਰਫ ਲੋਕਾਂ ਦਾ ਧਿਆਨ ਭਟਕਾਉਂਦੇ ਹਨ ਅਤੇ ਸਮਾਜ ਵਿੱਚ ਵੰਡੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਚਾਰ ਪੜਾਵਾਂ ਤੋਂ ਬਾਅਦ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਪੂਰੀ ਪਾਰਟੀ ਘਬਰਾਈ ਹੋਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ ਆਰਐਸਐਸ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੇ ਹਨ ਪਰ ਲੋਕ ਭਾਜਪਾ ਨੂੰ ਆਪਣੇ ਇਸ ਮਕਸਦ ਵਿੱਚ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ। ਇਸ ਮੌਕੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ, ਸਾਬਕਾ ਮੰਤਰੀ ਰਾਮਕਿਸ਼ਨ ਗੁੱਜਰ, ਸਾਬਕਾ ਓਐਸਡੀ ਡਾ. ਕੇਵੀ ਸਿੰਘ, ਸਾਬਕਾ ਵਿਧਾਇਕ ਰਣਧੀਰ ਸਿੰਘ ਧੀਰਾ, ਸੰਦੀਪ ਨਹਿਰਾ, ਵਿਨੀਤ ਕੰਬੋਜ, ਵਿਸ਼ਾਲ ਵਰਮਾ, ਡਾ. ਵਾਈ.ਕੇ. ਚੌਧਰੀ, ਕ੍ਰਿਸ਼ਨਾ ਫੋਗਾਟ, ਨਿਰਮਲ ਸਿੰਘ ਮੱਲੜੀ ਆਦਿ ਸਮੇਤ ਕਈ ਕਾਂਗਰਸੀ ਆਗੂ ਉਨ੍ਹਾਂ ਨਾਲ ਮੌਜੂਦ ਸਨ।

# ਲੈਮਜ਼ ਕਲਾਸਾਂ ਦਾ ਮਹੱਤਵ

ਡਾ. ਮਨਜੀਤ ਭੋਗਲ

ਮਨੁੱਖੀ ਸੰਸਥਾ ਪ੍ਰਮਾਤਮਾ ਦੁਆਰਾ ਬਣਾਈ ਗਈ ਸਭ ਤੋਂ ਵਧੀਆ ਮਸ਼ੀਨਰੀ ਹੈ। ਕੁਦਰਤ ਦੁਆਰਾ ਪਰਿਵਰਤਿਤ ਅਤੇ ਪੋਸਿਆ ਹੈ। ਅਸੀਂ ਸਾਰੇ ਮੌਜੂਦਗੀ ਦਾ ਇਕ ਵੱਡਾ ਹਿੱਸਾ ਹਾਂ, ਆਰਥਿਕ ਤੰਦਰੁਸਤੀ ਦੀ ਸਾਡੀ ਵਿਰਾਸ਼ਾ 'ਚ ਅਸੀਂ ਕੁਦਰਤੀ ਲਾਭਾਂ ਦੀ ਅਣਦੇਖੀ ਕਰ ਰਹੇ ਹਾਂ। ਇਕ ਸੁਭਾਅ ਚਮਤਕਾਰ ਕਰਕੇ ਜਿਸ 'ਚ ਸਾਰੀ ਜ਼ਿੰਦਗੀ ਧਰਤੀ 'ਤੇ ਮੌਜੂਦ ਹਨ, ਜਨਮ ਹੈ। ਪ੍ਰਮਾਤਮਾ ਤੋਂ ਬਾਅਦ ਔਰਤ ਜ਼ਿੰਦਗੀ ਦੀ ਰਚਣਹਾਰ ਹੈ। ਇਸ ਕੁਦਰਤੀ ਚਮਤਕਾਰ ਨੂੰ ਗਲ਼ੇ ਲਗਾਓ ਕਿਉਂਕਿ ਇਹ ਆਖਰੀ ਚੀਜ਼ ਹੈ। ਸਾਡਾ ਸਰੀਰ ਇਕ ਹੋਰ ਜੀਵਨ ਨੂੰ ਪੈਦਾ ਕਰਨ ਅਤੇ ਪਾਲਣ ਲਈ ਕਾਫੀ ਬੁੱਧੀਮਾਨ ਹੈ। ਕੁਦਰਤੀ ਜਨਮ ਦਾ ਪ੍ਰਸਤਾਵ ਕਰਨ ਦੀ ਅਪੀਲ ਕਰਦੇ ਹੋਏ, ਆਪਣੇ ਦੇਸ਼ ਦੀ ਕਦਰ ਕਰੋ ਤੇ ਆਪਣੇ ਬੱਚੇ ਨਾਲ ਆਪਣੇ ਸਫ਼ਰ ਬਾਰੇ ਜਾਣੋ। ਬੱਚੇ ਦੇ ਜਨਮ ਲਈ ਧੰਨ ਅਨੁਜੰਕ ਕਲਾਸਾਂ ਨੇ ਇਸ ਚਮਤਕਾਰ ਨੂੰ ਅਸਲੀਅਤ 'ਚ ਸਾਬਤ ਕੀਤਾ ਹੈ। ਇਹ ਉਮੀਦ ਵਾਲੇ ਜੋੜਿਆਂ ਲਈ ਪ੍ਰਮਾਣਿਤ ਯੂਐਸਏ ਅਧਾਰਿਤ ਬੱਚਿਆਂ ਦੀ



ਜਨਮ ਵਰਗ ਦੀਆਂ ਕਲਾਸਾਂ ਹਨ ਇਕ ਅਜਿਹੀ ਧਾਰਨਾ ਹੈ ਜੋ ਸਿੱਖਿਆ ਤੇ ਵਕਾਲਤ ਦੁਆਰਾ ਕੁਦਰਤੀ, ਸੁਰੱਖਿਅਤ ਅਤੇ ਤੰਦਰੁਸਤੀ ਜਨਮ ਦੀ ਤਰੱਕੀ ਕਰਦਾ। ਸੁਰੱਖਿਆ ਅਤੇ ਤੰਦਰੁਸਤੀ ਜਨਮ ਦੀ ਤਰੱਕੀ ਕਰਦਾ ਹੈ। ਗਰਭਵਤੀ ਔਰਤਾਂ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਪੜ੍ਹਾਈ ਦੇ 6 ਸੈਸ਼ਨਾਂ 'ਚ ਜਾਣਾ ਪੈਂਦਾ ਹੈ ਅਤੇ ਗਰਭ, ਬੱਚੇ ਦੇ ਜਨਮ, ਕਸਰਤ, ਸੂਝਵਾਨ ਫ਼ੈਸਲੇ ਲੈਣ, ਮਿਹਨਤ ਦੀਆਂ ਮੁੱਢਲੀਆਂ ਤਕਨੀਕਾਂ, ਛਾਤੀ ਦਾ ਦੁੱਧ ਚੁੰਘਾਉਣਾ ਅਤੇ ਹੋਰ ਸਾਰੀਆਂ ਮਿੱਥਾਂ ਅਤੇ ਸ਼ੰਕਾ ਬਾਰੇ ਸਿੱਖਣਾ ਪੈਂਦਾ ਹੈ ਉਨ੍ਹਾਂ ਨੂੰ ਜਾਣਨ ਦੀ ਜ਼ਰੂਰਤ ਹੈ ਸਭ ਤੋਂ ਸੁਰੱਖਿਅਤ ਅਤੇ ਸਿਹਤਮੰਦ ਜਨਮ ਦਾ ਤਜਰਬਾ ਹੁੰਦਾ ਹੈ। ਇਹ ਡਰ ਔਰਤਾਂ ਨੂੰ ਦੂਰ ਕਰਦਾ ਹੈ ਅਤੇ ਕੁਦਰਤੀ ਤੌਰ 'ਤੇ ਦਰਦ ਦਾ ਪ੍ਰਬੰਧ ਕਰਨ 'ਚ ਮਦਦ ਕਰਦੀ ਹੈ। ਇਹ ਔਰਤਾਂ ਨੂੰ ਬੱਚੇ ਦੇ ਜਨਮ ਵਿਕਲਪਾਂ ਨੂੰ ਸਮਝਣ 'ਚ ਮਦਦ ਕਰਦਾ ਹੈ। ਰੂਟੀਨ ਦੇ ਦਖ਼ਲਅੰਦਾਜ਼ੀ ਦੀ ਜ਼ਿਆਦਾ ਵਰਤੋਂ ਅਤੇ ਮੈਡੀਕਲ ਪੇਚੀਦਗੀਆਂ ਨੂੰ ਘਟਾਉਣਾ। ਅਸੀਂ ਔਰਤਾਂ ਨੂੰ ਆਤਮ-ਵਿਸ਼ਵਾਸ ਮਹਿਸੂਸ ਕਰਨ ਅਤੇ ਕੁਦਰਤੀ ਤੌਰ 'ਤੇ ਜਨਮ ਦੇਣ ਤੇ ਆਪਣੀ ਯੋਗਤਾ 'ਚ ਵਿਸ਼ਵਾਸ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।



# ਜ਼ਿਆਦਾ ਮਿੱਠਾ ਸਿਹਤ ਲਈ ਹਾਨੀਕਾਰਕ



ਡਾਇਬਟੀਜ਼ ਇਕ ਆਮ ਬਿਮਾਰੀ ਹੋ ਗਈ ਹੈ। ਅੱਜਕੱਲ੍ਹ ਅਸੀਂ ਦੇਖ ਰਹੇ ਹਾਂ ਕਿ ਲੋਕ ਇਸ ਪਰੇਸ਼ਾਨੀ ਦਾ ਕਿੰਨਾ ਜ਼ਿਆਦਾ ਸਾਹਮਣਾ ਕਰ ਰਹੇ ਹਨ। ਜਦੋਂ ਅਸੀਂ ਛੋਟੀਆਂ-ਛੋਟੀਆਂ ਗੱਲਾਂ 'ਤੇ ਧਿਆਨ ਨਹੀਂ ਦਿੰਦੇ ਤਾਂ ਫਿਰ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਡੀਆਂ ਆਦਤਾਂ ਹੀ ਇਨ੍ਹਾਂ ਬਿਮਾਰੀਆਂ ਨਾਲ ਜੂਝਣ ਲਈ ਮਜਬੂਰ ਕਰਦੀਆਂ ਹਨ। ਜੇ ਅਸੀਂ ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਇਨ੍ਹਾਂ ਆਦਤਾਂ ਨੂੰ ਸੁਧਾਰਨਾ ਪਵੇਗਾ ਜਿਵੇਂ ਜ਼ਿਆਦਾ ਮਿੱਠਾ ਖਾਣਾ, ਬਾਹਰ ਦੇ ਖਾਣੇ ਨੂੰ ਪਹਿਲ ਦੇਣੀ, ਫਾਸਟ ਫੂਡ, ਤਲ਼ੀਆਂ ਚੀਜ਼ਾਂ ਦਾ ਸੇਵਨ ਕਰਨਾ ਆਦਿ ਬਿਮਾਰੀਆਂ ਲਈ ਰਾਹ ਖੋਲ੍ਹਦੇ ਹਨ। ਡਾਇਬਟੀਜ਼ ਬਹੁਤ ਸਾਰੇ ਲੋਕਾਂ ਨੂੰ ਘੇਰ ਰਹੀ ਹੈ। ਹੁਣ ਤਾਂ ਇਸ ਦੀ ਚਪੇਟ 'ਚ ਬੱਚੇ ਵੀ ਆ ਰਹੇ ਹਨ। ਬੀਟਾ-ਕੋਸ਼ਕਾਵਾਂ ਦੇ ਖ਼ਤਮ ਹੋਣ 'ਤੇ ਸਰੀਰ 'ਚ ਇੰਸੁਲਿਨ ਬਣਨਾ ਬੰਦ ਹੋ ਜਾਂਦਾ ਹੈ ਅਤੇ ਸਰੀਰ 'ਚ ਸ਼ੂਗਰ ਲੈਵਲ ਵਧਣ ਲੱਗਦਾ ਹੈ। ਜੇ ਇਸ ਬਿਮਾਰੀ ਦੇ ਲੱਛਣ ਸਮੇਂ 'ਤੇ ਪਛਾਣ ਕੇ ਇਸ ਦਾ ਇਲਾਜ ਕੀਤਾ ਜਾਵੇ ਤਾਂ ਬੱਚਿਆਂ ਦਾ ਬਚਪਨ ਦੁਬਾਰਾ ਹੱਸੀ, ਖੇਡ ਵਾਲਾ ਹੋ ਸਕਦਾ ਹੈ ਅਤੇ ਉਹ ਪੜ੍ਹਾਈ 'ਚ ਪਹਿਲੇ ਨੰਬਰ 'ਤੇ ਆ ਸਕਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਬੱਚਿਆਂ 'ਚ ਡਾਇਬਟੀਜ਼ ਦੇ ਲੱਛਣਾਂ ਨੂੰ ਪਛਾਣ ਕੇ ਤੁਰੰਤ ਇਲਾਜ ਕਰਵਾਉਣ ਦੀ ਜ਼ਰੂਰਤ ਹੈ।ਸ਼ੂਗਰ ਬਿਮਾਰੀ ਤੋਂ ਪੀੜਤ ਹੋਣ ਤੋਂ ਬਾਅਦ ਬੱਚੇ ਨੂੰ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸ਼ੂਗਰ ਕੰਟਰੋਲ ਕਰਨ ਲਈ ਇੰਸੁਲਿਨ ਦਾ ਸਹਾਰਾ ਲੈਣਾ ਪੈਂਦਾ ਹੈ।

### ਲੱਛਣ

ਬੱਚਿਆਂ 'ਚ ਸ਼ੂਗਰ ਲੈਵਲ ਵਧਣ 'ਤੇ ਉਨ੍ਹਾਂ ਨੂੰ ਵਾਰ-ਵਾਰ ਪਿਆਸ ਲੱਗਣੀ, ਵਾਰ-ਵਾਰ ਪਿਸ਼ਾਬ ਆਉਣਾ, ਭੁੱਖ ਲੱਗਣੀ ਅਤੇ ਖਾਣਾ ਖਾਣ ਦੇ ਬਾਅਦ ਵੀ ਸਰੀਰ 'ਚ ਐਨਰਜੀ ਨਾ ਰਹਿਣਾ। ਖਾਣਾ-ਪੀਣ ਦੇ ਬਾਵਜੂਦ ਵੀ ਭਾਰ ਨਾ ਵਧਣਾ, ਬੱਚੇ ਦੇ ਸਰੀਰ 'ਚ ਇੰਸੁਲਿਨ ਨਾ ਬਣਨ ਦੇ ਕਾਰਨ ਐਨਰਜੀ ਖ਼ਤਮ ਹੋ ਜਾਂਦੀ ਹੈ ਅਤੇ ਬੱਚਾ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ। ਇਸ ਕਰਕੇ ਇਸ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ। ਇਸ ਦਾ ਸਮੇਂ ਸਿਰ ਟੈਸਟ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਆਪਣੀਆਂ ਆਦਤਾਂ ਨੂੰ ਸੁਧਾਰਦੇ ਹੋਏ ਸਮੇਂ 'ਤੇ ਭੋਜਨ ਕਰਨ ਚਾਹੀਦਾ ਹੈ ਤੇ ਭੁੱਖ ਦੇ ਅਨੁਸਾਰ ਹੀ ਖਾਓ ਨਾ ਉਸ ਤੋਂ ਜ਼ਿਆਦਾ ਨਾ ਘੱਟ। ਜ਼ਿਆਦਾਤਰ ਪੌਸ਼ਟਿਕ ਆਹਾਰ ਹੀ ਕਰਨਾ ਚਾਹੀਦਾ ਹੈ। ਵੱਧ ਤੋਂ ਵੱਧ ਹਰੀਆਂ ਸਬਜ਼ੀਆਂ ਤੇ ਦਾਲਾਂ ਦਾ ਸੇਵਨ ਕਰਨਾ ਚਾਹੀਦਾ ਹੈ ਤੇ ਬਾਹਰੀ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਫਾਸਟ ਫੂਡ, ਜੰਕ ਫੂਡ, ਕੋਲਡ ਡਿੰਰਕ, ਤਲ਼ਿਆਂ ਚੀਜ਼ਾਂ ਤੇ ਤੇਜ਼ ਮਸਾਲੇਦਾਰ ਭੋਜਨ, ਨਮਕ ਦੀ ਜ਼ਿਆਦਾ ਵਰਤੋਂ ਸਿਹਤ ਲਈ ਨੁਕਸਾਨਦਾਇਕ ਹੈ ਇਸ ਲਈ ਇਨ੍ਹਾਂ ਦੀ ਵਰਤੋਂ ਨਾ ਕਰੋ...**

# ਦਿਲ ਦਾ ਰੱਖੋ ਖ਼ਾਸ ਖ਼ਿਆਲ

ਕਾਕਾ ਰਾਮ ਵਰਮਾ

ਇਨਸਾਨ, ਜਾਨਵਰ, ਪੰਛੀਆਂ 'ਚ ਦਿਲ ਦੀ ਸਭ ਤੋਂ ਵੱਧ ਮੱਹਤਤਾ ਹੈ, ਅਸੀਂ ਕਹਿ ਸਕਦੇ ਹਾਂ ਕਿ ਦਿਲ ਇਕ ਸਮਰਸੀਬਲ ਪੰਪ ਦੀ ਤਰ੍ਹਾਂ ਡਬਲ ਕੰਮ ਕਰਦਾ ਹੀ ਰਹਿੰਦਾ ਹੈ। ਪ੍ਰਮਾਤਮਾ ਜਦੋਂ ਮਾਂ ਦੇ ਗਰਭ 'ਚ ਇਨਸਾਨ ਦੀ ਰਚਨਾ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਦਿਲ ਬਣਾਇਆ ਜਾਂਦਾ ਹੈ ਜਿਵੇਂ ਇਮਾਰਤ ਦੀ ਉਸਾਰੀ ਤੋਂ ਪਹਿਲਾਂ ਸਮਰਸੀਬਲ ਪੰਪ ਜ਼ਮੀਨ ਵਿਚੋਂ ਪਾਣੀ ਕੱਢਣ ਲਈ ਲਗਾਇਆ ਜਾਂਦਾ ਹੈ। ਇਕ ਆਮ ਇਨਸਾਨ ਦਾ ਦਿਲ ਆਰਾਮ ਕਰਦੇ ਸਮੇਂ 60 ਤੋਂ 100 ਵਾਰ ਪ੍ਰਤੀ ਮਿੰਟ ਧੜਕਦਾ ਹੈ ਭਾਵ 24 ਘੰਟਿਆਂ ਵਿਚ ਦਿਲ ਕਰੀਬ 140000 ਵਾਰ ਧੜਕਦਾ ਹੈ। ਖ਼ੂਨ ਅੰਦਰ ਆਕਸੀਜਨ, ਸ਼ੂਗਰ,ਅਤੇ ਖਾਦ ਪਦਾਰਥ ਨੂੰ ਦਿਲ ਧੱਕਾ ਲਗਾ ਕੇ ਸਰੀਰ ਦੇ ਹਰੇਕ ਅੰਗ ਤਕ ਭੇਜਦਾ ਹੈ ਤੇ ਨਾੜੀਆਂ ਹਰੇਕ ਸੈੱਲ ਤਕ ਆਕਸੀਜਨ, ਸ਼ੂਗਰ, ਅਤੇ ਭੋਜਨ ਪਹੁੰਚਦੀਆਂ ਹਨ ਤੇ ਲਹੂ ਨਸਾਂ ਅਸ਼ੁੱਧ ਖ਼ੂਨ ਫੇਰ ਦਿਲ ਤਕ ਲੈ ਕੇ ਜਾਂਦੀਆਂ ਹਨ ਤੇ ਦਿਲ ਅਸ਼ੁੱਧ ਖ਼ੂਨ ਨੂੰ ਸਾਫ਼ ਕਰਨ ਲਈ ਫੇਫੜਿਆਂ ਤੇ ਕਿਡਨੀਆਂ ਤਕ ਪਹੁੰਚਾਉਂਦਾ ਹੈ। ਕਿਡਨੀਆਂ ਖ਼ੂਨ ਵਿੱਚੋਂ ਗੰਦਾ ਪਾਣੀ ਬਾਹਰ ਕੱਢ ਕੇ ਸ਼ੁੱਧ ਖ਼ੂਨ ਵਾਪਸ ਦਿਲ ਕੋਲ ਤੇ ਫੇਫੜੇ ਖ਼ੂਨ ਵਿੱਚੋਂ ਕਾਰਬਨਡਾਇਕਸਾਇਡ ਮੂੰਹ, ਨੱਕ ਰਾਹੀਂ ਬਾਹਰ ਕੱਢ ਕੇ ਉਸ ਵਿਚ





ਆਕਸੀਜਨ ਮਿਲਾ ਕੇ ਉਸਨੂੰ ਸ਼ੁੱਧ ਕਰਕੇ ਵਾਪਸ ਦਿਲ ਦੇ ਖੱਬੇ ਖਾਨੇ ਫੇਫੜੇ ਨਾਲੀਆਂ ਰਾਹੀਂ ਭੇਜਦੇ ਹਨ। ਇਨ੍ਹਾਂ ਨਾੜੀਆਂ ਅੰਦਰ ਹੀ ਕੋਲੈਸਟ੍ਰੋਲ ਦੀ ਮਾਤਰਾ ਵਧਣ ਕਰਕੇ ਦਿਲ ਨੂੰ ਆਕਸੀਜਨ ਦੀ ਘਾਟ ਹੋਣ ਕਰਕੇ ਦਿਲ ਦਾ ਦੌਰਾ ਪੈਂਦਾ ਹੈ। ਸਾਫ ਸ਼ਬਦਾਂ 'ਚ ਆਕਸੀਜਨ ਦੀ ਘਾਟ ਕਰਕੇ ਹੀ ਦਿਲ ਦਾ ਦੌਰਾ ਤੇ ਦਿਮਾਗ਼ ਦੀਆਂ ਸੱਮਸਿਆਵਾਂ ਪੈਦੀਆਂ ਹੁੰਦੀਆਂ ਹਨ। ਇਸ ਸਮੇਂ ਦੁਨੀਆ ਦੇ 60 ਫ਼ੀਸਦੀ ਲੋਕ, ਬੱਚੇ , ਨੌਜਵਾਨ, ਦਿਲ ਦਿਮਾਗ਼ ਦੀਆਂ ਬਿਮਾਰੀਆਂ ਨਾਲ ਪੀੜਤ ਹਨ। ਉਹ ਹਮੇਸ਼ਾ ਜ਼ਿੰਦਗੀ ਬਚਾਉਣ ਲਈ ਦਵਾਈਆਂ 'ਤੇ ਲੱਗ ਜਾਂਦੇ ਹਨ। ਹਰ ਸਾਲ 2 ਕਰੋੜ ਲੋਕ ਦਿਲ ਦਾ ਦੌਰਾ ਪੈਣ ਕਰਕੇ ਮਰ ਰਹੇ ਹਨ ਜੋ ਦੁਨੀਆ ਅੰਦਰ ਅਚਾਨਕ ਹੋਣ ਵਾਲੀਆਂ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਹੈ ਤੇ ਆਉਣ ਵਾਲੇ ਸਮੇਂ 'ਚ ਇਹ ਸੱਮਸਿਆ ਬਿਮਾਰੀ ਤੇ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧੇਗੀ। ਹਰੇਕ ਸਕੂਲ ਵਿਚ ਦੋ ਵਾਰ ਫਸਟ ਏਡ, ਰੋਡ ਸੇਫਟੀ, ਸੀ.ਪੀ,ਆਰ. ਬਾਰੇ ਟਰੇਨਿੰਗ ਜ਼ਰੂਰ ਕਰਵਾਉਣ। ਦਿਲ ਦਾ ਦੌਰਾ ਅੱਜਕੱਲ੍ਹ ਆਮ ਹੋ ਗਿਆ ਹੈ ਦਿਲ ਦਾ ਦੋਰਾ ਅਕਸਰ ਉਸ ਸਮੇਂ ਪੈਂਦਾ ਹੈ ਜਦੋਂ ਦਿਲ ਨੂੰ ਪੂਰੀ ਮਾਤਰਾ ਵਿਚ ਆਕਸੀਜਨ ਨਹੀਂ ਮਿਲਦੀ ਹੈ। ਵੱਧ ਜ਼ੋਰ ਲਗਾਉਣ 'ਤੇ ਦਿਲ ਦਾ ਦੌਰਾ ਪੈ ਜਾਂਦਾ ਹੈ ਪਰ ਤਣਾਅ, ਸਿਗਰਟ ਬੀੜੀ , ਧੂੰਆਂ , ਗੁੱਡ ਨਾਇਟ ਦਾ ਧੂੰਆਂ , ਸ਼ੂਗਰ , ਬੱਲਡ ਪ੍ਰੈਸ਼ਰ, ਵੱਧ ਸਮਾਂ ਏ.ਸੀ ਵਿਚ ਰਹਿਣਾ, ਆਦਿ ਕਾਰਨ ਲੋਕ ਇਸ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਲੰਮਾ ਸਮਾਂ ਆਰਾਮ ਕਰਨ ਵਾਲੇ ਜਾਂ ਬੈਠੇ ਰਹਿਣ ਵਾਲੇ , ਖਾਣ ਤੋਂ ਬਾਅਦ ਉਸੇ ਸਮੇਂ ਲੰਮੇ ਪੈ ਜਾਣਾ, ਫਾਸਟ ਫੂਡ , ਜੰਕ ਫੂਡ, ਕੋਲਡ ਡਿੰਰਕ ਦੀ ਵਰਤੋਂ, ਤਲ਼ਿਆਂ ਤੇ ਤੇਜ਼ ਮਸਾਲਿਆਂ ਵਾਲੇ ਭੋਜਨ, ਨਮਕ ਦੀ ਵਰਤੋਂ ਆਦਿ ਨੁਕਸਾਨਦਾਇਕ ਹੈ। ਛੋਟੇ ਬੱਚਿਆਂ ਦਾ ਸਾਹ ਚੜ੍ਹਨਾ, ਨੀਲਾ ਹੋ ਜਾਣਾ, ਥਕਾਵਟ ਮਹਿਸੂਸ ਕਰਨਾ , ਛਾਤੀ 'ਚ ਦਰਦ ਆਦਿ ਵੀ ਇਸ ਦੀਆਂ ਨਿਸ਼ਾਨੀਆਂ ਹਨ। ਜ਼ਰੂਰਤ ਹੈ ਕਿ ਵਧੀਆ ਘਰੇਲੂ ਭੋਜਨ ਖਾ ਕੇ , 60 ਮਿੰਟ ਹਰ ਰੋਜ਼ ਸਵੇਰੇ ਤਾਜ਼ੀ ਠੰਢੀ ਹਵਾ ਵਿਚ ਕਸਰਤ ਜਾਂ ਸੈਰ ਕਰਨੀ ਚਾਹੀਦੀ ਹੈ। ਭਾਰ 'ਤੇ ਕਾਬੂ ਪਾਉਣ ਨਾਲ ਅਸੀਂ 80 ਫ਼ੀਸਦੀ ਦਿਲ ਦਿਮਾਗ਼ ਦੀਆਂ ਬਿਮਾਰੀਆਂ ਤੋਂ ਬਚ ਸਕਦੇ ਹਾਂ। ਜੇ ਕਿਸੇ ਨੂੰ ਦਿਲ ਦਾ ਦੌਰਾ ਪੈ ਜਾਵੇ ਤਾਂ ਉਸੇ ਸਮੇਂ ਉਸ ਨੂੰ ਹਸਪਤਾਲ ਲੈ ਜਾਉ। ਇਸ ਨੂੰ ਅਣਦੇਖਿਆ ਨਹੀਂ ਕਰਨਾ ਚਾਹੀਦਾ। ਜੇ ਲੋਕ ਸਿਹਤਮੰਦ ਤੇ ਸੁਰੱਖਿਅਤ ਰਹਿਣਗੇ ਤਾਂ ਹੀ ਦੇਸ਼ ਤਰੱਕੀ ਕਰੇਗਾ।

98786-11620

**ਇਨਸਾਨ ਦਾ ਦਿਲ ਆਰਾਮ ਕਰਦੇ ਸਮੇਂ 60 ਤੋਂ 100 ਵਾਰ ਪ੍ਰਤੀ ਮਿੰਟ ਤਕ ਧੜਕਦਾ ਹੈ। ਭਾਵ 24 ਘੰਟਿਆਂ ਵਿਚ ਦਿਲ ਕਰੀਬ 140000 ਵਾਰ ਧੜਕਦਾ ਹੈ। ਦਿਲ ਖ਼ੂਨ ਨੂੰ ਸਰੀਰ ਦੇ ਅੰਗਾਂ ਤਕ ਭੇਜਦਾ ਹੈ...**

# ਵਿਟਾਮਿਨ ਬੀ-6 ਦੀ ਘਾਟ

ਸਰੀਰ ਨੂੰ ਤੰਦਰੁਸਤ ਰੱਖਣ ਲਈ ਵਿਟਾਮਿਨ ਤੇ ਪੌਸ਼ਟਿਕ ਤੱਤਾਂ ਦੀ ਬਹੁਤ ਜ਼ਰੂਰਤ ਹੁੰਦੀ ਹੈ। ਅਸੀਂ ਆਪਣੇ ਖਾਣ-ਪੀਣ 'ਚ ਕਿਸੇ ਵੀ ਤਰ੍ਹਾਂ ਦੀ ਘਾਟ ਨਹੀਂ ਰੱਖਦੇ ਪਰ ਫਿਰ ਵੀ ਕਿਸੇ ਨਾ ਕਿਸੇ ਤਰ੍ਹਾਂ ਘਾਟ ਰਹਿ ਜਾਂਦੀ ਹੈ। ਜਿਸ ਕਰਕੇ ਸਰੀਰਕ ਸਮੱਸਿਆਵਾਂ ਆਉਣ ਲਗਦੀਆਂ ਹਨ। ਜੇ ਸਰੀਰ 'ਚ ਵਿਟਾਮਿਨ ਦੀ ਘਾਟ ਹੋਵੇ ਤਾਂ ਇਸ ਦੇ ਲੱਛਣ ਦਿਖਾਈ ਦੇਣ ਲਗਦੇ ਹਨ। ਜਿਵੇਂ ਦਿਲ ਦੀਆਂ ਬਿਮਾਰੀਆਂ, ਕਿਡਨੀ ਰੋਗ ਆਦਿ ਹੋਰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਲੱਛਣ :**

**ਥਕਾਵਟ ਤੇ ਸੁਸਤੀ :** ਵਿਟਾਮਿਨ ਬੀ 6 ਦੀ ਘਾਟ ਹੋਣ 'ਤੇ ਥੋੜ੍ਹਾ ਜਿਹਾ ਕੰਮ ਕਰਨ 'ਤੇ ਥਕਾਵਟ ਮਹਿਸੂਸ ਹੋਣ ਲਗਦੀ ਹੈ। ਸਾਰਾ ਦਿਨ ਸੁਸਤੀ ਪਈ ਰਹਿੰਦੀ ਹੈ।

**ਵਾਲ਼ਾਂ ਦਾ ਝੜਨਾ :** ਜੇ ਤੁਹਾਡੇ ਵੀ ਅਚਾਨਕ ਵਾਲ਼ ਝੜਨ ਲਗਦੇ ਹਨ ਤਾਂ ਵਿਟਾਮਿਨ ਬੀ6 ਦਾ ਟੈਸਟ ਕਰਵਾਓ।

**ਮੂੰਹ ਤੇ ਜੀਭ 'ਤੇ ਸੋਜ :** ਇਸ ਦੀ ਘਾਟ ਨਾਲ ਮੂੰਹ ਤੇ ਜੀਭ ਉੱਤੇ ਸੋਜ ਆ ਜਾਂਦੀ ਹੈ। ਇਸ ਦੇ ਇਲਾਵਾ ਜੀਭ 'ਚ ਦਰਦ ਵੀ ਹੋ ਸਕਦਾ ਹੈ। ਇਸ ਦੀ ਘਾਟ ਨਾਲ ਦਿਲ ਦੀ ਬਿਮਾਰੀ, ਕਿਡਨੀ ਰੋਗ, ਮਲਟੀਪਲ ਸਕਲੇਰੋਸਿਸ ਵਰਗੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਟੈਲੀਮੈਡੀਸਨ ਰਾਹੀਂ ਡਾਕਟਰਾਂ ਦੀ ਸਲਾਹ

ਡਾ. ਅੰਮ੍ਰਿਤ ਅਦਲੱਖਾ

ਸਾਡੇ ਦੇਸ਼ 'ਚ ਕਈ ਇਸ ਤਰ੍ਹਾਂ ਦੇ ਵੀ ਇਲਾਕੇ ਹਨ , ਜਿਥੇ ਪਹੁੰਚ ਮਾਰਗ ਨਹੀਂ ਹੈ। ਇਸ ਕਰਕੇ ਮੈਡੀਕਲ ਸੇਵਾਵਾਂ ਦੀ ਘਾਟ ਹੈ ਪਰ ਬਾਕੀ ਸੇਵਾਵਾਂ ਵਾਂਗ ਮੈਡੀਕਲ ਦੀਆਂ ਸੇਵਾਵਾਂ ਪ੍ਰਾਪਤ ਕਰਨਾ ਵੀ ਹਰ ਨਾਗਰਿਕ ਦਾ ਮੁੱਢਲਾ ਹੱਕ ਹੈ। ਭਾਰਤ ਸਰਕਾਰ ਨੇ ਇੰਡੀਅਨ ਸਪੇਸ ਰਿਸਰਚ ਆਰਗਨਾਈਜੇਸ਼ਨ ਅਤੇ ਸੂਚਨਾ ਤਕਨਾਲੋਜੀ ਵਿਭਾਗ ਅਤੇ ਵੱਡੇ ਹਸਪਤਾਲਾਂ ਮੈਡੀਕਲ ਸੇਵਾਵਾਂ ਦੂਰ-ਦੂਰ ਤਕ ਪਹੁੰਚਾਉਣ ਦਾ ਮਨਸੂਬਾ ਬਣਾਇਆ ਹੈ। 72 ਟੈਲੀਮੈਡੀਸਨ ਸੈਂਟਰ ਸਾਰੇ ਜ਼ਿਲ੍ਹਿਆਂ ਵਿਚ ਸ਼ੁਰੂ ਕਰਨ ਦਾ ਪ੍ਰੋਗਰਾਮ ਬਣਾਇਆ ਹੈ ਅਤੇ ਹੁਣ ਇਕ ਸੈਂਟਰ ਜੰਮੂ ਕਸ਼ਮੀਰ ਵਿਚ ਸ਼ੁਰੂ ਹੋਇਆ ਹੈ।



### ਕੀ ਹੈ ਟੈਲੀਮੈਡੀਸਨ

ਸੂਚਨਾ ਟੈਕਨਾਲੋਜੀ ਅਤੇ ਦੂਰ ਸੰਚਾਰ ਦੀ ਮਦਦ ਰਾਹੀਂ ਕੰਪਿਊਟਰ, ਇੰਟਰਨੈਟ ਅਤੇ ਦੂਜੇ ਯੰਤਰਾਂ ਦੀ ਸਹਾਇਤਾ ਨਾਲ ਟੈਲੀਕਾਨਫਰੰਸ ਜ਼ਰੀਏ ਦੂਰ ਬੈਠੇ ਮਰੀਜ਼, ਵਿਸ਼ਵ ਵਿਚ ਕਿਤੇ ਵੀ ਬੈਠੇ ਹੋਣ ਡਾਕਟਰ ਸਲਾਹ ਦੇ ਸਕਦਾ ਹੈ ਅਤੇ ਗੱਲਬਾਤ ਕਰ ਸਕਦਾ ਹੈ। ਟੈਲੀਮੈਡੀਸਨ ਵਾਸਤੇ ਕੁੱਝ ਯੰਤਰਾਂ ਦੀ ਲੋੜ ਹੈ ਜਿਵੇਂ ਕਿ ਕੰਪਿਊਟਰ ਸਕਰੀਨ, ਕੈਮਰਾ ਜਿਸ ਵਿਚ ਬੋਲਣ ਤੇ ਸੁਣਨ ਦੀ ਸਹੂਲਤ ਅਤੇ ਭਰੋਸਮੰਦ ਇੰਟਰਨੈਟ ਸਰਵਿਸ। ਦੋਵਾਂ ਪਾਸੇ ਸਬੰਧ ਸਥਾਪਤ ਕਰਨ ਵਾਸਤੇ ਸੂਚਨਾ ਤਕਨਾਲੋਜੀ ਦਾ ਚੰਗਾ ਮਾਹਿਰ ਅਤੇ ਡਾਕਟਰ ਜਾਂ ਨਰਸਾਂ ਕੰਪਿਊਟਰ ਰਾਹੀਂ ਹਦਾਇਤ ਸਮਝ ਸਕੇ ਅਤੇ ਇਲਾਜ ਕਰ ਸਕੇ। ਇਸ ਵਾਸਤੇ ਇਕ ਵੈਬਸਾਇਟ ਬਣਾਈ ਜਾਂਦੀ ਹੈ, ਜਿਸ ਤੇ ਰੋਗੀਆਂ ਦੀਆਂ ਰਿਪੋਰਟਾਂ ਐਕਸਰੇ ਤੇ ਬਿਮਾਰੀ ਦੀ ਪੂਰੀ ਲਿਸਟ ਭੇਜ ਸਕਦੇ ਹਨ। ਦੋਵਾਂ ਸੈਂਟਰਾਂ ਨਾਲ ਸਬੰਧ ਈਮੇਲ ਜਾਂ ਮੋਬਾਈਲ ਰਾਹੀਂ ਸਥਾਪਤ ਕੀਤਾ ਜਾਂਦਾ ਹੈ ਤੇ ਮਿੱਥੇ ਸਮੇਂ 'ਤੇ ਮਰੀਜ਼ ਨੂੰ ਬੁਲਾ ਕੇ ਮਾਹਿਰ ਨਾਲ ਗੱਲ ਕਰਾਈ ਜਾਂਦੀ ਹੈ ਤੇ ਉਸ ਦੇ ਇਲਾਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਇਕੋ ਸਮੇਂ 'ਤੇ ਬਹੁਤ ਸਾਰੇ ਮਰੀਜ਼ ਵੀ ਇਹ ਸੇਵਾ ਪ੍ਰਾਪਤ ਕਰ ਸਕਦੇ ਹਨ। ਇਹ ਸਿਸਟਮ ਸਸਤਾ ਤੇ ਵਧੀਆ ਹੈ ਜੋ ਹੌਲੀ-ਹੌਲੀ ਪ੍ਰਫੁਲਿਤ ਹੋ ਰਿਹਾ ਹੈ, ਜਿਵੇਂ ਲੋਕਾਂ ਨੂੰ ਪਤਾ ਲੱਗ ਰਿਹਾ ਹੈ। ਟੈਲੀਮੈਡੀਸਨ ਸੈਂਟਰਾਂ ਦਾ ਫ਼ਾਇਦਾ ਉਠਾ ਰਹੇ ਹਨ। ਟੈਲੀਮੈਡੀਸਨ ਸੈਂਟਰ ਦੀ ਹੋਂਦ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਵਿਚ ਪ੍ਰਚਾਰ ਦੀ ਲੋੜ ਹੈ ਤਾਂ ਜੋ ਰੋਗੀ ਵੱਧ ਤੋਂ ਵੱਧ ਇਸ ਦਾ ਫ਼ਾਇਦਾ ਉਠਾ ਸਕਣ ।

98146-52030



# ਫੇਸਵਾਸ਼ ਦੇ ਨੁਕਸਾਨ

ਜ਼ਿਆਦਾਤਰ ਲੋਕ ਚਿਹਰਾ ਧੋਣ ਲਈ ਫੇਸਵਾਸ਼ ਜਾਂ ਸਾਬਣ ਦਾ ਇਸਤੇਮਾਲ ਕਰਦੇ ਹਨ। ਇਸ ਦੇ ਸੇਵਨ ਨਾਲ ਧੂੜ-ਮਿੱਟੀ ਜਾਂ ਤੇਲ ਤਾਂ ਆਸਾਨੀ ਨਾਲ ਨਿਕਲ ਜਾਂਦਾ ਹੈ ਪਰ ਇਸ 'ਚ ਕਈ ਕੈਮੀਕਲ ਤੇ ਰਸਾਇਣਕ ਤੱਤ ਹੁੰਦੇ ਹਨ ਜੋ ਚਮੜੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸ ਨਾਲ ਚਮੜੀ ਰੁਖੀ ਤੇ ਬੇਜਾਨ ਹੋ ਸਕਦੀ ਹੈ। ਇਸ ਨਾਲ ਚਿਹਰੇ ਦਾ ਰੰਗ ਵੀ ਕਾਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਫੇਸਵਾਸ਼ ਦੀ ਜਗ੍ਹਾ 'ਤੇ ਰਸੋਈ 'ਚ ਮੌਜੂਦ ਚੀਜ਼ਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਦੇ ਇਸਤੇਮਾਲ ਨਾਲ ਚਿਹਰਾ ਹੋਰ ਜ਼ਿਆਦਾ ਸਾਫ਼ ਹੋ ਸਕਦਾ ਹੈ।

### ਚੀਨੀ

ਚੀਨੀ ਦੀ ਵਰਤੋਂ ਵੀ ਚਿਹਰਾ ਧੋਣ ਲਈ ਕੀਤੀ ਜਾ ਸਕਦੀ ਹੈ। ਚੀਨੀ ਦਾ ਪ੍ਰਯੋਗ ਕਰਨ ਲਈ ਉਸ ਨੂੰ ਚੰਗੀ ਤਰ੍ਹਾਂ ਪੀਸ ਲਓ ਤੇ ਫਿਰ ਚਿਹਰੇ 'ਤੇ ਲਗਾਓ। ਇਸ ਤੋਂ ਇਲਾਵਾ ਚੀਨੀ 'ਚ ਐਲੋਵੇਰਾ ਮਿਲਾ ਕੇ ਵੀ ਲਗਾ ਸਕਦੇ ਹੋ। ਇਸ ਨਾਲ ਵੀ ਕਾਫੀ ਫ਼ਾਇਦਾ ਮਿਲਦਾ ਹੈ।

### ਦੁੱਧ

*ਚਿਹਰੇ ਨੂੰ ਧੋਣ ਲਈ ਦੁੱਧ ਦਾ ਇਸਤੇਮਾਲ ਕਰੋ। ਇਸ ਨੂੰ ਚਿਹਰੇ 'ਤੇ ਲਗਾਉਣ ਨਾਲ ਚਿਹਰਾ ਸਾਫ਼ ਹੋ ਜਾਂਦਾ ਹੈ। ਦਿਨ 'ਚ ਦੋ ਜਾਂ ਤਿੰਨ ਵਾਰ ਦੁੱਧ ਨਾਲ ਆਪਣਾ ਮੂੰਹ ਧੋਵੋ।*

### ਪਪੀਤਾ

*ਪਪੀਤੇ 'ਚ ਵਿਟਾਮਿਨ ਹੁੰਦੇ ਹਨ ਜੋ ਕੁਦਰਤੀ ਕਲਿਜ਼ਰ ਦੀ ਤਰ੍ਹਾਂ ਕੰਮ ਕਰਦੇ ਹਨ। ਇਸ ਨੂੰ ਚਿਹਰੇ 'ਤੇ ਲਗਾਉਣ ਨਾਲ ਰੰਗਤ 'ਚ ਨਿਖ਼ਾਰ ਆਉਂਦਾ ਹੈ। ਪਪੀਤੇ ਦੇ ਟੁਕੜਿਆਂ 'ਚ ਸ਼ਹਿਦ ਮਿਲਾ ਕੇ ਚਿਹਰੇ ਦੀ ਮਸਾਜ ਕਰੋ। ਇਸ ਤਰ੍ਹਾਂ ਇਸਤੇਮਾਲ ਕਰਨ ਨਾਲ ਚਿਹਰੇ ਦੀਆਂ ਝੁਰੜੀਆਂ ਵੀ ਖ਼ਤਮ ਹੋ ਜਾਣਗੀਆਂ।*

### ਸ਼ਹਿਦ

ਚਿਹਰੇ ਦੀ ਖ਼ੂਬਸੂਰਤੀ ਵਧਾਉਣ ਲਈ ਸ਼ਹਿਦ ਦਾ ਇਸਤੇਮਾਲ ਕਰੋ। ਸ਼ਹਿਦ ਨਾਲ ਚਮੜੀ ਹਮੇਸ਼ਾ ਹਾਈਡ੍ਰੇਟ ਰਹਿੰਦੀ ਹੈ। ਇਸ ਨਾਲ ਸਾਰੇ ਦਿਨ ਦੀ ਗੰਦਗੀ ਦੂਰ ਹੋ ਜਾਂਦੀ ਹੈ।

### ਨਾਰੀਅਲ ਤੇਲ

ਜ਼ਿਆਦਾਤਰ ਕੁੜੀਆਂ ਮੇਕਅੱਪ ਹਟਾਉਣ ਲਈ ਮੇਕਅੱਪ ਰਿਮੂਵਰ ਦਾ ਇਸਤੇਮਾਲ ਕਰਦੀਆਂ ਹਨ। ਇਸ ਦੀ ਥਾਂ 'ਤੇ ਨਾਰੀਅਲ ਦਾ ਇਸਤੇਮਾਲ ਵੀ ਕਰ ਸਕਦੇ ਹੋ। ਇਸ ਨਾਲ ਚਿਹਰੇ ਦੀ ਨਮੀ ਬਣੀ ਰਹਿੰਦੀ ਹੈ ਤੇ ਰੋਮਾਂ 'ਚੋਂ ਗੰਦਗੀ ਵੀ ਨਿਕਲ ਜਾਂਦੀ ਹੈ।

### ਨਿੰਬੂ

ਚਿਹਰੇ ਦੀ ਚਮਕ ਲਈ ਨਿੰਬੂ ਦਾ ਇਸਤੇਮਾਲ ਕਰੋ। ਚਿਹਰੇ 'ਤੇ ਨਿੰਬੂ ਲਗਾਓ ਤੇ ਫਿਰ ਪਾਣੀ ਨਾਲ ਧੋ ਲਓ।



**ਤਣਾਅ ਅਸਲ ਵਿਚ ਚਿੰਤਾ ਤੇ ਬੇਵਿਸ਼ਵਾਸੀ ਦੀ ਕੁੱਖ 'ਚੋਂ ਜਨਮ ਲੈਂਦਾ ਹੈ ਜਿਨ੍ਹਾਂ ਦਾ ਕਾਰਨ ਹਰੇਕ ਮਨੁੱਖ ਲਈ ਵੱਖੋ-ਵੱਖਰਾ ਹੋ ਸਕਦਾ ਹੈ। ਕੋਈ ਆਪਣੇ ਅੱਜ ਦੇ ਦੌਰ ਨੂੰ ਲੈ ਕੇ ਪਰੇਸ਼ਾਨ ਹੁੰਦਾ ਹੈ ਤੇ ਕੋਈ ਆਪਣੇ ਕੱਲ੍ਹ ਨੂੰ ਲੈ ਕੇ ਤਣਾਅ 'ਚ ਰਹਿੰਦਾ ਹੈ...**

# ਮੌਤ ਦਾ ਰੂਪ ਧਾਰ ਰਿਹੈ ਮਾਨਸਿਕ ਤਣਾਅ

ਪ੍ਰੋ. ਪਰਮਜੀਤ ਸਿੰਘ

ਮਾਨਸਿਕ ਤਣਾਅ ਅਸਲ ਵਿਚ ਮਨੁੱਖੀ ਦੇਹ ਨੂੰ ਚਿੰਬੜਿਆ ਸਿਉਂਕ ਜਿਹਾ ਕੀੜਾ ਹੈ ਜੋ ਤਨ ਅਤੇ ਮਨ ਨੂੰ ਖੋਖਲਾ ਕਰ ਦਿੰਦਾ ਹੈ। ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਮਨੁੱਖ ਦੀ ਕਮਾਨ ਉਸਦੇ ਹੱਥੋਂ ਨਿਕਲਦੀ ਜਾਂਦੀ ਹੈ ਤੇ ਇਹ ਚੀਜ਼ ਕੇਵਲ ਪੁਰਸ਼ ਜਾਂ ਔਰਤ ਲਈ ਹੀ ਨਹੀਂ ਸਗੋਂ ਉਸਦੇ ਸੰਪਰਕ ਵਿਚ ਆਉਣ ਵਾਲੇ ਅਨੇਕਾਂ ਲੋਕਾਂ ਲਈ ਵੀ ਘਾਤਕ ਹੁੰਦੀ ਜਾ ਰਹੀ ਹੈ। ਤਣਾਅ ਅਸਲ ਵਿਚ ਚਿੰਤਾ ਤੇ ਬੇਵਿਸ਼ਵਾਸੀ ਦੀ ਕੁੱਖ 'ਚੋਂ ਜਨਮ ਲੈਂਦਾ ਹੈ ਜਿਨ੍ਹਾਂ ਦਾ ਕਾਰਨ ਹਰੇਕ ਮਨੁੱਖ ਲਈ ਵੱਖੋ-ਵੱਖਰਾ ਹੋ ਸਕਦਾ ਹੈ। ਕੋਈ ਆਪਣੇ ਅੱਜ ਦੇ ਦੌਰ ਨੂੰ ਲੈ ਕੇ ਪਰੇਸ਼ਾਨ ਹੁੰਦਾ ਹੈ ਤੇ ਕੋਈ ਆਪਣੇ ਕੱਲ੍ਹ ਨੂੰ ਲੈ ਕੇ ਤਣਾਅ 'ਚ ਰਹਿੰਦਾ ਹੈ। ਹਰ ਮਨੁੱਖ ਦੇ ਆਪੋ-ਆਪਣੇ ਦੁੱਖ, ਕਲੇਸ਼ ਤੇ ਚਿੰਤਾਵਾਂ ਹਨ। ਇਥੇ ਉਮਰ ਦਾ ਕੋਈ ਲਿਹਾਜ਼ ਨਹੀਂ ਹੈ। ਹਰ ਵਿਅਕਤੀ ਆਪਣੇ ਅੰਦਰ ਆਪਣੇ ਹੀ ਢੰਗ ਨਾਲ ਤਣਾਅ ਹੰਢਾਅ ਰਿਹਾ ਹੈ। ਵਿੱਦਿਅਕ ਖੇਤਰ 'ਚ ਸਾਡਾ ਪ੍ਰੀਖਿਆ ਢਾਂਚਾ ਇਸ ਪ੍ਰਕਾਰ ਦਾ ਹੈ ਕਿ ਸਾਰੇ ਸਾਲ ਦਾ ਪਾਠਕ੍ਰਮ ਹਰ ਵਿਦਿਆਰਥੀ ਨੂੰ ਕੁੱਝ ਕੁ ਦਿਨਾਂ ਜਾਂ ਕੁੱਝ ਘੰਟਿਆਂ ਵਿਚ ਯਾਦ ਕਰਕੇ ਪ੍ਰੀਖਿਆਵਾਂ ਵਿਚ ਲਿਖਣਾ ਪੈਂਦਾ ਹੈ ਤੇ ਮਾਪਿਆਂ ਵੱਲੋਂ ਬੱਚੇ ਨੂੰ ਮੈਰਿਟ ਵਿਚ ਆਉਣ ਲਈ ਪਾਏ ਜਾਂਦੇ ਦਬਾਅ ਕਰਕੇ ਬੱਚੇ ਮਾਨਸਿਕ ਤਣਾਅ ਦੇ ਸ਼ਿਕਾਰ ਹੁੰਦੇ ਹਨ ਤੇ ਉਹ ਪਹਿਲੇ ਨੰਬਰ 'ਤੇ ਆਉਣ ਦੇ ਲਾਲਚ 'ਚ ਇਕ ਤਣਾਅ ਪੂਰਕ ਜ਼ਿੰਦਗੀ ਜਿਉਣ ਲੱਗਦੇ ਹਨ ਜਾਂ ਫਿਰ ਖ਼ੁਦਕੁਸ਼ੀ ਜਿਹਾ ਵੱਡਾ ਕਦਮ ਚੁੱਕ ਬੈਠਦੇ ਹਨ। ਪੱਛਮੀ ਮੁਲਕਾਂ ਵਿਚ ਬੀਤੇ ਸਮੇਂ ਵਿਚ ਅਜਿਹੀਆਂ ਕਈ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ ਜਿਨ੍ਹਾਂ ਵਿਚ ਵਿਦਿਆਰਥੀ ਮਾਨਸਿਕ ਤਣਾਅ ਦੇ ਦਬਾਅ ਹੇਠ ਆਏ ਹਨ। ਵਧਦੀ ਮਹਿੰਗਾਈ ਤੇ ਗ਼ਲਤ ਸਰਕਾਰੀ ਨੀਤੀਆਂ ਕਰਕੇ ਸਮਾਜ ਵਿਚ ਪਸਰ ਰਹੇ ਅਮੀਰ-ਗਰੀਬ ਵਿਚਲੇ ਪੜਾਅਵਾਂ ਨੇ ਗਰੀਬ ਪਰਿਵਾਰਾਂ ਦੇ ਸਿਰ ਕਰਜ਼ਿਆਂ ਤੇ ਫ਼ਿਕਰਾਂ ਦੀ ਪੰਡ ਅਤਿਅੰਤ ਭਾਰੀ ਕਰ ਛੱਡੀ ਹੈ। ਮਹਿੰਗੀਆਂ ਪੜ੍ਹਾਈਆਂ ਤੇ ਮਹਿੰਗੇ ਇਲਾਜ ਨੇ ਗਰੀਬ ਤੇ ਮੱਧ ਵਰਗ ਦੀ ਕਮਰ ਤੋੜ ਦਿੱਤੀ ਹੈ। ਅੱਜ ਔਲਾਦ ਦੇ ਭਵਿੱਖ ਨੂੰ ਲੈ ਕੇ ਸਰਕਾਰੀ ਕਰਮਚਾਰੀ ਤੋਂ ਲੈ ਕੇ ਕਰੋੜਪਤੀ ਵਪਾਰੀ ਵੀ ਫ਼ਿਕਰਮੰਦ ਹਨ ਤੇ ਸਾਰੀ ਉਮਰ ਦੀ ਪੂੰਜੀ ਖ਼ਰਚ ਕੇ ਆਪਣੀਆਂ ਧੀਆਂ, ਪੁੱਤਾਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ। ਤਣਾਅ ਦਾ ਪੱਧਰ ਹਰ ਬੰਦੇ ਦਾ ਆਪੋ ਆਪਣਾ ਹੈ ਪਰ ਕੌੜਾ ਸੱਚ ਇਹ ਹੈ ਕਿ ਖ਼ੁਦਕੁਸ਼ੀ ਕਰਨਾ ਅਸਲ ਵਿਚ ਬੁਜ਼ਦਿਲੀ ਹੈ। ਸਾਂਝੇ ਪਰਿਵਾਰਾਂ ਦੀ ਅਣਹੋਂਦ ਅਤੇ ਇਕੱਲੇ ਪਰਿਵਾਰਾਂ 'ਚੋਂ ਵੀ ਬਜ਼ੁਰਗਾਂ ਨੂੰ ਮਨਫ਼ੀ ਕਰ ਦੇਣਾ ਰਿਸ਼ਤਿਆਂ ਵਿਚ ਕੁੜੱਤਣ ਤੇ ਅਸਹਿਣਸ਼ੀਲਤਾ ਲਿਆ ਰਿਹਾ ਹੈ। ਅੱਜ ਪਤੀ-ਪਤਨੀ ਜਾਂ ਪਿਤਾ ਤੇ ਬੱਚੇ ਦਰਮਿਆਨ ਤਕਰਾਰ ਹੋ ਜਾਣ 'ਤੇ ਸਮਝਾ-ਬੁਝਾ ਕੇ ਮਾਮਲਾ ਹੱਲ ਕਰਨ ਵਾਲੇ ਬਜ਼ੁਰਗ ਸਾਡੇ ਅਖੌਤੀ ਆਧੁਨਿਕ ਜੀਵਨ ਦਾ ਹਿੱਸਾ ਨਹੀਂ ਹਨ ਤੇ ਪਰਿਵਾਰਕ ਸਬੰਧਾਂ 'ਚ ਤਰੇੜਾਂ ਤੋਂ ਨੌਕਰੀਪੇਸ਼ਾ ਮਾਪਿਆਂ ਵੱਲੋਂ ਬੱਚਿਆਂ ਵੱਲ ਧਿਆਨ ਨਾ ਦੇਣ ਕਰਕੇ ਬੱਚੇ ਇਸ ਤਣਾਅ ਦੇ ਸ਼ਿਕਾਰ ਹੁੰਦੇ ਹਨ। ਜੇ ਸਾਡੇ ਬਜ਼ੁਰਗ ਸਾਡੇ ਨਾਲ ਰਹਿਣ ਤਾਂ ਉਹ ਆਪਣੇ ਤਜਰਬੇ ਸਾਂਝੇ ਕਰਨ ਤਾਂ ਉਸ ਨਾਲ ਬੱਚਿਆਂ ਦਾ ਮਾਰਗਦਰਸ਼ਨ ਹੋ ਸਕਦਾ ਹੈ ਉਸ ਨਾਲ ਮਾਨਸਿਕ ਤਣਾਅ ਘੱਟ ਸਕਦਾ ਹੈ। ਅੱਜ ਦੇ ਨੌਜਵਾਨ ਵਰਗ ਅੰਦਰੋਂ ਨੈਤਿਕਤਾ ਦਾ ਘਾਣ ਕਰ ਦਿੱਤਾ ਹੈ। ਕੇਵਲ ਨੌਜਵਾਨ ਵਰਗ ਹੀ ਕਿਉਂ ਸਾਡੇ ਸਮੁੱਚ ਸਮਾਜ ਨੂੰ ਅੱਜ ਪੁਰਾਣੀਆਂ ਕਦਰਾਂ-ਕੀਮਤਾਂ ਜਿਵੇਂ ਇਮਾਨਦਾਰੀ, ਵਫ਼ਾਦਾਰੀ, ਸੱਚਾਈ, ਬਜ਼ੁਰਗਾਂ ਦਾ ਸਤਿਕਾਰ, ਸਭ ਧਰਮਾਂ ਦਾ ਆਦਰ ਤੇ ਧੀਆਂ ਦੀ ਸੰਗ-ਸ਼ਰਮ ਆਦਿ ਧਾਰਨ ਕਰਨ ਦੀ ਬੇਹੱਦ ਲੋੜ ਹੈ। ਲੱਖਾਂ ਤੰਗੀਆਂ-ਤੁਰਸ਼ੀਆਂ ਹੋਣ ਦੇ ਬਾਵਜੂਦ ਬੇਇਮਾਨੀ ਤੇ ਖ਼ੁਦਕੁਸ਼ੀ ਦੇ ਰਾਹ ਨਾ ਤੁਰਨ ਵਾਲੇ ਆਦਰਸ਼ ਵਾਪਸ ਮੋੜ ਲਿਆਉਣ। ਪੈਸੇ ਦੀ ਹਿਰਸ ਤੇ ਸਰੀਰ ਦੀ ਹਵਸ ਨੇ ਕਈ ਸਾਰੀਆਂ ਬੁਰਾਈਆਂ ਨੂੰ ਜਨਮ ਦੇ ਦਿੱਤਾ ਹੈ। ਅੱਜ ਦੇ ਕੰਪਿਊਟਰ ਯੁੱਗ ਦਾ ਮਨੁੱਖ ਕਈ ਸਾਰੀਆਂ ਬੇਲੋੜੀਆਂ ਚਿੰਤਾਵਾਂ ਤੇ ਫ਼ਿਕਰ ਸਹੇੜੀ ਬੈਠਾ ਹੈ। ਮਨੁੱਖ ਨੂੰ ਮਨੁੱਖ ਰਹਿਣ ਦੀ ਥਾਂ ਮਸ਼ੀਨ ਨੂੰ ਮਨੁੱਖ ਬਣਾਉਣ ਦੇ ਚੱਕਰਾਂ 'ਚ ਉਲਝੇ ਪਏ ਹਾਂ। ਆਓ ਆਪਣਾ ਮਨ ਬਣਾਈਏ ਕਿ ਕੋਈ ਵੀ ਮੁਸੀਬਤ ਜਾਂ ਮੁਸ਼ਕਿਲ ਸਾਡੇ ਹੌਸਲੇ ਤੇ ਵਿਸ਼ਵਾਸ ਤੋਂ ਵੱਡੀ ਨਹੀਂ ਹੈ। ਯਾਦ ਰੱਖਣਾ ਕੇ ਹੌਸਲੇ ਬੁਲੰਦ ਹੋਣ ਤਾਂ ਸਵਾ ਲੱਖ ਨਾਲ ਇਕ ਵੀ ਲੜ ਸਕਦਾ।

97816-46008



## ਦੰਦਾਂ ਦੇ ਪੀਲੇਪਨ ਨੂੰ ਕਰੋ ਦੂਰ



ਸਿਗਰਟ, ਸ਼ਰਾਬ, ਗੁਟਕਾ, ਪਾਨ ਤੇ ਤੰਬਾਕੂ ਦਾ ਲਗਾਤਾਰ ਸੇਵਨ ਕਰਨ ਨਾਲ ਦੰਦਾਂ 'ਚ ਪੀਲਾਪਨ ਆ ਜਾਂਦਾ ਹੈ। ਦੰਦਾਂ ਨਾਲ ਜੁੜੀਆਂ ਹਰ ਇਕ ਸਮੱਸਿਆਵਾਂ ਦੇ ਪਿੱਛੇ ਗ਼ਲਤ ਖਾਣ-ਪੀਣ ਤੇ ਗ਼ਲਤ ਜੀਵਨਸ਼ੈਲੀ ਮੁੱਖ ਕਾਰਨ ਹੈ। ਖ਼ਰਾਬ ਜੀਵਨਸ਼ੈਲੀ ਦੀ ਵਜ੍ਹਾ ਕਰਕੇ ਅਸੀਂ ਆਪਣੀ ਸਿਹਤ ਵੱਲ ਵੀ ਧਿਆਨ ਨਹੀਂ ਦਿੰਦੇ। ਬੁਰਸ਼ ਨਾ ਕਰਨਾ ਜਾਂ ਖਾਣਾ ਖਾਣ ਤੋਂ ਬਾਅਦ ਬੁਰਸ਼ ਨਾ ਕਰਨਾ, ਇਸ ਨਾਲ ਕੇਵਲ ਦੰਦ ਹੀ ਪੀਲੇ ਨਹੀਂ ਹੁੰਦੇ ਦੰਦ ਕਮਜ਼ੋਰ ਵੀ ਹੋ ਜਾਂਦੇ ਹਨ। ਜ਼ਿਆਦਾ ਮਿੱਠਾ ਖਾਣਾ, ਜ਼ਿਆਦਾ ਚਾਹ ਦਾ ਸੇਵਨ ਕਰਨਾ, ਕੌਫ਼ੀ, ਆਦਿ ਚੀਜ਼ਾਂ ਵੀ ਦੰਦਾਂ ਦਾ ਨੁਕਸਾਨ ਕਰਦੀਆਂ ਹਨ। ਉਮਰ ਵੀ ਇਕ ਬਹੁਤ ਵੱਡੀ ਵਜ੍ਹਾ ਹੈ। ਜੇ ਡਾਕਟਰਾਂ ਦੀ ਗੱਲ ਕਰੀਏ ਤਾਂ ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਜਾਂਦੀ ਹੈ ਤਾਂ ਉਸੇ ਤਰ੍ਹਾਂ ਦੰਦ ਪੀਲੇ ਹੁੰਦੇ ਜਾਂਦੇ ਹਨ।ਇਸ ਕਰਕੇ ਇਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਤੇ ਵਧੀਆ ਆਹਾਰ ਦਾ ਸੇਵਨ ਕਰਨਾ ਚਾਹੀਦਾ ਹੈ।

# ਅੱਖਾਂ ਦੀ ਦੇਖਭਾਲ ਦੇ ਸਹੀ ਤਰੀਕੇ



ਜਿਸ ਤਰ੍ਹਾਂ ਅਸੀਂ ਸਭ ਜਾਣਦੇ ਹਾਂ ਕਿ ਅੱਖਾਂ ਸਾਰੇ ਸਰੀਰ ਦਾ ਸਭ ਤੋਂ ਅਨਮੋਲ ਭਾਗ ਹੈ। ਇਨ੍ਹਾਂ ਦੇ ਜ਼ਰੀਏ ਅਸੀਂ ਸਾਰੀ ਦ੍ਰਿਸ਼ਟੀ ਨੂੰ ਦੇਖਦੇ ਹਾਂ ਤੇ ਇਨ੍ਹਾਂ ਦਾ ਖ਼ਾਸ ਧਿਆਨ ਰੱਖਣਾ ਸਾਡਾ ਅਹਿਮ ਫ਼ਰਜ਼ ਬਣਦਾ ਹੈ। ਇਨ੍ਹਾਂ ਦੇ ਬਿਨਾਂ ਸਾਡੀ ਪੂਰੀ ਜ਼ਿੰਦਗੀ ਅਧੂਰੀ ਹੈ। ਜਿਨ੍ਹਾਂ ਲੋਕਾਂ ਦੀਆਂ ਅੱਖਾਂ 'ਚ ਕੋਈ ਪਰੇਸ਼ਾਨੀ ਹੋਵੇ ਉਨ੍ਹਾਂ ਲਈ ਇਹ ਜ਼ਿੰਦਗੀ ਦਾ ਪੜਾਅ ਤਹਿ ਕਰਨਾ ਬਹੁਤ ਹੀ ਔਖਾ ਹੁੰਦਾ ਹੈ। ਜੇ ਅਸੀਂ ਮੌਸਮ ਦੀ ਗੱਲ ਕਰੀਏ ਤਾਂ ਹਰ ਇਕ ਮੌਸਮ 'ਚ ਇਨ੍ਹਾਂ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਗਰਮੀ ਦੀ ਤੇਜ਼ ਤਪਸ਼ ਅਤੇ ਧੁੱਪ ਸਾਡੀਆਂ ਅੱਖਾਂ ਨੂੰ ਕਿੰਨਾ ਨੁਕਸਾਨ ਪਹੁੰਚਾ ਸਕਦੀ ਹੈ ਇਸ ਦਾ ਕਈ ਵਾਰ ਅਸੀਂ ਕੋਈ ਅੰਦਾਜ਼ਾ ਵੀ ਨਹੀਂ ਲਗਾਉਂਦੇ। ਉਸ ਤੋਂ ਬਚਣ ਲਈ ਸਾਨੂੰ ਕੀ ਸਾਵਧਾਨੀ ਵਰਤਣੀ ਚਾਹੀਦੀ ਹੈ, ਇਸ ਗੱਲ ਨੂੰ ਜਾਣ ਲੈਣਾ ਸਾਡੇ ਲਈ ਬੇਹੱਦ ਜ਼ਰੂਰੀ ਹੈ। ਮਾਹਿਰਾਂ ਨੇ ਇਸ ਬਦਲਦੇ ਮੌਸਮ ਅਤੇ ਤੇਜ਼ ਧੁੱਪ ਭਰੀ ਗਰਮੀ ਵਿਚ ਅੱਖਾਂ ਦੇ ਬਚਾਅ ਅਤੇ ਉਸ ਦੀ ਦੇਖਭਾਲ ਲਈ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ।

ਆਪਣੀਆਂ ਅਨਮੋਲ ਅੱਖਾਂ ਨੂੰ ਇਸ ਗਰਮੀਆਂ ਦੇ ਮੌਸਮ ਤੋਂ ਬਚਾਉਣਾ ਚਾਹੀਦਾ ਹੈ। ਅੱਖਾਂ ਵਿਚ ਪਾਣੀ ਆਉਣਾ, ਚੁਭਣ ਮਹਿਸੂਸ ਹੋਣੀ, ਅੱਖਾਂ ਵਿਚ ਲਾਲਪਨ ਆਉਣਾ, ਜਲਣ ਆਦਿ ਲੱਛਣਾਂ ਨੂੰ ਕਦੀ ਵੀ ਅਣਗੌਲਿਆ ਨਹੀਂ ਕਰਨਾ ਚਾਹੀਦਾ। ਇਸ ਮੌਸਮ ਵਿਚ ਸਭ ਤੋਂ ਜ਼ਿਆਦਾ ਐਲਰਜੀ ਹੁੰਦੀ ਹੈ ਕਿਉਂਕਿ ਇਨ੍ਹਾਂ ਦਿਨਾਂ 'ਚ ਧੂੜ-ਮਿੱਟੀ ਜ਼ਿਆਦਾ ਪਾਈ ਜਾਂਦੀ ਹੈ ਜੋ ਅੱਖਾਂ ਲਈ ਬੁਤਹ ਹੀ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਮੌਸਮ ਦੇ ਬਦਲਣ ਦੀ ਵਜ੍ਹਾ ਤੋਂ ਵੀ ਅੱਖਾਂ ਵਿਚ ਐਲਰਜੀ ਹੋ ਜਾਂਦੀ ਹੈ। ਇਸ ਦੇ ਬਚਾਅ ਲਈ ਸਭ ਤੋਂ ਵਧੀਆ ਤਰੀਕਾ ਹੈ ਕਿ ਅੱਖਾਂ ਨੂੰ ਬਿਲਕੁਲ ਵੀ ਮਲਣਾ ਨਹੀਂ ਚਾਹੀਦਾ ਜਦੋਂ ਅਸੀਂ ਇਨ੍ਹਾਂ ਨੂੰ ਮਲਣਾ ਸ਼ੁਰੂ ਕਰ ਦਿੰਦੇ ਹਾਂ ਤਾਂ ਹੋਰ ਜ਼ਿਆਦਾ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਮਲਣ ਦੀ ਬਜਾਏ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਣਾ ਚਾਹੀਦਾ ਹੈ। ਉਸ ਦੇ ਬਾਅਦ ਵੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇਸ ਵਿਚ ਥੋੜ੍ਹੀ ਜਿਹੀ ਲਾਪਰਵਾਹੀ ਨਾ ਕਰਦੇ ਹੋਏ ਨੇਤਰ ਮਾਹਿਰ ਦੀ ਰਾਏ ਲਓ। ਸੂਰਜ ਦੀ ਤੇਜ਼ ਧੁੱਪ ਅਤੇ ਉਸ ਵਿਚ ਨਿਕਲਣ ਵਾਲੀਆਂ ਕਿਰਨਾਂ ਨਾਲ ਅੱਖਾਂ ਦਾ ਬਚਾਅ ਵੀ ਬੇਹੱਦ ਜ਼ਰੂਰੀ ਹੈ। ਸੂਰਜ ਦੀਆਂ ਕਿਰਨਾਂ ਸਾਡੀਆਂ ਅੱਖਾਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ।

ਇਸ ਲਈ ਘਰ ਤੋਂ ਬਾਹਰ ਨਿਕਲਦੇ ਸਮੇਂ ਧੁੱਪ 'ਚ ਐਨਕ ਜ਼ਰੂਰ ਲਗਾਓ। ਸੰਨ ਗਲਾਸ ਜਿੱਥੇ ਧੂੜ ਦੇ ਕਣਾਂ ਨੂੰ ਅੱਖਾਂ ਵਿਚ ਜਾਣ ਤੋਂ ਰੋਕਦੇ ਹੈ, ਉੱਥੇ ਹੀ ਸੂਰਜ ਦੀਆਂ ਕਿਰਨਾਂ ਤੋਂ ਵੀ ਕਾਫ਼ੀ ਹੱਦ ਤਕ ਬਚਾਅ ਕਰਦੀਆਂ ਹਨ। ਤੇਜ਼ ਧੁੱਪ ਨਾਲ ਅੱਖਾਂ ਦੇ ਬਚਾਅ ਲਈ ਸਿਰ ਉੱਤੇ ਟੋਪੀ ਦਾ ਇਸਤੇਮਾਲ ਵੀ ਕਰ ਸਕਦੇ ਹੋ। ਅਜਿਹਾ ਕਰਨ ਨਾਲ ਸੂਰਜ ਦੀਆਂ ਕਿਰਨਾਂ ਤੁਹਾਡੇ ਚਿਹਰੇ 'ਤੇ ਨਹੀਂ ਪੈਣਗੀਆਂ ਤੇ ਨਾਲ ਹੀ ਤੁਹਾਡੀਆਂ ਅੱਖਾਂ ਨੂੰ ਕਿਰਨਾਂ ਤੋਂ ਸੁਰੱਖਿਅਤ ਰੱਖਦੀਆਂ ਹਨ। ਅੱਖਾਂ ਦੀ ਸਹੀ ਦੇਖਭਾਲ ਲਈ ਚੰਗਾ ਤਾਂ ਇਹੀ ਹੈ ਕਿ ਤੁਸੀਂ ਕਿਸੇ ਮਾਹਿਰ ਦੇ ਕੋਲ ਜਾਓ।

ਜੇ ਕਿਸੇ ਕਾਰਨ ਅਜਿਹਾ ਕਰਨਾ ਸੰਭਵ ਨਾ ਹੋਵੇ ਤਾਂ ਕੁੱਝ ਸਾਵਧਾਨੀਆਂ ਵਰਤ ਕੇ ਵੀ ਤੁਸੀ ਆਪਣੀ ਨਜ਼ਰ ਨੂੰ ਕਾਫੀ ਹੱਦ ਤਕ ਬਚਾਅ ਸਕਦੇ ਹੋ। ਗਰਮੀ ਦੇ ਮੌਸਮ ਵਿਚ ਅੱਖਾਂ ਵਿਚ ਥਕਾਵਟ ਮਹਿਸੂਸ ਹੋਣ 'ਤੇ ਅੱਖਾਂ ਨੂੰ ਵਾਰ-ਵਾਰ ਠੰਢੇ ਪਾਣੀ ਨਾਲ ਧੋਣ 'ਤੇ ਕਾਫ਼ੀ ਰਾਹਤ ਮਿਲਦੀ ਹੈ। ਧਿਆਨ ਰਹੇ ਕਿ ਅੱਖਾਂ ਨੂੰ ਦਬਾਉਣਾ ਜਾਂ ਰਗੜਨਾ ਨਹੀਂ ਚਾਹੀਦਾ। ਕੱਚੇ ਖੀਰੇ ਜਾਂ ਆਲੂ ਦਾ ਇਕ ਟੁਕੜਾ ਕੱਟ ਕੇ ਅੱਖਾਂ 'ਤੇ ਰੱਖਣ ਨਾਲ ਵੀ ਬਹੁਤ ਰਾਹਤ ਮਿਲਦੀ ਹੈ।ਅੱਖਾਂ ਦੇ ਬਚਾਅ ਲਈ ਹਰੀਆਂ ਸਬਜ਼ੀਆਂ ਤੇ ਦਾਲ਼ਾਂ ਦਾ ਜ਼ਿਆਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਸੇਵਨ ਨਾਲ ਅੱਖਾਂ ਦੀ ਰੋਸ਼ਨੀ ਵੀ ਵਧੀਆ ਬਣੀ ਰਹਿੰਦੀ ਹੈ।

## ਸੰਪਾਦਕੀ

# ਵਿਦਿਆਰਥੀਆਂ ਦਾ ਮਾਨਸਿਕ ਸੰਤੁਲਨ ਅਤੇ ਨਤੀਜੇ

ਅਠਾਰਾਂ ਸਾਲਾਂ ਦੀ ਇੱਕ ਲੜਕੀ ਵੱਲੋਂ ਆਪਣੇ ਖ਼ੁਦਕੁਸ਼ੀ ਨੋਟ 'ਚ ਲਿਖੇ ਸ਼ਬਦ ਕਿੰਨੇ ਖੌਫ਼ਨਾਕ ਹਨ- "ਮੰਮੀ, ਪਾਪਾ ਮੈਂ ਜੇਈਈ ਨਹੀਂ ਕਰ ਸਕਦੀ। ਇਸ ਲਈ ਮੈਂ ਖ਼ੁਦਕੁਸ਼ੀ ਕਰ ਲਈ, ਮੈਂ ਹਾਰ ਗਈ ਹਾਂ। ਮੈਂ ਬਹੁਤ ਮਾੜੀ ਧੀ ਹਾਂ। ਮੈਨੂੰ ਮੁਆਫ਼ ਕਰ ਦਿਓ, ਮੰਮੀ ਪਾਪਾ। ਮੇਰੇ ਕੋਲ ਇਹੀ ਆਖ਼ਰੀ ਰਾਹ ਬਚਿਆ ਹੈ।" ਇਨ੍ਹਾਂ ਸ਼ਬਦਾਂ 'ਚੋਂ ਇੱਕ ਕਠੋਰ ਹਕੀਕਤ ਝਲਕਦੀ ਹੈ। ਸਕੂਲੀ ਪ੍ਰੀਖਿਆਵਾਂ ਤੇ ਦਾਖਲਾ ਪ੍ਰੀਖਿਆ ਦੇ ਨਤੀਜੇ ਆਉਣ ਦੇ ਨਾਲ ਹੀ, ਅਸੀਂ ਲਾਜ਼ਮੀ ਤੌਰ 'ਤੇ ਵਿਦਿਆਰਥੀ ਪੀੜਾ ਦੇ ਉਸ ਜਾਣੇ-ਪਛਾਣੇ ਸੰਕਟ ਵੱਲ ਵਧਦੇ ਜਾਂਦੇ ਹਾਂ, ਜਿਸ ਦਾ ਸਭ ਤੋਂ ਭਿਆਨਕ ਸਿੱਟਾ ਖ਼ੁਦਕੁਸ਼ੀ ਦੇ ਰੂਪ 'ਚ ਸਾਡੇ ਸਾਹਮਣੇ ਆਉਂਦਾ ਹੈ। ਇੱਕ ਵਾਰ ਫੇਰ ਅਕਾਦਮਿਕ ਕੇਂਦਰਾਂ ਦੇ ਅੱਖਾਂ ਚੁੰਧਿਆਉਣ ਵਾਲੇ ਪੋਸਟਰ, ਜਿਨ੍ਹਾਂ 'ਚ ਬੇਮਿਸਾਲ ਸਫ਼ਲਤਾ ਦੀ ਸ਼ੇਖ਼ੀ ਮਾਰੀ ਜਾਂਦੀ ਹੈ, ਵਿਦਿਆਰਥੀਆਂ ਤੇ ਮਾਪਿਆਂ ਦਾ ਬਰਾਬਰ ਧਿਆਨ ਖਿੱਚਦੇ ਹਨ। ਇਸ ਧਾਰਨਾ ਨਾਲ ਚੱਲਦੇ ਕਿ ਟਿਊਸ਼ਨ ਤੋਂ ਬਿਨਾਂ ਨਹੀਂ ਸਰੇਗਾ, ਏਸ਼ੀਅਨ ਡਿਵੈਲਪਮੈਂਟ ਬੈਂਕ ਨੇ ਇਨ੍ਹਾਂ ਸੈਂਟਰਾਂ ਨੂੰ ਤਾਲੀਮ ਦੇ ਬਾਜ਼ਾਰ ਦਾ ਹੀ ਇੱਕ ਹੋਰ ਰੂਪ ਜਾਂ ਸਾਇਆ ਕਰਾਰ ਦਿੱਤਾ ਹੈ। ਪੁਣੇ ਦੀ ਇੱਕ ਸਲਾਹਕਾਰ ਫਰਮ 'ਇਨਫਿਨੀਅਮ ਗਲੋਬਲ ਰਿਸਰਚ' ਮੁਤਾਬਿਕ ਭਾਰਤ ਵਿਚ ਕੋਚਿੰਗ ਉਦਯੋਗ ਵਰਤਮਾਨ 'ਚ 58,088 ਕਰੋੜ ਰੁਪਏ ਦਾ ਮਾਲੀਆ ਪੈਦਾ ਕਰ ਰਿਹਾ ਹੈ। ਅਨੁਮਾਨਾਂ ਮੁਤਾਬਕ ਇਹ ਖੇਤਰ ਤੇਜ਼ੀ ਨਾਲ ਵਧੇਗਾ ਅਤੇ 2028 ਤੱਕ 1,33,995 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।

ਵਿਦਿਆਰਥੀਆਂ ਵੱਲੋਂ ਕੀਤੀ ਜਾਂਦੀ ਅਕਾਦਮਿਕ ਚੋਣ ਨੂੰ ਵਾਰ-ਵਾਰ ਨਜ਼ਰਅੰਦਾਜ਼ ਕੀਤਾ ਗਿਆ ਹੈ, ਪਹਿਲਾਂ ਜਿਹੜੀ ਚੋਣ ਡਾਕਟਰੀ ਤੇ ਇੰਜਨੀਅਰਿੰਗ ਦੋਵਾਂ ਤੱਕ ਸੀਮਤ ਸੀ, ਉਸ ਦਾ ਹੁਣ 'ਸਟੈਮ' (ਵਿਗਿਆਨ, ਤਕਨੀਕ, ਇੰਜਨੀਅਰਿੰਗ ਤੇ ਮੈਡੀਸਨ) ਦੇ ਰੂਪ 'ਚ ਵਿਸਤਾਰ ਹੋ ਚੁੱਕਾ ਹੈ। ਬੱਚਿਆਂ ਦੀ ਸਫ਼ਲਤਾ ਲਈ ਮਾਪਿਆਂ ਦੀਆਂ ਖ਼ਾਹਿਸ਼ਾਂ ਨੇ ਇੱਕ ਅਜਿਹੇ ਤੰਤਰ ਨੂੰ ਜਨਮ ਦਿੱਤਾ ਜੋ ਸ਼ਹਿਰੀ ਕੋਚਿੰਗ ਕੇਂਦਰਾਂ ਦੇ ਪ੍ਰਫੁੱਲਿਤ ਹੋਣ ਦਾ ਕਾਰਨ ਬਣਿਆ। ਜਦਕਿ, ਜਿਵੇਂ ਕਿ ਆਈਆਈਟੀਜ਼ (ਭਾਰਤ ਦੀਆਂ ਚੋਟੀ ਦੀਆਂ ਤਕਨੀਕੀ ਸੰਸਥਾਵਾਂ) ਨੂੰ ਚਲਾਉਂਦੀ 'ਜੁਆਇੰਟ ਇੰਪਲੀਮੈਂਟੇਸ਼ਨ ਕਮੇਟੀ' ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ, ਇਸ ਦੌੜ ਨੇ ਸੰਤੁਲਨ ਵਿਗਾੜ ਦਿੱਤਾ ਹੈ। ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ 76 ਪ੍ਰਤੀਸ਼ਤ ਤੋਂ ਵੱਧ ਵਿਦਿਆਰਥੀ ਸ਼ਹਿਰੀ ਇਲਾਕਿਆਂ 'ਚੋਂ ਆਉਂਦੇ ਹਨ ਜਿਨ੍ਹਾਂ 'ਚ ਸੂਬਾਈ ਬੋਰਡਾਂ ਦੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ। ਅਜਿਹੀ ਫ਼ਰਜ਼ੀ ਜਾਂ ਸ਼ੈਡੋ ਸਿੱਖਿਆ ਵਿਦਿਆਰਥੀਆਂ 'ਚ ਵੰਡੀਆਂ ਪਾਉਂਦੀ ਹੈ ਜਿਸ ਨਾਲ ਸਕੂਲੀ ਸਿੱਖਿਆ ਦੀ ਬਿਹਤਰੀ 'ਚ ਅੜਿੱਕੇ ਖੜ੍ਹੇ ਹੁੰਦੇ ਹਨ ਕਿਉਂਕਿ ਰੱਜੇ-ਪੁੱਜੇ ਮਾਪੇ 'ਪਰਛਾਵੇਂ' ਵਾਂਗ ਚੱਲਦੀਆਂ ਇਨ੍ਹਾਂ ਸੰਸਥਾਵਾਂ ਵੱਲ ਭੱਜਦੇ ਹਨ। ਨਤੀਜੇ ਵਜੋਂ, ਸਮਾਜੀ ਪੱਧਰ 'ਤੇ, ਇਸ ਨਾਲ ਮੁਕਾਬਲੇ ਵਿੱਚ ਬਰਾਬਰੀ ਦੀ ਸਥਿਤੀ ਨਹੀਂ ਰਹਿੰਦੀ। ਰਵਾਇਤੀ ਸਕੂਲੀ ਸਿੱਖਿਆ ਨੂੰ ਪ੍ਰਾਈਵੇਟ ਕੋਚਿੰਗ ਸੰਸਥਾਵਾਂ ਦੀ ਨਕਲ ਕਰਨ ਜਾਂ ਇਨ੍ਹਾਂ ਨੂੰ ਪਹਿਲ ਦੇਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਗਿਣਤੀ ਦੇ ਹੀ ਕੁਝ ਵਿਦਿਆਰਥੀਆਂ ਵੱਲ ਧਿਆਨ ਦਿੱਤਾ ਜਾ ਸਕੇਗਾ ਜਦੋਂਕਿ ਵੱਡੀ ਗਿਣਤੀ ਵਿਦਿਆਰਥੀਆਂ ਦੀ ਅਣਦੇਖੀ ਹੋਵੇਗੀ। ਇਸ ਤਰ੍ਹਾਂ ਦੀ ਪਹੁੰਚ ਦਰਮਿਆਨੇ ਵਿਦਿਆਰਥੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦੇਵੇਗੀ। ਭਾਰਤ ਵਿੱਚ 'ਸਟੈਮ' ਸਿੱਖਿਆ 'ਚ ਮੁਕਾਬਲੇਬਾਜ਼ੀ ਬਹੁਤ ਜ਼ਿਆਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਵੱਕਾਰੀ ਆਈਆਈਟੀਜ਼ 50 ਅਰਜ਼ੀਕਰਤਾਵਾਂ ਵਿੱਚੋਂ ਕੇਵਲ ਇੱਕ ਨੂੰ ਚੁਣਦੀਆਂ ਹਨ, ਜਦੋਂਕਿ ਹਾਰਵਰਡ 19 ਜਣਿਆਂ 'ਚੋਂ ਇੱਕ ਤੇ ਆਕਸਫੋਰਡ ਛੇ ਵਿਚੋਂ ਇੱਕ ਨੂੰ ਚੁਣ ਲੈਂਦੀ ਹੈ। ਜੇਈਈ ਤੇ 'ਨੀਟ' ਵਰਗੀਆਂ ਪ੍ਰੀਖਿਆਵਾਂ ਦਾ ਸਰੂਪ ਹੀ ਬੇਹੱਦ ਜਟਿਲ ਹੈ ਜਿੱਥੇ ਚੁਣ-ਚੁਣ ਕੇ ਵਿਦਿਆਰਥੀ ਲਏ ਜਾਂਦੇ ਹਨ ਅਤੇ ਇੱਕ ਅੰਕ ਘਟਣ ਦੇ ਨਾਲ ਹੀ ਵਿਦਿਆਰਥੀ ਦਾ ਰੈਂਕ ਹਜ਼ਾਰਾਂ ਨੰਬਰ ਹੇਠਾਂ ਖ਼ਿਸਕ ਜਾਂਦਾ ਹੈ। ਇਸ ਲਈ ਮਾਪੇ ਅਕਸਰ ਅਣਜਾਣੇ ਵਿੱਚ ਤੇ ਕੋਚਿੰਗ ਸੈਂਟਰ ਸਪੱਸ਼ਟ ਰੂਪ 'ਚ ਵਿਦਿਆਰਥੀਆਂ ਨੂੰ ਇੱਕ ਵਸਤੂ ਵਾਂਗ ਸਮਝਦੇ ਹਨ। ਗੁਮਰਾਹ ਹੋਏ ਮਾਪੇ ਹਾਲਾਂਕਿ ਨੇਕਨੀਅਤੀ ਨਾਲ ਆਪਣੇ ਵਿੱਤੀ ਸਰੋਤਾਂ ਦੇ ਆਧਾਰ 'ਤੇ ਬੱਚਿਆਂ ਲਈ ਨਿਵੇਸ਼ ਕਰਨ ਲਈ ਤਿਆਰ ਹੋ ਜਾਂਦੇ ਹਨ। ਇਸ ਸਭ ਦੇ ਨਤੀਜੇ ਵਿਨਾਸ਼ਕਾਰੀ ਹੋ ਸਕਦੇ ਹਨ। 'ਇੰਡੀਅਨ ਜਰਨਲ ਆਫ ਸਾਇਕੈਟਰੀ' ਮੁਤਾਬਕ ਭਾਰਤ 'ਚ ਹਾਈ ਸਕੂਲ ਵਿਦਿਆਰਥੀਆਂ 'ਤੇ ਕੀਤੇ ਸਰਵੇਖਣ ਦੱਸਦੇ ਹਨ ਕਿ ਇਨ੍ਹਾਂ 'ਚ ਖ਼ੁਦਕੁਸ਼ੀ ਦੇ ਵਿਚਾਰਾਂ ਦਾ ਪ੍ਰਚਲਨ ਕਾਫੀ ਜ਼ਿਆਦਾ ਹੈ, ਜੋ ਕਿ 6 ਤੋਂ 22 ਪ੍ਰਤੀਸ਼ਤ ਤੱਕ ਹੈ। ਸਾਡਾ ਸਿੱਖਿਆ ਤੇ ਸਮਾਜੀ ਢਾਂਚਾ ਇਸ ਵਿਚਾਰ ਨੂੰ ਪਕੇਰਾ ਕਰਦਾ ਹੈ ਕਿ ਸਖ਼ਤ ਮਿਹਨਤ ਰਾਹੀਂ ਸਫ਼ਲਤਾ ਸੌਖਿਆਂ ਹੀ ਹਾਸਲ ਕੀਤੀ ਜਾ ਸਕਦੀ ਹੈ, ਤੇ ਇਸ ਤਰ੍ਹਾਂ ਇਸ ਧਾਰਨਾ ਨੂੰ ਆਮ ਕੀਤਾ ਜਾਂਦਾ ਹੈ ਕਿ ਨੌਜਵਾਨਾਂ ਨੂੰ ਆਪਣੀਆਂ ਕਥਿਤ 'ਨਾਕਾਮੀਆਂ' ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਐੱਨਸੀਆਰਬੀ (ਕੌਮੀ ਅਪਰਾਧ ਰਿਕਾਰਡ ਬਿਊਰੋ) ਮੁਤਾਬਕ, 2020 'ਚ, ਭਾਰਤ 'ਚ ਹਰੇਕ 42 ਮਿੰਟਾਂ ਵਿਚ ਇਕ ਵਿਦਿਆਰਥੀ ਨੇ ਖ਼ੁਦਕੁਸ਼ੀ ਕੀਤੀ ਹੈ, ਕੁੱਲ 34 ਖ਼ੁਦਕੁਸ਼ੀਆਂ ਰੋਜ਼ਾਨਾ ਹੋਈਆਂ ਹਨ। ਚਿੰਤਾਜਨਕ ਹੈ ਕਿ ਇਸ ਗੰਭੀਰ ਸੰਕਟ ਨੂੰ ਅਕਸਰ ਇਕ ਨਿੱਜੀ ਮਾਮਲੇ ਵਜੋਂ ਦੇਖਿਆ ਜਾਂਦਾ ਹੈ ਜੋ ਸਮਾਜ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰਦਾ ਹੈ ਅਤੇ ਢਾਂਚਾਗਤ ਨਾਕਾਮੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। 2020 'ਚ, ਕੁੱਲ ਖ਼ੁਦਕੁਸ਼ੀਆਂ ਵਿਚੋਂ 7 ਪ੍ਰਤੀਸ਼ਤ ਕਿਸਾਨਾਂ ਨੇ ਕੀਤੀਆਂ ਸਨ ਜਿਸ ਨੇ ਖੇਤੀ ਸੰਕਟ ਦੀ ਗੰਭੀਰਤਾ ਨੂੰ ਉਭਾਰਿਆ ਸੀ। ਫੇਰ ਵੀ, ਇਹ ਤੱਥ ਸਾਹਮਣੇ ਆਉਣ ਦੇ ਬਾਵਜੂਦ ਕਿ ਕੁੱਲ ਖ਼ੁਦਕੁਸ਼ੀਆਂ 'ਚੋਂ 8 ਪ੍ਰਤੀਸ਼ਤ ਵਿਦਿਆਰਥੀਆਂ ਦੀਆਂ ਹਨ, ਸਮਾਜ ਇਸ ਗੱਲ ਨੂੰ ਕਬੂਲਣ 'ਚ ਨਾਕਾਮ ਹੋ ਗਿਆ ਕਿ ਇਹ ਅਕਾਦਮਿਕ ਬੋਝ ਦਾ ਸੰਕੇਤ ਹੈ। ਇਹ ਨਾਕਾਮੀ ਫ਼ਿਕਰਮੰਦ ਕਰਨ ਵਾਲੀ ਹੈ ਕਿਉਂਕਿ ਸਿੱਖਿਆ ਦਾ ਮੰਤਵ ਰਾਸ਼ਟਰ-ਨਿਰਮਾਤਾਵਾਂ ਦੀ ਅਗਲੀ ਪੀੜ੍ਹੀ ਨੂੰ ਤਿਆਰ ਕਰਨਾ ਹੈ। ਵਾਈਐੱਮਈਆਰ ਜਰਨਲ ਦਾ ਇਕ ਹੋਰ ਅਧਿਐਨ ਗੰਭੀਰ ਅਸਲੀਅਤ ਨੂੰ ਪ੍ਰਗਟ ਕਰਦਾ ਹੈ: 80 ਪ੍ਰਤੀਸ਼ਤ ਵਿਦਿਆਰਥੀ ਮਾਪਿਆਂ ਦੀਆਂ ਆਸਾਂ-ਉਮੀਦਾਂ ਉੱਤੇ ਖ਼ਰੇ ਉਤਰਨ ਦੇ ਦਬਾਅ ਕਾਰਨ ਤਣਾਅ ਮਹਿਸੂਸ ਕਰਦੇ ਹਨ ਜਦਕਿ 55 ਪ੍ਰਤੀਸ਼ਤ ਵਿਦਿਆਰਥੀ ਵਧੇਰੇ ਤਣਾਅ ਲਈ ਮਾਪਿਆਂ ਵੱਲੋਂ ਥੋਪੀ ਕਿਸੇ ਚੋਣ ਦਾ ਹਵਾਲਾ ਦਿੰਦੇ ਹਨ। ਇਨ੍ਹਾਂ ਲੱਭਤਾਂ 'ਚ ਮਾਪਿਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਸਮਝਣ 'ਚ ਰਹਿ ਗਈਆਂ ਗੰਭੀਰ ਖਾਮੀਆਂ ਸਾਹਮਣੇ ਆਈਆਂ ਹਨ। ਇਸ ਤੋਂ ਇਲਾਵਾ ਮਾਨਸਿਕ ਤੰਦਰੁਸਤੀ ਦੀਆਂ ਚੁਣੌਤੀਆਂ ਨਾਲ ਨਜਿੱਠਣ 'ਚ ਕਾਊਂਸਲਿੰਗ ਦੀ ਕਮੀ ਵੀ ਰੜਕਦੀ ਹੈ। ਕੋਟਾ ਦੇ ਹੋਸਟਲਾਂ 'ਚ ਸਪਰਿੰਗ ਵਾਲੇ ਪੱਖੇ ਜੋ 40 ਕਿਲੋ ਤੋਂ ਵੱਧ ਭਾਰ ਨਹੀਂ ਸਹਿ ਸਕਦੇ ਤੇ 'ਐਂਟੀ-ਸੁਸਾਈਡ ਨੈੱਟ' ਲੱਗਣਾ, ਵਿਦਿਆਰਥੀ ਖ਼ੁਦਕੁਸ਼ੀਆਂ ਰੋਕਣ ਲਈ ਕੀਤੀ ਗਈ ਖੋਖ਼ਲੀ ਕਾਰਵਾਈ ਨੂੰ ਉਜਾਗਰ ਕਰਦਾ ਹੈ ਜੋ ਕਿ ਬੇਦਰਦ ਤੇ ਅਣਮਨੁੱਖੀ ਹੈ। ਵਿਦਿਆਰਥੀਆਂ 'ਚ ਤਣਾਅ ਦੀ ਜੜ੍ਹ ਤੱਕ ਨਾ ਜਾਣਾ ਇੱਕ ਸਮਾਜਿਕ ਨਾਕਾਮੀ ਹੈ। ਸੁਨਹਿਰੇ ਭਵਿੱਖ ਦੇ ਵਾਅਦੇ ਉੱਤੇ ਵਧ-ਫੁੱਲ ਰਹੇ, ਕੋਚਿੰਗ ਸੈਂਟਰ ਸਿੱਖਿਆ ਦੇ ਖੇਤਰ 'ਚ ਪ੍ਰਮੁੱਖਤਾ ਨਾਲ ਉੱਭਰੇ ਹਨ। ਫੇਰ ਵੀ, ਇਨ੍ਹਾਂ ਸੰਸਥਾਵਾਂ ਨੂੰ ਦਾਖਲਾ ਲੈਣ ਵਾਲੇ ਉਨ੍ਹਾਂ ਆਸਵੰਦ ਨੌਜਵਾਨਾਂ ਲਈ, ਹੁਣ ਪਹਿਲਾਂ ਨਾਲੋਂ ਵੀ ਵੱਧ, ਕੈਦ ਵਰਗੇ ਸਮਝਿਆ ਜਾਣ ਲੱਗਾ ਹੈ, ਜਿੱਥੇ ਉਨ੍ਹਾਂ ਦੀਆਂ ਇੱਛਾਵਾਂ, ਆਤਮਾਵਾਂ ਤੇ ਉਮੰਗਾਂ ਦਾ ਗਲ਼ ਘੁੱਟਿਆ ਜਾ ਰਿਹਾ ਹੈ। ਫ਼ਰਜ਼ੀ ਸਿੱਖਿਆ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਫੈਲ ਚੁੱਕੀਆਂ ਹਨ। ਨੀਤੀਘਾੜਿਆਂ ਨੂੰ ਹੁਣ ਸਹਿਹੋਂਦ ਦੇ ਢੰਗ ਤਰੀਕਿਆਂ ਦੀ ਤਲਾਸ਼ ਕਰਨੀ ਪਵੇਗੀ ਅਤੇ ਟਕਰਾਅ ਦੀ ਥਾਂ ਮੇਲ ਮਿਲਾਪ ਦੀ ਅਭਿਲਾਸ਼ਾ ਕਰਨੀ ਪਵੇਗੀ। ਸਾਂਝੇਦਾਰੀਆਂ ਬਣਾਉਣ ਸਮਾਜਿਕ ਨਿਆਂ ਨੂੰ ਅਗਾਂਹ ਵਧਾਉਣ ਦੇ ਰਾਹ ਦਾ ਅਹਿਮ ਪੜੁੱਲ ਸਾਬਿਤ ਹੋ ਸਕਦਾ ਹੈ। ਕੋਚਿੰਗ ਕੇਂਦਰਾਂ ਨੂੰ ਨੇਮਬੱਧ ਕਰਨ ਲਈ ਭਾਰਤ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਸੇਧਾਂ ਉੱਤੇ ਸੂਬਿਆਂ ਵਲੋਂ ਸਖ਼ਤੀ ਨਾਲ ਪਾਲਣਾ ਕਰਨ ਦੀ ਲੋੜ ਹੈ। ਇਹ ਫ਼ਰਜ਼ੀ ਸਿੱਖਿਆ ਖੇਤਰ ਇੱਕ ਕਾਰੋਬਾਰੀ ਮਾਡਲ ਦੇ ਰੂਪ ਵਿੱਚ ਚੱਲ ਰਿਹਾ ਹੈ ਜਿਸ ਕਰ ਕੇ ਇਸ ਨੂੰ ਕਾਰਪੋਰੇਟ ਸਮਾਜਕ ਜ਼ਿੰਮੇਵਾਰੀ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿੱਚ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਦੇ ਕਮਜ਼ੋਰ ਵਿਦਿਆਰਥੀਆਂ, ਲੜਕੀਆਂ ਅਤੇ ਪੇਂਡੂ ਪਿਛੋਕੜ ਵਾਲੇ ਬੱਚਿਆਂ ਲਈ ਰਿਆਇਤੀ ਫ਼ੀਸਾਂ ਦੀ ਵਿਵਸਥਾ ਵੀ ਸ਼ਾਮਲ ਹੋਵੇ। ਅਧਿਆਪਕਾਂ ਅਤੇ ਮਾਪਿਆਂ ਨੂੰ ਇਹ ਮੰਨਣਾ ਪਵੇਗਾ ਕਿ ਪੇਸ਼ੇਵਰ ਅਵਸਰਾਂ ਦੀ ਕੋਈ ਕਮੀ ਨਹੀਂ ਹੈ। ਸਾਡੇ ਸੱਭਿਆਚਾਰ ਵਿਚ ਪ੍ਰੀਖਿਆਵਾਂ ਦੇ ਨਤੀਜਿਆਂ ਦੀ ਬਜਾਏ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਤਰਜੀਹ ਦੇਣ ਅਤੇ ਵਿਦਿਅਕ ਸਫ਼ਲਤਾ ਤੋਂ ਇਲਾਵਾ ਧੀਰਜ, ਦ੍ਰਿੜਤਾ ਅਤੇ ਸਬਰ ਜਿਹੀਆਂ ਖ਼ੂਬੀਆਂ ਦਾ ਸੰਚਾਰ ਕਰਨ ਨੂੰ ਤਰਜੀਹ ਦੇਣ ਦੀ ਜ਼ਰੂਰਤ ਹੈ। ਇੱਕ ਅਜਿਹੀ ਦੁਨੀਆ ਜੋ ਬਹੁਤ ਹੀ ਸਖ਼ਤ ਪ੍ਰੀਖਿਆ ਸਾਬਿਤ ਹੋ ਸਕਦੀ ਹੈ, ਵਿੱਚ ਹਰੇਕ ਨੌਜਵਾਨ ਨੂੰ ਇੱਕ ਮਜ਼ਬੂਤ ਸਹਾਇਕ ਪ੍ਰਣਾਲੀ ਦੀ ਲੋੜ ਪੈਂਦੀ ਹੈ। ਉਨ੍ਹਾਂ ਨੂੰ ਇਸ ਗੱਲ ਦੇ ਧਾਰਨੀ ਬਣਾਉਣ ਦੀ ਲੋੜ ਹੈ ਕਿ ਖ਼ੁਦਕੁਸ਼ੀ ਕਦੇ ਕੋਈ ਹੱਲ ਨਹੀਂ ਹੋ ਸਕਦੀ, ਖ਼ਾਸਕਰ ਉਦੋਂ ਜਦੋਂ ਸਾਰੀਆਂ ਪ੍ਰਣਾਲੀਆਂ ਇਸ ਢੰਗ ਨਾਲ ਵਿਰੋਧਭਾਸੀ ਰੂਪ ਵਿਚ ਘੜੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਨੂੰ ਚੁਣਿਆ ਨਾ ਜਾਵੇ ਸਗੋਂ ਰੱਦ ਕੀਤਾ ਜਾਵੇ। ਇਸ ਭਖਵੇਂ ਮੁੱਦੇ ਨੂੰ ਮੁਖਾਤਬ ਹੋਣ ਲਈ ਪ੍ਰੇਸ਼ਾਨ ਵਿਦਿਆਰਥੀਆਂ ਲਈ ਵੱਖ ਵੱਖ ਮਾਹਿਰਾਨਾ ਸੇਵਾਵਾਂ ਦੀਆਂ ਹੈਲਪਲਾਈਨਾਂ ਸਥਾਪਿਤ ਕਰਨਾ ਇਕ ਅਹਿਮ ਸ਼ੁਰੂਆਤੀ ਨੁਕਤਾ ਹੋ ਸਕਦਾ ਹੈ। ਸੱਚੀ ਖ਼ੁਸ਼ੀ ਲਈ ਸਾਡੀਆਂ ਗਹਿਰੀਆਂ ਇੱਛਾਵਾਂ ਦੀ ਪੈਰਵੀ ਕਰਦਿਆਂ ਐਪੀਕੁਰਸ ਦੇ ਵਿਸ਼ਵਾਸ ਤੋਂ ਲੈ ਕੇ ਵਿਸ਼ਵ ਭਾਰਤੀ ਵਿੱਚ ਰਾਬਿੰਦਰਨਾਥ ਟੈਗੋਰ ਦੇ ਇਸ ਕਥਨ ਕਿ 'ਕੋਈ ਵੀ ਯਤਨ ਬਿਰਥਾ ਨਹੀਂ ਹੁੰਦਾ' ਤੱਕ -ਇਸ ਸੰਕਟ ਦੀ ਨਿਸ਼ਾਨਦੇਹੀ ਕਰਨ, ਪ੍ਰਵਾਨ ਕਰਨ ਅਤੇ ਇਸ ਦੇ ਹੱਲ ਲਈ ਫ਼ੌਰੀ ਸਮਾਜਿਕ ਕਾਰਵਾਈ ਜ਼ਰੂਰੀ ਹੈ।

# ਗਲ੍ਹ ਪੈ ਜਾਣ ਜੇ, ਅੱਕੇ ਲੋਕ.....!

ਸਿਆਣਿਆਂ ਨੇ ਸੱਚ ਹੀ ਕਿਹਾ ਹੈ,ਕਿ ਬਦਮਾਸ਼ ਤਾਂ ਬਦਮਾਸ਼ੀ ਕਰਦਾ ਹੀ ਰਹਿੰਦਾ ਹੈ।ਕਿਉਂਕਿ,ਇਹ ਉਹਦਾ ਨਿੱਤ ਦਾ ਕਰਮ ਹੁੰਦਾ ਹੈ।ਇਹੋ ਜਿਹਾ ਕਰਮ,ਉਹਦੇ ਲਈ ਜਰੂਰੀ ਵੀ ਹੁੰਦਾ ਹੈ।ਕਿਉਂਕਿ,ਅਗਰ ਉਹ ਆਪਣੀ ਬਦਮਾਸ਼ੀ ਕਰਨੀ ਹੀ ਛੱਡ ਦੇਵੇਗਾ,ਤਾਂ ਲੋਕ ਉਹਦੇ ਤੋਂ ਡਰਨਾ ਹੀ ਬੰਦ ਕਰ ਦੇਣਗੇ।ਕਿਉਂਕਿ,ਉਹਦੀ ਬਦਮਾਸ਼ੀ ਦੇ ਸਿਰ ਤੇ ਹੀ ਤਾਂ,ਲੋਕ ਉਹਦੇ ਤੋਂ ਡਰਦੇ ਹਨ ਅਤੇ ਉਹਦਾ ਦਬਕਾ ਮੰਨ੍ਹਦੇ ਹਨ।ਭਲਾਂ !ਭਲੇਮਾਣਸ ਤੋਂ ਵੀ ਕੋਈ ਡਰਦਾ ਹੈ।ਇਹੋ ਕਾਰਨ ਹੈ,ਕਿ ਕੋਈ ਵੀ ਬਦਮਾਸ਼, ਆਪਣਾ ਦਬਕਾ ਕਾਇਮ ਰੱਖਣ ਲਈ,ਕੋਈ ਨਾ ਕੋਈ ਵਾਰਦਾਤ ਕਰਦਾ ਹੀ ਰਹਿੰਦਾ ਹੈ।ਜਿਸ ਨਾਲ,ਸਮਾਜ ਚ ਉਹਦੀ ਬਦਮਾਸ਼ੀ ਦੀ ਗੱਲ ਚੱਲਦੀ ਹੀ ਰਹਿੰਦੀ ਹੈ।ਜਿਸ ਨਾਲ ਉਹਦੀ ਪੜ੍ਹਤ ਬਣੀ ਰਹਿੰਦੀ ਹੈ।

ਪਰ ਦੂਜੇ ਪਾਸੇ ਕੋਈ ਵੀ ਭਲਾਮਾਣਸ,ਜਿਹੜਾ ਸਾਰੀ ਜਿੰਦਗੀ ਸਿਰ ਨੀਵਾਂ ਕਰਕੇ ਅਤੇ ਇੱਕੋ ਚੁੱਪ ਵੱਟ ਕੇ,ਆਪਣਾ ਵਕਤ ਕੱਟ ਲੈਂਦਾ ਹੈ।ਕੋਈ ਉਹਦੀ ਪ੍ਰਵਾਹ ਹੀ ਨਹੀਂ ਕਰਦਾ।ਪਰ ਕਈ ਵਾਰ ਹਾਲਾਤ ਹੀ ਅਜਿਹੇ ਬਣ ਜਾਂਦੇ ਹਨ ਜਾਂ ਫਿਰ ਦੁਨੀਆਂ ਹਾਲਾਤ ਹੀ ਅਜਿਹੇ ਬਣਾ ਦਿੰਦੀ ਹੈ,ਕਿ ਉਹਦਾ ਚੁੱਪ ਰਹਿਣਾ ਮੁਸ਼ਕਲ ਹੀ ਨਹੀਂ,ਸਗੋਂ ਨਾ ਮੁਮਕਿਨ ਵੀ ਹੋ ਜਾਂਦਾ ਹੈ।ਅਜਿਹੇ ਮੌਕੇ,ਅਗਰ ਕੋਈ ਭਲਾਮਾਣਸ ਆਪਣੀ ਆਈ ਤੇ ਆ ਜਾਵੇ,ਤਾਂ ਫਿਰ ਕਿਸੇ ਵੀ ਕਿਸਮ ਦਾ ਘਾਟਾ ਵਾਧਾ ਨਹੀਂ ਵੇਖਦਾ।ਕਿਉਂਕਿ, ਭਲੇਮਾਣਸ ਬੰਦੇ ਵਾਰੇ,ਇੱਕ ਗੱਲ ਤਾਂ ਬੜੀ ਮਸ਼ਹੂਰ ਹੈ,ਕਿ ਅਗਰ ਭਲਾਮਾਣਸ ਬੰਦਾ ਚੁੱਪ ਰਹੇ,ਤਾਂ ਉਹ ਬਹੁਤ ਕੁੱਝ ਬਰਦਾਸ਼ਤ ਕਰ ਲੈਂਦਾ ਹੈ।ਕਿਉਂਕਿ,ਉਹ ਬੜੇ ਠੰਢੇ ਅਤੇ ਸ਼ਾਂਤ ਸੁਭਾਅ ਦਾ ਮਾਲਕ ਹੁੰਦਾ ਹੈ।ਅਜਿਹੇ ਬੰਦੇ ਚ ਸ਼ਹਿਣਸ਼ੀਲਤਾ ਵੀ ਬੜੀ ਹੁੰਦੀ ਹੈ।ਉਹ ਥੋੜ੍ਹੇ ਬਹੁਤ ਨਫੇ ਨੁਕਸਾਨ ਅਤੇ ਦੁੱਖ ਤਕਲੀਫ ਦੀ ਪ੍ਰਵਾਹ ਵੀ ਨਹੀਂ ਕਰਦਾ।ਪਰ ਜਦੋਂ ਪਾਣੀ,ਪੁਲ੍ਹਾਂ ਦੇ ਉੱਪਰ ਦੀ ਹੀ ਲੰਘਣ ਲੱਗ ਪਵੇ,ਭਾਵ ਕੋਈ ਆਪਣੀ ਹੱਦ ਤੋਂ ਜਿਆਦਾ ਹੀ ਲੰਘ ਜਾਵੇ,ਤਾਂ ਸ਼ਰੀਫ ਬੰਦੇ ਦੇ ਸਬਰ ਦਾ ਪਿਆਲਾ ਭਰ ਜਾਣਾ ਸੁਭਾਵਿਕ ਹੀ ਹੁੰਦਾ ਹੈ ਅਤੇ ਉਹ ਆਪਣੇ ਵਿਰੋਧੀ ਨੂੰ ਪਲਾਂ ਚ ਐਨਾ ਨੁਕਸਾਨ ਕਰ ਦਿੰਦਾ ਹੈ।ਜੀਹਦੇ ਵਾਰੇ,ਕਿਸੇ ਨੇ ਸੁਪਨੇ ਚ ਵੀ ਸੋਚਿਆ ਨਹੀਂ ਹੁੰਦਾ।

ਅਜੋਕੇ ਦੌਰ ਦਾ ਹਾਲ ਵੀ ਤਾਂ,ਇਹੋ ਹੀ ਹੋਇਆ ਪਿਆ ਹੈ।ਕਿਉਂਕਿ,ਦੇਸ਼ ਦੀਆਂ ਰਾਜਨੀਤਕ ਪਾਰਟੀਆਂ ਨੇ ਲੋਕਾਂ ਨੂੰ ਲਾਰਿਆਂ ਤੇ ਨਾਅਰਿਆਂ ਨਾਲ ਕਮਲਾ ਕਰ ਛੱਡਿਆ ਹੈ।ਵਿਚਾਰੇ ਭੋਲ੍ਹੇ ਭਾਲ੍ਹੇ ਲੋਕ,ਹਰ ਵਾਰ ਕਿਸੇ ਨਾ ਕਿਸੇ ਪਾਰਟੀ ਦੀਆਂ ਗੱਲਾਂ ਚ ਆ ਕੇ,ਉਸ ਪਾਰਟੀ ਦੀ ਸਰਕਾਰ ਬਣਾ ਦਿੰਦੇ ਹਨ।ਪਰ ਇਹ ਰਾਜਨੀਤਕ ਪਾਰਟੀਆਂ ਦੇ ਲੋਕ,ਆਪ ਤਾਂ ਪੰਜ ਸਾਲਾਂ ਤੱਕ ਲੁੱਟ ਖਸੁੱਟ ਅਤੇ ਹਰ ਤਰ੍ਹਾਂ ਦੀ ਐਸ਼ ਕਰਦੇ ਹਨ ਅਤੇ ਹਰਾਮ ਦੀ ਕਮਾਈ ਨਾਲ,ਆਪਣੀਆਂ ਤਾਂ,ਕਈ 2 ਪੀੜ੍ਹੀਆਂ ਦੇ ਖਾਣ ਪੀਣ ਦਾ ਇੰਤਜ਼ਾਮ ਕਰ ਲੈਂਦੇ ਹਨ।ਪਰ ਵਿਚਾਰੇ ਦੇਸ਼ ਵਾਸ਼ੀ,ਭੁੱਖਮਰੀ,ਗਰੀਬੀ,ਮਹਿੰਗਾਈ,ਬੇਰੁਜਗਾਰੀ,ਸਿਹਤ ਸਹੂਲਤਾਂ ਦੀ ਘਾਟ,ਮਹਿੰਗੀ ਵਿੱਦਿਆ,ਸਰਕਾਰੀ ਮਸ਼ੀਨਰੀ ਦਾ ਦੁਰ ਉਪਯੋਗ ਅਤੇ ਭਾਈ ਭਤੀਜਾਵਾਦ ਦਾ ਸ਼ਿਕਾਰ ਹੋਏ ਰਹਿੰਦੇ ਹਨ।ਪਰ ਇੰਨ੍ਹਾਂ ਰਾਜਨੀਤਕ ਲੀਡਰਾਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਕੋਈ ਫਰਕ ਹੀ ਨਹੀਂ ਪੈਂਦਾ।ਸਗੋਂ,ਮੋਢੇ ਤੇ ਸਿਰ ਧਰ ਕੇ ਘੂਕ ਸੁੱਤੇ ਰਹਿੰਦੇ ਹਨ।

ਅਜਿਹੇ ਰਾਜਨੀਤਕ ਲੀਡਰਾਂ ਦੀ ਜਾਗ ਤਾਂ,ਪੰਜ ਸਾਲਾਂ ਬਾਅਦ ਹੀ ਖੁੱਲਦੀ ਹੈ,ਜਦੋਂ ਦੁਬਾਰਾ ਚੋਣਾਂ ਦਾ ਵਕਤ ਆਉਂਦਾ ਹੈ।ਅਜਿਹੇ ਮੌਕੇ,ਰਾਜਨੀਤਕ ਪਾਰਟੀਆਂ ਅਤੇ ਸਰਕਾਰਾਂ ਦੇ ਨੁਮਾਇੰਦੇ,ਲੋਕਾਂ ਦੇ ਦਰ ਤੇ ਵੋਟ ਦੀ ਭੀਖ ਮੰਗਣ ਲਈ,ਦੁਬਾਰਾ ਫੇਰ ਹਾਜਰ ਹੋ ਜਾਂਦੇ ਹਨ।ਅਜਿਹੇ ਮੌਕੇ,ਇਹ ਬਰਸਾਤੀ ਡੱਡੂ ਤਰ੍ਹਾਂ 2 ਦੀਆਂ ਆਵਾਜ਼ਾਂ,ਭਾਵ ਤਰ੍ਹਾਂ 2 ਲਾਰੇ ਅਤੇ ਨਾਅਰੇ ਲੈ ਕੇ ਫੇਰ ਹਾਜਰ ਹੁੰਦੇ ਹਨ,ਤਾਂ ਕਿ ਗਰੀਬ,ਲਾਚਾਰ ਅਤੇ ਜਿਆਦਾਤਰ ਅਨਪੜ੍ਹ ਵੋਟਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਭਰਮਾਇਆ ਜਾ ਸਕੇ ਅਤੇ ਉਨ੍ਹਾਂ ਦੀ ਕੀਮਤੀ ਵੋਟ ਨੂੰ ਆਪਣੇ ਹੱਕ ਚ ਭੁਗਤਾਇਆ ਜਾ ਸਕੇ।ਅਜਿਹੇ ਮੌਕੇ ਰਾਜਨੀਤਕ ਪਾਰਟੀਆਂ ਵੱਲੋਂ,ਲੋਕਾਂ ਨੂੰ ਤਰ੍ਹਾਂ 2 ਦੇ ਲਾਲਚ ਦਿੱਤੇ ਜਾਂਦੇ ਹਨ।ਨਸ਼ੇ ਵੰਡੇ ਜਾਂਦੇ ਹਨ ਅਤੇ ਅਨੇਕਾਂ ਹੀ ਤਰ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ।ਜਾਤ ਅਤੇ ਧਰਮ ਦੇ ਨਾਮ ਤੇ ਵੋਟਾਂ ਮੰਗੀਆਂ ਜਾਂਦੀਆਂ ਹਨ।ਅਜਿਹੇ ਮੌਕੇ ਕਹਿੰਦਾ ਕਹਾਉਂਦਾ ਲੀਡਰ ਵੀ,ਗਰੀਬ ਤੋਂ ਗਰੀਬ ਬੰਦੇ ਦੇ ਪੈਰੀਂ ਹੱਥ ਲਾਉਂਦਾ ਅਤੇ ਗਰੀਬਾਂ ਦੇ ਲਿੱਬੜੇ ਤਿੱਬੜੇ ਬੱਚਿਆਂ ਨੂੰ ਗੋਦੀ ਚੁੱਕਦਾ ਆਮ ਹੀ ਵੇਖਿਆ ਜਾਂਦਾ ਹੈ।ਗਰੀਬ ਤੇ ਅਖੌਤੀ ਨੀਵੀਂ ਜਾਤ ਦੇ ਘਰਾਂ ਚ ਜਾ ਕੇ ਰੋਟੀ ਖਾਣ ਦੇ ਅਡੰਬਰ ਵੀ ਆਮ ਹੀ ਰਚੇ ਜਾਂਦੇ ਹਨ,ਤਾਂ ਕਿ ਗਰੀਬ ਤੇ ਅਨਪੜ੍ਹ ਲੋਕਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ, ਗੁਮਰਾਹ ਕਰਕੇ,ਉਹਨਾਂ ਦੀ ਵੋਟ ਆਪਣੇ ਹੱਕ ਚ ਭੁਗਤਾਈ ਜਾ ਸਕੇ।ਇਹਦੇ ਲਈ,ਕੋਈ ਵੀ ਰਾਜਨੀਤਕ ਪਾਰਟੀ,ਦੁੱਧ ਧੋਤੀ ਨਹੀਂ ਹੈ।

ਪਰ ਸੋਚਣ ਤੇ ਵਿਚਾਰਨ ਵਾਲੀ ਗੱਲ ਤਾਂ ਇਹ ਹੈ,ਕਿ ਇੰਨ੍ਹਾਂ ਰਾਜਨੀਤਕ ਲੀਡਰਾਂ ਅਤੇ ਸਰਕਾਰ ਦੇ ਨੁਮਾਇੰਦਿਆਂ ਨੂੰ, ਇੰਨ੍ਹਾਂ ਵੋਟਰਾਂ ਦੀ ਯਾਦ,ਪੰਜਾਂ ਸਾਲਾਂ ਬਾਅਦ ਹੀ ਕਿਉਂ ਆਉਂਦੀ ਹੈ।ਇਹਦਾ ਮੁੱਖ ਕਾਰਨ ਇਹ ਹੈ,ਕਿ ਵੋਟ ਦੀ ਤਾਕਤ ਹੀ ਐਨੀ ਹੈ,ਕਿ ਉਹ ਆਪਣੀ ਤਾਕਤ ਨਾਲ ਰਾਜਾ ਬਨਾਉਣ ਦੀ ਸਮਰੱਥਾ ਰੱਖਦੀ ਹੈ।ਫਿਰ ਕੋਈ,ਆਪਣੇ ਝੂਠੇ ਵਾਅਦਿਆਂ ਅਤੇ ਪੈਰੀਂ ਹੱਥ ਲਾਉਣ ਵਰਗੇ ਅਡੰਬਰ ਰਚਕੇ,ਆਪਣੀ ਗੱਦੀ ਕਿਉਂ ਨਹੀਂ ਸਲਾਮਤ ਰੱਖੇਗਾ।ਕਿਉਂਕਿ ਪੰਜ ਸਾਲ ਤਾਂ,ਲੋਕਾਂ ਨੇ ਹੀ ਉਨ੍ਹਾਂ ਦੇ ਪੈਰੀਂ ਹੱਥ ਲਾਉਣੇ ਹਨ।ਇਸੇ ਸਦਕਾ,ਇਹ ਲੀਡਰ,ਹਰ ਵਾਰ ਨਵੇਂ 2 ਨਾਅਰੇ ਅਤੇ ਜੁਮਲੇ ਲੈ ਕੇ,ਲੋਕਾਂ ਨੂੰ ਮੂਰਖ ਬਨਾਉਣ ਲਈ,ਆ ਧਮਕਦੇ ਹਨ ਅਤੇ ਲੋਕ ਇੰਨ੍ਹਾਂ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਦੇ ਝਾਂਸੇ ਚ ਆ ਕੇ,ਇੰਨ੍ਹਾਂ ਨੂੰ ਵੋਟ ਵੀ ਪਾ ਦਿੰਦੇ ਹਨ।ਇਹੋ ਕਾਰਨ ਹੈ,ਕਿ ਇਹ ਲੋਕ ਪੰਜਾਂ ਸਾਲਾਂ ਬਾਅਦ ਗੇੜਾ ਮਾਰਕੇ,ਆਪਣਾ ਉੱਲੂ ਸਿੱਧਾ ਕਰ ਲੈਂਦੇ ਹਨ।

ਪਰ ਪੰਗਾ ਤਾਂ ਉਦੋਂ ਪੈਂਦਾ ਹੈ,ਜਦੋਂ ਲੈਣੇ ਦੇ ਉਲਟਾ ਦੇਣੇ ਪੈ ਜਾਣ ਅਤੇ ਅੱਕੇ ਹੋਏ ਭਲੇਮਾਣਸ ਬੰਦੇ ਦੇ ਵਾਂਗ,ਅੱਗਿਓਂ ਸੇਰ ਨੂੰ ਸਵਾ ਸੇਰ ਬੰਦੇ ਵੀ ਟੱਕਰ ਜਾਣ।ਜਿਹੜੇ ਇੰਨ੍ਹਾਂ ਲੀਡਰਾਂ ਨੂੰ,ਪੰਜ ਸਾਲ ਪਹਿਲਾਂ ਦੇ ਕੀਤੇ ਹੋਏ ਵਾਅਦੇ ਵੀ ਯਾਦ ਕਰਵਾਉਂਦੇ ਹਨ ਅਤੇ ਇੰਨ੍ਹਾਂ ਤੋਂ ਇੰਨ੍ਹਾਂ ਦੀ ਕਾਰਗੁਜ਼ਾਰੀ ਦਾ ਹਿਸਾਬ ਵੀ ਮੰਗਦੇ ਹਨ।ਕਈ ਵਾਰ ਤਾਂ ਲੋਕ,ਇੰਨ੍ਹਾਂ ਲੀਡਰਾਂ ਨੂੰ ਘੇਰ 2 ਕੇ ਜੂਤ ਪਤਾਣ ਵੀ ਕਰਦੇ ਹਨ।ਅਜਿਹੇ ਲੀਡਰਾਂ ਤੋਂ ਅੱਕੇ ਹੋਏ ਲੋਕ,ਜਦੋਂ ਇੰਨ੍ਹਾਂ ਨੂੰ ਪਿੰਡਾਂ ਚ ਵੜ੍ਹਨੋਂ ਰੋਕਦੇ ਹਨ,ਤਾਂ ਇੰਨ੍ਹਾਂ ਲੀਡਰਾਂ ਨੂੰ ਲੁਕਦਿਆਂ ਅਤੇ ਭੱਜਕੇ ਆਪਣੀ ਜਾਨ ਬਚਾਉਂਦਿਆਂ ਵੇਖ ਕੇ ਬੜੀ ਹੈਰਾਨੀ ਹੁੰਦੀ

ਹੈ,ਜਿਹੜੀ ਕਿ ਆਮ ਜਨਤਾ ਚ ਜਾਗਰੂਕ ਅਤੇ ਅਨਿਆਂ ਦੇ ਖਿਲਾਫ ਲੜ੍ਹਨ ਦਾ ਸ਼ੁਭ ਸ਼ੰਕੇਤ ਵੀ ਹੈ।ਅਜਿਹੇ ਸ਼ੰਕੇਤ ਲੋਕਾਂ ਲਈ ਲਾਹੇਵੰਦ ਅਤੇ ਰਾਜਨੀਤਕ ਪਾਰਟੀਆਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਲਈ,ਬੜੀ ਹੀ ਚਿੰਤਾ ਦਾ ਵਿਸ਼ਾ ਹੈ।

ਮੁੱਕਦੀ ਗੱਲ ਤਾਂ ਇਹ ਹੈ,ਕਿ ਜਦੋਂ ਹਾਲਾਤ,

*ਮਰਦਾ ਕੀ ਨਾ ਕਰਦਾ!*

ਵਾਲੇ ਹੋ ਜਾਣ,ਤਾਂ ਬੰਦਾ ਮਜਬੂਰ ਹੋਇਆ,ਹੋਰ ਕਰੇ ਵੀ,ਤਾਂ ਕੀ ਕਰੇ।ਕਿਉਂਕਿ,ਦੇਸ਼ ਦੀ ਆਮ ਜਨਤਾ ਦਾ ਜੀਣਾ ਤਾਂ,ਦੁੱਭਰ ਹੋਇਆ ਪਿਆ ਹੈ।ਦੇਸ਼ ਦਾ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋਈ ਜਾ ਰਿਹਾ ਹੈ।ਭੁੱਖਮਰੀ,ਮਹਿੰਗਾਈ, ਬੇਰੁਜਗਾਰੀ,ਮਹਿੰਗੀ ਸਿੱਖਿਆ ਨੀਤੀ ਅਤੇ ਸਿਹਤ ਸੇਵਾਵਾਂ ਨੇ ਵਿਕਰਾਲ ਰੂਪ ਧਾਰ ਰੱਖਿਆ ਹੈ।ਜਿਸਦਾ ਇੱਕੋ ਇੱਕ ਹੱਲ,ਇੰਨ੍ਹਾਂ ਰਾਜਨੀਤਕ ਲੀਡਰਾਂ ਅਤੇ ਸਰਕਾਰਾਂ ਦੇ ਨੁਮਾਇੰਦਿਆਂ ਨੂੰ, ਉਹਨਾਂ ਦੇ ਵਾਅਦੇ ਯਾਦ ਕਰਵਾਉਣਾ ਹੈ।ਅਜਿਹਾ ਸ਼ੁਭ ਸਗਨ,ਇਸ ਵਾਰ ਦੀਆਂ ਲੋਕ ਸਭ ਚੋਣਾਂ ਚ ਵੇਖਣ ਨੂੰ ਆਮ ਹੀ ਮਿਲ ਰਿਹਾ ਹੈ।ਜਿੱਥੇ ਆਮ ਲੋਕ,ਰਾਜਨੀਤਕ ਲੀਡਰਾਂ ਨੂੰ ਘੂਰ 2 ਕੇ,ਉਨ੍ਹਾਂ ਦੇ ਕੀਤੇ ਹੋਏ ਝੂਠੇ ਵਾਅਦੇ ਯਾਦ ਕਰਵਾ ਰਹੇ ਹਨ।ਜਿਹੜਾ ਕਿ ਰਾਜਨੀਤਕ ਚੇਤਨਤਾ ਲਈ,ਇੱਕ ਸ਼ੁਭ ਆਰੰਭ ਹੈ।ਇਸੇ ਲਈ ਤਾਂ,ਕਿਸੇ ਸ਼ਾਇਰ ਨੇ ਕਿਹਾ ਹੈ,ਕਿ,

*ਗਲ੍ਹ ਪੈ ਜਾਣ ਜੇ ਅੱਕੇ ਲੋਕ,ਬੰਬ ਬੰਦੂਕਾਂ ਸਕਣ ਨਾ ਰੋਕ!*

ਸੱਚਮੁੱਚ,ਅਜਿਹੇ ਮੌਕੇ ਲੋਕ ਰੋਹ ਨੂੰ ਗੱਲਾਂ ਬਾਤਾਂ ਨਾਲ ਸ਼ਾਂਤ ਨਹੀਂ ਕੀਤਾ ਜਾ ਸਕਦਾ,ਜੋ ਕਿ ਜਿੰਦਗੀ ਦੀ ਹਕੀਕਤ ਨੂੰ ਪੇਸ਼ ਕਰਦਾ ਹੈ।ਅਸਲ ਵਿੱਚ,ਲੋਕਾਂ ਦੀ ਅਜਿਹੀ ਜਾਗ੍ਰਿਤੀ ਹੀ,ਇਨਕਲਾਬ ਦਾ ਮੁੱਢ ਬੰਨ੍ਹਦੀ ਹੈ।

**ਪੇਸ਼ਕਾਰੀ --ਬਲਜੀਤ ਸਿੰਘ ਹੁਸੈਨਪੁਰਾ**

**ਸੁਬੇਗ ਸਿੰਘ, ਸੰਗਰੂਰ 93169 10402**

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਰੀਵਿਊ ਮੀਟਿੰਗ

**➢ ਨਾਜ਼ਾਇਜ਼ ਸ਼ਰਾਬ, ਨਕਦੀ, ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਹੋਰ ਗੈਰ-ਕਾਨੂੰਨੀ ਵਸਤਾਂ ਦੀ ਆਮਦ ਨੂੰ ਰੋਕਣ ਲਈ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਦੇ ਨਾਲ-ਨਾਲ ਫਲਾਇੰਗ ਸਕੁਐਡਜ਼, ਆਬਕਾਰੀ ਟੀਮਾਂ ਦਾ ਗਠਨ ਅਤੇ ਸਰਹੱਦੀ ਜਾਂਚ ਚੌਕੀਆਂ ਸਥਾਪਤ ਕਰਨ ਦੇ ਨਿਰਦੇਸ਼ ➢ ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਠੋਸ ਯੋਜਨਾ ਤਿਆਰ ਕਰਨ ਲਈ ਕਿਹਾ**

**ਚੰਡੀਗੜ੍ਹ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਯਕੀਨੀ ਬਣਾਉਣ ਲਈ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਸਾਰੇ ਜ਼ਿਲ੍ਹਾ ਚੋਣ ਅਫ਼ਸਰਾਂ-ਕਮ-ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਉੱਚ-ਪੱਧਰੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸੂਬੇ ਵਿੱਚ 1 ਜੂਨ, 2024 ਨੂੰ ਪੈਣ ਵਾਲੀਆਂ ਵੋਟਾਂ ਸਬੰਧੀ ਜ਼ਿਲ੍ਹਾ ਪੱਧਰ 'ਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਵੀਡੀਓ ਕਾਨਫਰੰਸਿੰਗ ਰਾਹੀਂ ਰੀਵਿਊ ਮੀਟਿੰਗ ਕਰਦਿਆਂ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਭਾਰਤੀ ਚੋਣ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸੂਬੇ ਭਰ ਵਿੱਚ ਨਸ਼ੀਲੇ ਪਦਾਰਥਾਂ, ਨਕਦੀ, ਹਥਿਆਰ, ਅਤੇ ਹੋਰ ਗੈਰ ਕਾਨੂੰਨੀ ਵਸਤਾਂ ਦੀ ਆਮਦ ਨੂੰ ਰੋਕਣ ਲਈ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਦੇ ਨਾਲ-ਨਾਲ ਉੱਡਣ ਦਸਤਿਆਂ ਤੇ ਆਬਕਾਰੀ ਟੀਮਾਂ ਦੇ ਗਠਨ ਸਮੇਤ ਸਰਹੱਦੀ ਜਾਂਚ ਚੌਕੀਆਂ ਸਥਾਪਤ ਕਰਨ 'ਤੇ ਜ਼ੋਰ ਦਿੱਤਾ।

ਵੋਟਾਂ ਵਾਲੇ ਦਿਨ ਸੰਭਾਵੀ ਗਰਮੀ ਦੇ ਮੱਦੇਨਜ਼ਰ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਲੋੜੀਂਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਨਿਰਪੱਖ ਤੇ ਸ਼ਾਂਤਮਈ ਚੋਣ ਅਮਲ ਨੂੰ ਯਕੀਨੀ ਬਣਾਉਂਦਿਆਂ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਹਰ ਸੰਭਵ ਕਦਮ ਚੁੱਕੇ ਜਾਣ।

ਸਿਬਿਨ ਸੀ ਨੇ ਅਧਿਕਾਰੀਆਂ ਨੂੰ ਪੋਲਿੰਗ ਬੂਥਾਂ 'ਤੇ ਵੋਟਰਾਂ ਦੀ ਸਹੂਲਤ ਲਈ ਵੱਖ -ਵੱਖ ਸੁਵਿਧਾਵਾਂ ਜਿਵੇਂ ਕਿ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਗੁਲਾਬੀ ਤੇ ਹਰੇ ਰੰਗ ਦੇ ਪੋਲਿੰਗ ਬੂਥਾਂ ਦੇ ਨਾਲ-ਨਾਲ ਨੌਜਵਾਨਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਵੱਖਰੇ ਬੂਥ ਲਗਾਉਣ ਲਈ ਵੀ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਨੇ ਦਿਵਿਆਂਗ ਵੋਟਰਾਂ ਲਈ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਸੂਬੇ ਭਰ ਦੇ ਹਰੇਕ ਪੋਲਿੰਗ ਸਟੇਸ਼ਨ 'ਤੇ ਘੱਟੋ-ਘੱਟ ਇੱਕ ਵ੍ਹੀਲਚੇਅਰ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਵੀ ਕਿਹਾ।

ਮੁੱਖ ਚੋਣ ਅਫ਼ਸਰ ਨੇ ਅਧਿਕਾਰੀਆਂ ਨੂੰ ਸਾਰੇ ਉਮੀਦਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਉਨ੍ਹਾਂ ਨੇ ਕੇਂਦਰੀ ਬਲਾਂ ਦੀ ਤਾਇਨਾਤੀ ਅਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਤੋਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਦੀ ਸਥਿਤੀ ਅਤੇ ਵੋਟਰ ਸਲਿੱਪਾਂ ਦੀ ਵੰਡ ਦੇ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਮੰਗੀ।

ਮੀਟਿੰਗ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੋਸਟਲ ਬੈਲਟਾਂ ਦੀ ਪ੍ਰਾਪਤੀ ਦੇ ਪ੍ਰਬੰਧਨ, ਸਟਰਾਂਗ ਰੂਮਾਂ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਸੀ.ਸੀ.ਟੀ.ਵੀ/ ਵੀਡੀਓਗ੍ਰਾਫੀ ਸੈੱਟਅੱਪ ਲਈ ਢੁਕਵੇਂ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਨੇ ਗਿਣਤੀ ਕੇਂਦਰਾਂ ਵਿੱਚ ਹਰੇਕ ਟੇਬਲ 'ਤੇ ਮਾਈਕ੍ਰੋ-ਅਬਜ਼ਰਵਰ ਤਾਇਨਾਤ ਕਰਨ ਅਤੇ ਕਾਊਂਟਿੰਗ ਹਾਲਾਂ ਵਿੱਚ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਸਿਬਿਨ ਸੀ ਨੇ ਗਿਣਤੀ ਕੇਂਦਰਾਂ ਦੇ ਅੰਦਰ ਅਤੇ ਬਾਹਰ ਬੈਰੀਕੇਡਿੰਗ ਅਤੇ ਗਿਣਤੀ ਕੇਂਦਰਾਂ ਤੱਕ ਈ.ਵੀ.ਐਮ. ਮਸ਼ੀਨਾਂ ਲੈ ਕੇ ਜਾਣ ਵਾਲੇ ਰਸਤਿਆਂ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੀ.ਵੀ.ਪੀ.ਏ.ਟੀ. ਪੇਪਰ ਸਲਿੱਪਾਂ ਦੀ ਤਸਦੀਕ ਲਈ ਇਨ੍ਹਾਂ ਖੇਤਰਾਂ ਨੂੰ ਉਚਿਤ ਢੰਗ ਨਾਲ ਸੈਨੀਟਾਈਜ਼ ਕਰਨ ਵਾਸਤੇ ਲੋੜੀਂਦੇ ਕਦਮ ਚੁੱਕੇ ਜਾਣ। ਉਨ੍ਹਾਂ ਨੇ ਪੋਲਿੰਗ ਸਟੇਸ਼ਨਾਂ 'ਤੇ ਇੰਟਰਨੈਟ ਲਈ ਢੁਕਵੇਂ ਪ੍ਰਬੰਧ ਕਰਨ ਲਈ ਵੀ ਕਿਹਾ।

ਉਨ੍ਹਾਂ ਨੇ ਅਧਿਕਾਰੀਆਂ ਨੂੰ ÷ਐਨਕੋਰ÷ ਐਪ 'ਤੇ ਵੋਟਰ ਟਰਨ-ਆਊਟ ਡੇਟਾ ਦਾਖਲ ਕਰਨ ਵਾਸਤੇ ਸੁਚਾਰੂ ਪ੍ਰਬੰਧ ਕਰਨ ਲਈ ਆਖਦਿਆਂ ਦਫਤਰ, ਮੁੱਖ ਚੋਣ ਅਫ਼ਸਰ ਨੂੰ ਵੈਬਸਾਈਟ ਰਾਹੀਂ ਸਮੇਂ ਸਿਰ ਰਿਪੋਰਟਾਂ ਭੇਜਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਪੋਲਿੰਗ ਡੇਟਾ ਨੂੰ ਢੁੱਕਵੇਂ ਢੰਗ ਨਾਲ ਇਕੱਠਾ ਕੀਤਾ ਜਾ ਸਕੇ।

ਇਸ ਮੌਕੇ ਕਾਨੂੰਨ ਤੇ ਵਿਵਸਥਾ ਬਾਰੇ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ ਅਰਪਿਤ ਸ਼ੁਕਲਾ ਨੇ ਵੀ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਲਈ ਬਰਾਬਰ ਦਾ ਮਾਹੌਲ ਯਕੀਨੀ ਬਣਾਉਣ ਦੇ ਨਾਲ-ਨਾਲ ਚੋਣਾਂ ਦੌਰਾਨ ਡਰਾਉਣ-ਧਮਕਾਉਣ ਅਤੇ ਭਰਮਾਉਣ ਦੀਆਂ ਕਾਰਵਾਈਆਂ 'ਤੇ ਨੇੜਿਓਂ ਨਜ਼ਰ ਰੱਖਦਿਆਂ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ।

ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ ਹਰੀਸ਼ ਨਈਅਰ ਅਤੇ ਅਭਿਜੀਤ ਕਪਲਿਸ਼, ਜੁਆਇੰਟ ਮੁੱਖ ਚੋਣ ਅਫ਼ਸਰ ਸਕੱਤਰ ਸਿੰਘ ਬੱਲ ਅਤੇ ਮੁੱਖ ਚੋਣ ਅਧਿਕਾਰੀ ਦਫ਼ਤਰ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਜਨਰਲ ਅਬਜ਼ਰਵਰ ਵੱਲੋਂ ਸਹਾਇਕ ਰਿਟਰਨਿੰਗ ਅਧਿਕਾਰੀਆਂ ਨਾਲ ਮੀਟਿੰਗ; ਪੋਲਿੰਗ ਸਟੇਸ਼ਨਾਂ ਵਿਖੇ ਵੋਟਰਾਂ ਨੂੰ ਗਰਮੀ ਤੇ ਲੂ ਤੋਂ ਬਚਾਉਣ ਲਈ ਛਾਂ ਤੇ ਠੰਡੇ-ਮਿੱਠੇ ਪਾਣੀ ਦੀ ਛਬੀਲ ਦੇ ਪ੍ਰਬੰਧ ਕਰਨ ਦੀ ਹਦਾਇਤ

**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਹਲਕਾ ਪਟਿਆਲਾ ਲਈ ਨਿਯੁਕਤ ਜਨਰਲ ਅਬਜ਼ਰਵਰ ਸੀਨੀਅਰ ਆਈ.ਏ.ਐਸ. ਅਧਿਕਾਰੀ ਓਮ ਪ੍ਰਕਾਸ਼ ਬਕੋੜੀਆ ਨੇ ਅੱਜ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਦੀ ਮੌਜੂਦਗੀ ਵਿੱਚ ਸਹਾਇਕ ਰਿਟਰਨਿੰਗ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕਰਕੇ ਚੋਣ ਤਿਆਰੀਆਂ ਦਾ ਜਾਇਜ਼ਾ ਲਿਆ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੀਤੀ ਮੀਟਿੰਗ ਮੌਕੇ ਜਨਰਲ ਅਬਜ਼ਰਵਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੁੱਚੀ ਚੋਣ ਪ੍ਰਕ੍ਰਿਆ ਨੂੰ ਸੁਤੰਤਰ, ਨਿਰਪੱਖ, ਪਾਰਦਰਸ਼ੀ ਅਤੇ ਅਮਨ ਸ਼ਾਂਤੀ ਨਾਲ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਦਿਸ਼ਾ ਨਿਰਦੇਸ਼ਾਂ ਨੂੰ ਵਾਰ-ਵਾਰ ਪੜ੍ਹਿਆ ਜਾਵੇ ਤਾਂ ਕਿ ਕੋਈ ਭੁਲੇਖਾ ਨਾ ਰਹੇ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਦੇਖਦਿਆਂ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਪੋਲਿੰਗ



**ਜਨਰਲ ਅਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ। ਉਨ੍ਹਾਂ ਨਾਲ ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।**

ਸਟੇਸ਼ਨਾਂ ਵਿਖੇ ਵੋਟਰਾਂ ਨੂੰ ਗਰਮੀ ਅਤੇ ਲੂ ਤੋਂ ਬਚਾਉਣ ਲਈ ਛਾਂ ਅਤੇ ਠੰਡੇ ਮਿੱਠੇ ਸ਼ਰਬਤ ਦੀ ਛਬੀਲ ਦੇ ਉਚੇਚੇ ਪ੍ਰਬੰਧ ਵੀ ਯਕੀਨੀ ਬਣਾਉਣ।

ਜਨਰਲ ਆਬਜ਼ਰਵਰ ਨੇ 19 ਅਤੇ 26 ਮਈ ਨੂੰ ਚੋਣ ਅਮਲੇ ਦੀ ਗੰਭੀਰਤਾ ਨਾਲ ਸਿਖਲਾਈ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵੋਟਾਂ ਤੋਂ ਪਹਿਲਾਂ ਮੌਕ ਪੋਲ ਈ.ਵੀ.ਐਮਜ ਨੂੰ ਕਲੀਅਰ ਤੇ ਤੇ ਵੋਟਾਂ ਤੋਂ ਬਾਅਦ ਕਲੋਜ ਬਟਨ ਦਬਾਉਣ ਸਮੇਤ ਚੋਣਾਂ ਵਾਲੇ ਦਿਨ ਪਹਿਲਾ ਇੱਕ ਘੰਟਾ ਅਤੇ ਆਖਰੀ ਘੰਟੇ ਵਿੱਚ ਖਾਸ ਖਿਆਲ ਰੱਖਿਆ ਜਾਵੇ ਅਤੇ ਈ.ਵੀ.ਐਮਜ ਬਾਰੇ ਹਰ ਜਾਣਕਾਰੀ ਉਮੀਦਵਾਰਾਂ ਨਾਲ ਜਰੂਰ ਸਾਂਝੀ ਕੀਤੀ ਜਾਵੇ।

ਉਨ੍ਹਾਂ ਨੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚੋਣਾਂ ਨਾਲ ਸਬੰਧਤ ਸ਼ਿਕਾਇਤਾਂ ਦਾ ਪੂਰੀ ਮੁਸਤੈਦੀ ਨਾਲ ਮਿਥੇ ਸਮੇਂ ਦੇ ਅੰਦਰ-ਅੰਦਰ ਨਿਪਟਾਰਾ ਕਰਵਾਇਆ ਜਾਵੇ। ਇਸ ਦੇ ਨਾਲ ਹੀ 1 ਜੂਨ ਨੂੰ ਵੋਟਾਂ ਵਾਲੇ ਦਿਨ ਤੋਂ 48 ਘੰਟੇ ਪਹਿਲਾਂ ਲੋਕ ਸਭਾ ਹਲਕੇ ਤੋਂ ਬਾਹਰੀ ਵਿਅਕਤੀਆਂ ਨੂੰ ਹਲਕੇ ਤੋਂ ਬਾਹਰ ਕੀਤਾ ਜਾਵੇ ਅਤੇ ਇਸ ਸਮੇਂ ਦੌਰਾਨ ਉਮੀਦਵਾਰਾਂ ਤੇ ਸਿਆਸੀ ਪਾਰਟੀਆਂ ਦੀਆਂ ਗਤੀਵਿਧੀਆਂ 'ਤੇ ਤਿਖੀ ਨਜ਼ਰ ਰੱਖੀ ਜਾਵੇ। ਅਬਜ਼ਰਵਰ ਓਮ ਪ੍ਰਕਾਸ਼ ਬਕੋੜੀਆ ਨੇ ਇਹ ਵੀ ਹਦਾਇਤ ਕੀਤੀ ਕਿ ਚੋਣ ਕਮਿਸ਼ਨ ਦੀਆਂ ਮੁਬਾਇਲ ਐਪਸ ਸੀ ਵਿਜਲ, ਕੇਵਾਈਸੀ ਈਸੀਆਈ ਆਦਿ ਸਮੇਤ ਸਵੀਪ ਮੁਹਿਮ ਤਹਿਤ ਵੋਟਰ ਜਾਗਰੂਕਤਾ ਫੈਲਾਉਂਦੇ ਹੋਏ ਆਮ ਲੋਕਾਂ ਨੂੰ ਵੀ.ਵੀ.ਪੈਟ ਤੇ ਈ.ਵੀ.ਐਮਜ ਦੀ ਜਾਣਕਾਰੀ ਦਿੱਤੀ ਜਾਵੇ। ਇਸ ਤੋ ਬਿਨ੍ਹਾਂ ਪੋਲ ਪ੍ਰਤੀਸ਼ਤਤਾ ਵਧਾਉਣ ਲਈ ਜ਼ੋਰ ਦਿੱਤਾ ਜਾਵੇ।

ਅਬਜ਼ਰਵਰ ਨੇ ਕਿਹਾ ਕਿ ਪੂਰੇ ਲੋਕ ਸਭਾ ਹਲਕੇ 'ਚ ਵੀਡੀਓ ਗ੍ਰਾਫ਼ਰਾਂ ਤੇ ਹੋਰ ਟੀਮਾਂ ਨੂੰ ਪੂਰਾ ਮੁਸਤੈਦ ਰੱਖਿਆ ਜਾਵੇ ਅਤੇ ਚੋਣ ਜਾਬਤੇ ਸਮੇਤ ਪਾਬੰਦੀ ਸਮੇਤ ਧਾਰਾ 144 ਤਹਿਤ ਜਾਰੀ ਹੋਏ ਹੁਕਮਾਂ ਦੀ ਸਖ਼ਤੀ ਨਾਲ ਪਾਲਣਾਂ ਕੀਤੀ ਜਾਵੇ ਅਤੇ ਉਲੰਘਣਾ ਹੋਣ 'ਤੇ ਐਫ.ਆਈ.ਆਰ ਦਰਜ ਕਰਵਾਈ ਜਾਵੇ। ਉਨ੍ਹਾਂ ਪ੍ਰਾਪਰਟੀ ਡੀਫੇਸਮੈਂਟ ਅਤੇ ਸ਼ਿਕਾਇਤ ਸੈਲ 'ਚ ਆਈਆਂ ਸ਼ਿਕਾਇਤਾਂ ਬਾਰੇ ਵੀ ਜਾਣਿਆਂ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਛਬੀਲ ਲਈ ਸਾਰਾ ਸਾਮਾਨ ਚੋਣ ਕਮਿਸ਼ਨ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ, ਇਸ ਲਈ ਵਲੰਟੀਅਰਾਂ, ਸਮਾਜ ਸੇਵੀ ਜਥੇਬੰਦੀਆਂ, ਕਲੱਬਾਂ, ਮਗਨਰੇਗਾ ਤੇ ਪੰਚਾਇਤਾਂ ਦੀ ਮਦਦ ਲਈ ਜਾਵੇ। ਉਨ੍ਹਾਂ ਕਿਹਾ ਕਿ ਚੋਣ ਨੂੰ ਪ੍ਰਭਾਵਤ ਕਰਦੇ ਅਹਿਮ ਨੁਕਤਿਆਂ ਨੂੰ ਵਾਰ-ਵਾਰ ਧਿਆਨ 'ਚ ਰੱਖਿਆ ਜਾਵੇ।

ਇਸ ਮੀਟਿੰਗ ਮੌਕੇ ਏ.ਡੀ.ਸੀ. (ਜ) ਕੰਚਨ, ਏ.ਡੀ.ਸੀ. ਸ਼ਹਿਰੀ ਵਿਕਾਸ-ਕਮ-ਏ.ਆਰ.ਓ. ਪਟਿਆਲਾ ਦਿਹਾਤੀ ਨਵਰੀਤ ਕੌਰ ਸੇਖੋਂ, ਏ.ਆਰ.ਓ. ਪਟਿਆਲਾ ਸ਼ਹਿਰੀ ਅਰਵਿੰਦ ਕੁਮਾਰ, ਏ.ਆਰ.ਓ. ਘਨੌਰ ਕੰਨੂ ਗਰਗ, ਏ.ਆਰ.ਓ. ਸਨੌਰ ਬਬਨਦੀਪ ਸਿੰਘ ਵਾਲੀਆ, ਏ.ਆਰ.ਓ. ਰਾਜਪੁਰਾ ਜਸਲੀਨ ਕੌਰ ਭੁੱਲਰ, ਏ.ਆਰ.ਓ. ਨਾਭਾ ਤਰਸੇਮ ਚੰਦ, ਏ.ਆਰ.ਓ. ਸ਼ੁਤਰਾਣਾ ਰਵਿੰਦਰ ਸਿੰਘ, ਏ.ਆਰ.ਓ. ਡੇਰਾਬਸੀ ਹਿਮਾਸ਼ੂ ਗੁਪਤਾ, ਏ.ਆਰ.ਓ. ਸਮਾਣਾ ਰਿਚਾ ਗੋਇਲ, ਸਿਵਲ ਸਰਜਨ ਡਾ. ਸੰਜੇ ਗੋਇਲ, ਡੀ.ਡੀ.ਪੀ.ਓ. ਅਮਨਦੀਪ ਕੌਰ, ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ, ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਤੇ ਡਾ. ਦਿਵਜੋਤ ਸਿੰਘ, ਡੀ.ਐਮ. ਮਾਰਕਫੈਡ ਤੇ ਜ਼ਿਲ੍ਹਾ ਮੰਡੀ ਅਫ਼ਸਰ ਸਮੇਤ ਬੀਡੀਪੀਓਜ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸੈਮਸੰਗ ਨੇ ਭਾਰਤ ਵਿੱਚ ਨੈਕਸਟ-ਜਨਰੇਸ਼ਨ 19 ਇਨਵਰਟਰ ਕੰਪ੍ਰੈਸ਼ਰ ਦੀ ਵਿਸ਼ੇਸ਼ਤਾ ਵਾਲੇ ਤਿੰਨ ਨਵੇਂ ਫਰਿੱਜ ਲਾਂਚ ਕੀਤੇ



**ਚੰਡੀਗੜ੍ਹ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੈਮਸੰਗ, ਭਾਰਤ ਦੇ ਸਭ ਤੋਂ ਵੱਡੇ ਖਪਤਕਾਰ ਇਲੈਕਟ੍ਰੌਨਿਕਸ ਬ੍ਰਾਂਡ ਨੇ ਅੱਜ ਤਿੰਨ ਨਵੇਂ ਫਰਿੱਜਾਂ ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ ਹੈ ਜੋ ਉਪਭੋਗਤਾਵਾਂ ਨੂੰ ਉਹਨਾਂ ਦੀਆਂ ਚੋਣਾਂ ਨੂੰ ਅਨੁਕੂਲਿਤ ਕਰਨ ਵਿੱਚ ਮਦਦ ਕਰਕੇ ਭਾਰਤੀ ਘਰਾਂ ਲਈ ਚੁਸਤ ਰਹਿਣ ਨੂੰ ਯਕੀਨੀ ਬਣਾਉਂਦੇ ਹਨ। ਨਵੇਂ ਫਰਿੱਜਾਂ ਵਿੱਚ ਸੈਮਸੰਗ ਦੀ ਅਗਲੀ ਪੀੜ੍ਹੀ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਸੰਚਾਲਿਤ ਇਨਵਰਟਰ ਕੰਪ੍ਰੈਸਰ ਦੀ ਵਿਸ਼ੇਸ਼ਤਾ ਹੈ। 19 ਇਨਵਰਟਰ ਕੰਪ੍ਰੈਸ਼ਰ, ਸੈਮਸੰਗ ਦੇ ਨਵੇਂ ਫਰਿੱਜਾਂ ਦਾ ਦਿਲ ਹੈ, ਬਿਜਲੀ ਦੇ ਖਰਚਿਆਂ ਨੂੰ ਬਚਾਉਂਦੇ ਹੋਏ ਮੋਟਰ ਅਤੇ ਊਰਜਾ ਕੁਸ਼ਲਤਾ ਨੂੰ ਅਨੁਕੂਲ ਬਣਾ ਕੇ ਰਵਾਇਤੀ ਅੰਦਰੂਨੀ ਡਿਜ਼ਾਈਨ ਨੂੰ ਬਦਲਦਾ ਹੈ।ਸੈਮਸੰਗ ਦਾ ਅੱਠਵੀਂ ਪੀੜ੍ਹੀ ਦਾ ਕੰਪ੍ਰੈਸਰ 19 ਨੂੰ ਸਾਹਮਣੇ ਲਿਆਉਂਦਾ ਹੈ - 27 ਸਾਲ ਪਹਿਲਾਂ ਪੇਸ਼ ਕੀਤੇ ਗਏ ਆਪਣੇ ਪਹਿਲੇ ਕੰਪ੍ਰੈਸਰ ਤੋਂ ਇੱਕ ਕ੍ਰਾਂਤੀਕਾਰੀ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ। 19 ਇਨਵਰਟਰ ਕੰਪ੍ਰੈਸਰ ਇੱਕ ਖੰਡ-ਮੋਹਰੀ 20-ਸਾਲ ਦੀ ਵਾਰੰਟੀ ਦੇ ਨਾਲ ਆਉਂਦਾ ਹੈ, ਜੋ ਲੰਬੇ ਸਮੇਂ ਤੱਕ ਚੱਲਣ ਵਾਲੀ ਕਾਰਗੁਜ਼ਾਰੀ ਅਤੇ ਊਰਜਾ ਕੁਸ਼ਲਤਾ ਦੀ ਗਰੰਟੀ ਦਿੰਦਾ ਹੈ। ਨਵੇਂ 19 ਫਰਿੱਜ ਤਿੰਨ ਮਾਡਲਾਂ ਵਿੱਚ ਆਉਂਦੇ ਹਨ - ਕਲੀਨ ਚਾਰਕੋਲ ਸਟੇਨਲੈਸ ਸਟੀਲ ਰੰਗ ਵਿੱਚ 809* 4-ਡੋਰ ਫਲੈਕਸ ਫ੍ਰੈਂਚ ਡੋਰ ਬੇਸਪੋਕ ਫੈਮਿਲੀ ਹੱਬ ਫਰਿੱਜ ਅਤੇ 650* 4-ਡੋਰ ਪਰਿਵਰਤਿਤ ਫ੍ਰੈਂਚ ਡੋਰ ਮਾਡਲ ਕਲੀਨ ਵ੍ਹਾਈਟ ਵਿੱਚ ਗਲਾਸ ਫਿਨਿਸ਼ ਵਿੱਚ ਅਤੇ ਸਟੀਲ ਫਿਨਿਸ਼ ਵਿੱਚ ਬਲੈਕ ਕੈਵੀਆਰ। ਸੌਰਭ ਬੈਸ਼ਾਖੀਆ, ਸੀਨੀਅਰ ਡਾਇਰੈਕਟਰ, ਡਿਜੀਟਲ ਉਪਕਰਨ ਕਾਰੋਬਾਰ, ਸੈਮਸੰਗ ਇੰਡੀਆ ਨੇ ਕਿਹਾ ਸੈਮਸੰਗ ਬੇਸਪੋਕ ਏਆਈ ਦੇ ਨਾਲ ਘਰੇਲੂ ਉਪਕਰਨਾਂ ਦੇ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਇੱਕ ਉੱਚ-ਕੁਸ਼ਲਤਾ ਵਾਲੇ ਏਆਈ ਇਨਵਰਟਰ ਕੰਪ੍ਰੈਸ਼ਰ ਦੀ ਵਿਸ਼ੇਸ਼ਤਾ ਵਾਲੇ ਫਰਿੱਜਾਂ ਦੀ ਪੇਸ਼ਕਸ਼ ਕਰਦਾ ਹੈ ਜੋ ਬੇਮਿਸਾਲ ਪ੍ਰਦਰਸ਼ਨ ਪ੍ਰਦਾਨ ਕਰਦਾ ਹੈ। 19 ਐਨਰਜੀ ਮੋਡ ਦੀ ਵਰਤੋਂ ਕਰਕੇ, ਖਪਤਕਾਰ 10% ਤੱਕ ਦੀ ਊਰਜਾ ਬੱਚਤ ਪ੍ਰਾਪਤ ਕਰ ਸਕਦੇ ਹਨ। ਸੈਮਸੰਗ 19 ਇਨਵਰਟਰ ਕੰਪ੍ਰੈਸ਼ਰ ਅਤੇ ਸੰਬੰਧਿਤ ਤਕਨਾਲੋਜੀਆਂ ਨੂੰ ਵਿਕਸਤ ਕਰਨ ਲਈ ਵਚਨਬੱਧ ਹੈ, ਇਹ ਯਕੀਨੀ ਬਣਾਉਣ ਲਈ ਕਿ ਸਾਡੇ ਫਰਿੱਜ ਲੰਬੇ ਸਮੇਂ ਤੱਕ ਚੱਲਣ ਵਾਲੀ ਭਰੋਸੇਯੋਗਤਾ ਪ੍ਰਦਾਨ ਕਰਦੇ ਹਨ ਅਤੇ ਊਰਜਾ ਦੀ ਖਪਤ ਘਟਾਉਂਦੇ ਹਨ। 19 ਇਨਵਰਟਰ ਕੰਪ੍ਰੈਸਰ ਇੱਕ ਆਮ ਓਪਰੇਸ਼ਨ ਦੌਰਾਨ 35 ➢2/1 ਤੋਂ ਘੱਟ ਦੇ ਸ਼ੋਰ ਪੱਧਰ ਦਾ ਮਾਣ ਕਰਦਾ ਹੈ, ਇੱਕ ਸ਼ਾਂਤ ਲਾਇਬ੍ਰੇਰੀ ਦੀ ਸ਼ਾਂਤੀ ਦੇ ਮੁਕਾਬਲੇ। ਰਵਾਇਤੀ ਸਥਿਰ-ਸਪੀਡ ਕੰਪ੍ਰੈਸਰਾਂ ਦੇ ਉਲਟ, ਇਹ ਉੱਨਤ ਤਕਨਾਲੋਜੀ ਤਾਪਮਾਨ ਵਿੱਚ ਮਾਮੂਲੀ ਉਤਰਾਅ-ਚੜ੍ਹਾਅ ਲਈ ਤੁਰੰਤ ਜਵਾਬ ਦਿੰਦੀ ਹੈ। ਇਹ ਆਲੇ ਦੁਆਲੇ ਦੇ ਤਾਪਮਾਨ, ਸੰਚਾਲਨ ਮੋਡ, ਅਤੇ ਦਰਵਾਜ਼ੇ ਦੇ ਖੁੱਲਣ ਅਤੇ ਬੰਦ ਹੋਣ ਦੇ ਨਤੀਜੇ ਵਜੋਂ ਤਾਪਮਾਨ ਵਿੱਚ ਤਬਦੀਲੀਆਂ ਵਰਗੇ ਕਾਰਕਾਂ ਦੇ ਅਧਾਰ ਤੇ ਮੋਟਰ ਵੇਗ ਨੂੰ ਅਨੁਕੂਲਿਤ ਰੂਪ ਵਿੱਚ ਸੋਧ ਕੇ ਊਰਜਾ ਦੀ ਵਰਤੋਂ ਨੂੰ ਘੱਟ ਕਰਦੇ ਹੋਏ ਅਨੁਕੂਲ ਠੰਡੀ ਹਵਾ ਪੈਦਾ ਕਰਦਾ ਹੈ।

# ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ 307, 452, 506, 341, 148, 149 ਆਈ. ਪੀ. ਸੀ. ਤਹਿਤ ਮਾਮਲਾ ਦਰਜ

**ਪਟਿਆਲਾ, 20 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਤ੍ਰਿਪੜੀ ਦੀ ਪੁਲਿਸ ਨੇ ਨੌ ਵਿਅਕਤੀਆਂ ਸਮੇਤ 10-12 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਧਾਰਾ 307, , 452, 506, 341, 148, 149 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਜਿਹੜੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਵਿੱਚ ਸ਼ੇਰ ਸਿੰਘ ਪੁੱਤਰ ਮਨਮੋਹਨ ਸਿੰਘ ਵਾਸੀ ਬਿੰਦਰਾ ਕਲੋਨੀ, ਤਰਨਜੀਤ ਸਿੰਘ, ਮਨੀਆ, ਜੋਤ, ਨੀਸ਼ਾ, ਜਯੋਤੀ, ਕਿਰਨ, ਸੋਨੀਆ, ਭੱਬੀ ਅਤੇ 10- 12 ਹੋਰ ਅਣਪਛਾਤੇ ਵਿਅਕਤੀ ਸ਼ਾਮਿਲ ਹਨ।

ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਦਿਆ ਕੌਰ ਪਤਨੀ ਬਲਦੇਵ ਸਿੰਘ ਵਾਸੀ ਮਕਾਨ ਨੰਬਰ 12, ਗਲੀ ਨੰਬਰ 1 ਗੁਰੂ ਨਾਨਕ ਨਗਰ ਤਿ ?ਪੜੀ ਟਾਊਨ ਪਟਿਆਲਾ ਨੇ ਦੱਸਿਆ ਕਿ ਉਸ ਦਾ ਲੜਕਾ ਜਿੰਦੂ ਜੋ ਸਤਿਗੁਰ ਮੈਡੀਕਲ ਹਾਲ ਡੀ. ਐਲ. ਐਫ. ਕਲੋਨੀ ਪਟਿਆਲਾ ਵਿਖੇ ਨੌਕਰੀ ਕਰਦਾ ਹੈ, ਉੱਥੇ ਹੀ ਉਸਦਾ ਦੋਸਤ ਗੁਰਪ੍ਰੀਤ ਸਿੰਘ ਜੀ ਨੌਕਰੀ ਕਰਦਾ ਹੈ। ਗੁਰਪ੍ਰੀਤ ਸਿੰਘ ਜਿਸ ਦੀ ਤਕਰਾਰਬਾਜੀ ਉਪਰੋਤ ਵਿਅਕਤੀਆਂ ਨਾਲ ਹੋ ਗਈ ਸੀ ਨੇ ਦੁਕਾਨ ਦੇ ਅੰਦਰ ਦਾਖਲ ਹੋ ਕੇ ਜਿੱਥੇ ਗੁਰਪ੍ਰੀਤ ਸਿੰਘ ਦੀ ਕੁੱਟਮਾਰ ਕੀਤੀ ਉਥੇ ਛੁੜਾਉਣ ਆਏ ਜਿੰਦੂ ਦੀ ਵੀ ਕੁੱਟਮਾਰ ਕੀਤੀ।

ਸ਼ਿਕਾਇਤ ਕਰਤਾ ਦਿਆ ਕੌਰ ਨੇ ਦੱਸਿਆ ਕਿ ਉਸਦਾ ਲੜਕਾ ਜਦੋਂ ਘਰ ਵਾਪਸ ਆ ਗਿਆ ਤਾਂ ਕੁਝ ਸਮੇਂ ਬਾਅਦ ਹੀ ਉਪਰੋਕਤ ਵਿਅਕਤੀਆਂ ਨੇ ਉਸਦੇ ਘਰ ਅੰਦਰ ਦਾਖਲ ਹੋ ਗਏ ਜਿੰਦੂ ਦੀ ਕੁੱਟਮਾਰ ਕੀਤੀ ।

# ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ 'ਪਪੀਤਾ', ਕੋਲੈਸਟ੍ਰੋਲ ਦੀ ਪਰੇਸ਼ਾਨੀ ਨੂੰ ਵੀ ਕਰੇ ਦੂਰ

ਜਲੰਧਰ — ਪਪੀਤਾ ਇੱਕ ਅਜਿਹਾ ਫਲ ਹੈ, ਜੋ ਹਰ ਥਾਂ 'ਤੇ ਆਸਾਨੀ ਨਾਲ ਮਿਲਣ ਜਾਂਦਾ ਹੈ। ਪੀਪਤਾ ਇੱਕ ਵਧੀਆ ਤੇ ਸਦਾਬਹਾਰ ਫਲ ਹੈ। ਇਹ ਆਪਣੇ ਅੰਦਰ ਗੁਣਾਂ ਦਾ ਭੰਡਾਰ ਸਮੋਈ ਬੈਠਾ ਹੈ। ਪਪੀਤਾ 'ਚ ਵਿਟਾਮਿਨ ਸੀ ਦੀ ਮਾਤਰਾ 60 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੁੰਦੀ ਹੈ। ਇਸ ਤੋਂ ਇਲਾਵਾ ਇਸ 'ਚ ਵਿਟਾਮਿਨ ਬੀ ਅਤੇ ਬੀ 2 ਮੌਜੂਦ ਹੁੰਦਾ ਹੈ। ਇਸ 'ਚ ਪਾਇਆ ਜਾਣ ਵਾਲਾ 'ਪਪੇਇਨ' ਨਾਂ ਦਾ ਤੱਤ ਭੋਜਨ ਨੂੰ ਸਹੀਂ ਢੰਗ ਨਾਲ ਪਚਾਉਣ 'ਚ ਮਦਦ ਕਰਦਾ ਹੈ, ਜਿਸ ਨਾਲ ਭੋਜਨ ਪ੍ਰਤੀ ਰੁਚੀ ਪੈਦਾ ਹੁੰਦੀ ਹੈ। ਪਪੀਤੇ 'ਚ ਵਿਟਾਮਿਨ ਏ ਦੀ ਕਾਫੀ ਮਾਤਰਾ ਹੋਣ ਕਾਰਨ ਇਹ ਅੱਖਾਂ ਲਈ ਬਹੁਤ ਹੀ ਫਾਇਦੇਮੰਦ ਹੈ। ਇਸ ਤੋਂ ਇਲਾਵਾ ਇਹ ਕਈ ਰੋਗਾਂ ਨਾਲ ਲੜਨ ਦੀ ਵੀ ਸਮਰੱਥਾ ਸਾਡੇ ਸਰੀਰ ਨੂੰ ਪ੍ਰਦਾਨ ਕਰਦਾ ਹੈ। ਆਓ ਜਾਣਦੇ ਹਾਂ ਪਪੀਤੇ ਨਾਲ ਹੋਣ ਵਾਲੇ ਫਾਇਦਿਆਂ ਬਾਰੇ...





1. ਕੈਂਸਰ ਦੇ ਖਤਰੇ ਨੂੰ ਘਟਾਉਂਦਾ
ਪਪੀਤੇ ਵਿੱਚ ਪਾਏ ਜਾਣ ਵਾਲੇ ਵੱਖ-ਵੱਖ ਅੰਜਾਇਮ ਕੈਂਸਰ ਦੇ ਖਤਰੇ ਨੂੰ ਦੂਰ ਕਰਦੇ ਹਨ।

2. ਕਬਜ਼ ਦੀ ਸਮੱਸਿਆ
ਪਪੀਤੇ ਦੀ ਵਰਤੋਂ ਕਰਨ ਨਾਲ ਕਬਜ਼ ਦੀ ਸ਼ਿਕਾਇਤ ਦੂਰ ਹੁੰਦੀ ਹੈ। ਇਸ ਦੀ ਰੋਜ਼ਾਨਾ ਵਰਤੋਂ ਨਾਲ ਗੈਸ, ਪੇਟ 'ਚ ਦਰਦ ਅਤੇ ਉਲਟੀ ਆਦਿ ਆਉਣ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।

3. ਕੋਲੈਸਟ੍ਰੋਲ ਦੀ ਪ੍ਰੇਸ਼ਾਨੀ ਨੂੰ ਕਰੇ ਦੂਰ
ਕੋਲੈਸਟ੍ਰੋਲ ਦੀ ਪ੍ਰੇਸ਼ਾਨੀ ਅੱਜਕਲ ਆਮ ਹੁੰਦੀ ਜਾ ਰਹੀ ਹੈ, ਜੋ ਹਾਰਟ ਅਟੈਕ ਅਤੇ ਹਾਈ ਬਲੱਡ ਪ੍ਰੈਸ਼ਰ ਸਮੇਤ ਹੋਰ ਕਈ ਬੀਮਾਰੀਆਂ ਨੂੰ ਸੱਦਾ ਦੇ ਸਕਦਾ ਹੈ। ਪਪੀਤਾ ਇਸ ਨੂੰ ਕੰਟਰੋਲ 'ਚ ਰੱਖਦਾ ਹੈ ਕਿਉਂਕਿ ਇਸ 'ਚ ਫਾਈਬਰ, ਵਿਟਾਮਿਨ ਸੀ ਅਤੇ ਐਂਟੀ ਆਕਸੀਡੈਂਟਸ ਭਰਪੂਰ ਮਾਤਰਾ 'ਚ ਹੁੰਦੇ ਹਨ, ਜੋ ਖ਼ੂਨ ਦੀਆਂ ਨਾੜੀਆਂ 'ਚ ਕੋਲੈਸਟ੍ਰੋਲ ਨੂੰ ਜੰਮਣ ਨਹੀਂ ਦਿੰਦੇ।
ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ 'ਅੰਬ', ਦਿਮਾਗ ਨੂੰ ਵੀ ਕਰੇ ਤੇਜ਼

4. ਬਵਾਸੀਰ ਤੋਂ ਆਰਾਮ
ਹਰ ਰੋਜ਼ ਸਵੇਰੇ ਖਾਲੀ ਪੇਟ ਪਪੀਤਾ ਖਾਣ ਨਾਲ ਕਬਜ਼ ਦੂਰ ਹੁੰਦੀ ਹੈ ਅਤੇ ਬਵਾਸੀਰ ਤੋਂ ਆਰਾਮ ਮਿਲਦਾ ਹੈ।ਪਾਈਲਸ ਦੇ ਮਰੀਜ਼ ਨੂੰ ਰੋਜ਼ਾਨਾ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ।

5. ਸਰੀਰਕ ਖਾਰਸ਼ ਤੋਂ ਆਰਾਮ
ਕੱਚੇ ਪਪੀਤੇ ਦਾ ਰਸ ਜੇਕਰ ਖਾਜ, ਖੁਜਲੀ, ਦਾਦ 'ਤੇ ਲਗਾਇਆ ਜਾਵੇ ਤਾਂ ਜਲਦ ਆਰਾਮ ਮਿਲਦਾ ਹੈ।

6. ਮਾਹਾਵਾਰੀ ਦੇ ਦਰਦ ਨੂੰ ਕਰੇ ਦੂਰ
ਮਾਹਾਵਾਰੀ 'ਚ ਹੋਣ ਵਾਲਾ ਦਰਦ ਬਹੁਤ ਹੀ ਜਾਨਲੇਵਾ ਹੁੰਦਾ ਹੈ ਅਤੇ ਅਜਿਹੇ 'ਚ ਪਪੀਤੇ ਦੀ ਵਰਤੋਂ ਨਾਲ ਇਸ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

7. ਖ਼ੂਨ ਦੀ ਕਮੀ
ਪਪੀਤਾ ਖਾਣ ਨਾਲ ਸਰੀਰ 'ਚ ਖ਼ੂਨ ਦੀ ਕਮੀ ਦੀ ਸਮੱਸਿਆ ਹਮੇਸ਼ਾ ਲਈ ਦੂਰ ਹੋ ਜਾਂਦੀ ਹੈ। ਇਸ ਲਈ ਸਰੀਰ 'ਚ ਖ਼ੂਨ ਦੀ ਕਮੀ ਹੋਣ 'ਤੇ ਰੋਜ਼ਾਨਾ ਪਪੀਤੇ ਦੀ ਵਰਤੋਂ ਕਰੋ।

8. ਭਾਰ ਨੂੰ ਕਰੇ ਕੰਟਰੋਲ
ਭਾਰ ਘੱਟ ਕਰਨ ਲਈ ਲੋਕ ਜਿਮ ਅਤੇ ਡਾਈਟ ਚਾਰਟ ਨੂੰ ਫਾਲੋ ਕਰਦੇ ਹਨ। ਜੇਕਰ ਤੁਸੀਂ ਆਪਣਾ ਭਾਰ ਘੱਟ ਕਰਨਾ ਚਾਹੁੰਦੇ ਹੋ ਤਾਂ ਆਪਣੀ ਖੁਰਾਕ 'ਚ ਪਪੀਤੇ ਨੂੰ ਜ਼ਰੂਰ ਸ਼ਾਮਲ ਕਰੋ।

9. ਪਾਚਨ ਸ਼ਕਤੀ ਨੂੰ ਰੱਖਦਾ ਠੀਕ
ਪਾਚਨ ਤੰਤਰ ਲਈ ਪਪੀਤੇ ਨੂੰ ਸਭ ਤੋਂ ਵਧੀਆ ਆਪਸ਼ਨ ਮੰਨਿਆ ਜਾਂਦਾ ਹੈ। ਕਦੇ-ਕਦੇ ਅਸੀਂ ਜੰਕ ਫੂਡ ਜਾਂ ਤੇਲ ਵਾਲਾ ਖਾਣਾ ਖਾਣ ਨੂੰ ਮਜਬੂਰ ਹੁੰਦੇ ਹਾਂ ਤਾਂ ਅਜਿਹੇ 'ਚ ਰੋਜ਼ ਇੱਕ ਪਪੀਤਾ ਅਜਿਹੇ ਭੋਜਨ ਤੋਂ ਹੋਣ ਵਾਲੇ ਨੁਕਸਾਨ ਤੋਂ ਸਰੀਰ ਨੂੰ ਬਚਾਏ ਰੱਖਦਾ ਹੈ ਕਿਉਂਕਿ ਇਸ 'ਚ ਫਾਈਬਰ ਦੇ ਨਾਲ-ਨਾਲ ਪਪੈਨ ਨਾਂ ਦਾ ਇੱਕ ਐਨਜ਼ਾਈਮ ਪਾਇਆ ਜਾਂਦਾ ਹੈ, ਜੋ ਪਾਚਨ ਸ਼ਕਤੀ ਨੂੰ ਠੀਕ ਰੱਖਦਾ ਹੈ।

10. ਚਮੜੀ ਦੀਆਂ ਸਮੱਸਿਆਵਾਂ
ਪਪੀਤੇ ਨਾਲ ਤੁਹਾਡੀ ਸਕਿਨ ਚਮਕਦਾਰ ਬਣੀ ਰਹਿੰਦੀ ਹੈ ਅਤੇ ਝੁਰੜੀਆਂ ਨੂੰ ਦੂਰ ਕਰਦਾ ਹੈ। ਥੋੜ੍ਹਾ ਜਿਹਾ ਪਪੀਤਾ, ਇੱਕ ਚੱਮਚ ਸ਼ਹਿਦ ਅਤੇ ਗੁਲਾਬ ਜਲ ਨੂੰ ਮਿਕਸ ਕਰ ਕੇ ਪੇਸਟ ਤਿਆਰ ਕਰ ਲਓ। ਫਿਰ ਉਸ ਨੂੰ ਚਿਹਰੇ 'ਤੇ ਲਗਾਓ। ਸੁੱਕਣ ਤੋਂ ਬਾਅਦ ਤਾਜ਼ੇ ਪਾਣੀ ਨਾਲ ਚਿਹਰਾ ਧੋ ਲਵੋ। ਇਸ ਨਾਲ ਤੁਹਾਡੀ ਸਕਿਨ ਮੁਲਾਇਮ ਅਤੇ ਗਲੋਇੰਗ ਹੋ ਜਾਵੇਗੀ।

# ਸੂਗਰ ਦੇ ਰੋਗੀਆਂ ਲਈ ਲਾਭਦਾਇੱਕ 'ਖਰਬੂਜ਼ਾ', ਪਾਣੀ ਦੀ ਕਮੀ ਨੂੰ ਵੀ ਕਰੇ ਦੂਰ

ਜਲੰਧਰ : ਗਰਮੀਆਂ ਦਾ ਇੱਕ ਖਾਸ ਫਲ 'ਖਰਬੂਜਾ' ਹੈ। ਕਈ ਲੋਕ ਇਸ ਨੂੰ ਘੱਟ ਪੱਕਿਆ ਹੋਇਆ ਪਸੰਦ ਕਰਦੇ ਹਨ ਤਾਂ ਕੁਝ ਇਸ ਨੂੰ ਪੂਰਾ ਪਕਾ ਕੇ ਖਾਣਾ ਪਸੰਦ ਕਰਦੇ ਹਨ। ਸ਼ੁਰੂਆਤ 'ਚ ਇਹ ਹਰੇ ਰੰਗ ਦਾ ਹੁੰਦਾ ਹੈ ਪਰ ਪੱਕਣ ਤੋਂ ਬਾਅਦ ਇਹ ਪੀਲੇ/ਨਾਰੰਗ ਰੰਗ ਦਾ ਹੋ ਜਾਂਦਾ ਹੈ। ਖਰਬੂਜਾ ਕਈ ਤਰ੍ਹਾਂ ਦੇ ਵਿਟਾਮਿਨ ਅਤੇ ਖਣਿਜ ਨਾਲ ਭਰਪੂਰ ਹੁੰਦਾ ਹੈ ਪਰ ਸਭ ਤੋਂ ਖਾਸ ਗੱਲ ਇਹ ਹੈ ਕਿ ਇਸ 'ਚ 95 ਫੀਸਦੀ ਪਾਣੀ ਹੁੰਦਾ ਹੈ, ਜੋ ਗਰਮੀਆਂ ਦੇ ਲਿਹਾਜ਼ ਨਾਲ ਬਹੁਤ ਫਾਇਦੇਮੰਦ ਹੈ।



ਖਰਬੂਜਾ ਖਾਣ ਦੇ ਫਾਇਦੇ

1. ਪਾਣੀ ਦੀ ਕਮੀ ਨੂੰ ਕਰੇ ਦੂਰ
ਗਰਮੀਆਂ 'ਚ ਹਮੇਸ਼ਾ ਸਰੀਰ 'ਚ ਪਾਣੀ ਦੀ ਕਮੀ ਹੋ ਜਾਂਦੀ ਹੈ। ਅਜਿਹੇ 'ਚ ਖਰਬੂਜਾ ਖਾਣਾ ਬਹੁਤ ਫਾਇਦੇਮੰਦ ਸਾਬਤ ਹੁੰਦਾ ਹੈ। ਇਸ ਨਾਲ ਡੀ-ਹਾਈਡ੍ਰੇਸ਼ਨ ਨਹੀਂ ਹੁੰਦਾ ਹੈ।

2. ਛਾਤੀ ਦੀ ਜਲਣ ਨੂੰ ਕਰੇ ਦੂਰ
ਜੇਕਰ ਤੁਹਾਨੂੰ ਸੀਨੇ 'ਚ ਸੜਣ ਹੋ ਰਹੀ ਹੈ ਤਾਂ ਵੀ ਖਰਬੂਜਾ ਖਾਣਾ ਤੁਹਾਡੇ ਲਈ ਫਾਇਦੇਮੰਦ ਰਹੇਗਾ। ਸਿਹਤਮੰਦ ਕਿਡਨੀ ਲਈ ਵੀ ਵਿਸ਼ੇਸ਼ਕ ਖਰਬੂਜਾ ਖਾਣ ਦੀ ਸਲਾਹ ਦਿੰਦੇ ਹਨ।

3. ਚਮੜੀ 'ਚ ਲਿਆਏ ਨਿਖਾਰ
ਖਰਬੂਜੇ 'ਚ ਐਂਟੀਆਕਸੀਡੈਂਟ ਪਾਏ ਜਾਂਦੇ ਹਨ। ਇਸ ਤੋਂ ਇਲਾਵਾ

4. ਕੈਂਸਰ ਤੋਂ ਬਚਾਏ
ਖਰਬੂਜੇ 'ਚ ਕਈ ਅਜਿਹੇ ਤੱਤ ਮੌਜੂਦ ਹੁੰਦੇ ਹਨ, ਜੋ ਕੈਂਸਰ ਤੋਂ ਬਚਾਅ 'ਚ ਸਹਾਈ ਹੁੰਦੇ ਹਨ। ਇਸ ਤੋਂ ਇਲਾਵਾ ਇਹ ਲੂ ਤੋਂ ਵੀ ਸੁਰੱਖਿਅਤ ਰੱਖਣ 'ਚ ਮਦਦਗਾਰ ਹੁੰਦੇ ਹਨ।

5. ਭਾਰ ਘੱਟ ਕਰਦਾ ਹੈ ਖਰਬੂਜਾ
ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ ਤਾਂ ਵੀ ਇਹ ਫਲ ਬਹੁਤ ਕਾਰਗਾਰ ਸਾਬਤ ਹੋ ਸਕਦਾ ਹੈ। ਖਰਬੂਜੇ 'ਚ ਭਰਪੂਰ ਮਾਤਰਾ 'ਚ ਫਾਈਬਰਸ ਹੁੰਦੇ ਹਨ, ਜਿਸ ਨਾਲ ਪਾਚਨ ਕਿਰਿਆ ਨੂੰ ਕਾਫੀ ਫਾਇਦਾ ਹੁੰਦਾ ਹੈ।

6. ਡਾਇਬਟੀਜ਼ ਵਿੱਚ ਲਾਭਕਾਰੀ
ਖਰਬੂਜੇ ਦਾ ਸੇਵਨ ਕਰਨ ਨਾਲ ਡਾਇਬਟੀਜ਼ ਵਿੱਚ ਫ਼ਾਇਦਾ ਰਹਿੰਦਾ ਹੈ। ਇਹ ਖ਼ੂਨ ਸ਼ਰਕਰਾ ਦੇ ਪੱਧਰ ਨੂੰ ਨਿਯੰਤਰਿਤ ਕਰਦਾ ਹੈ ਅਤੇ ਡਾਇਬਟੀਜ਼ ਦੇ ਪੱਧਰ ਨੂੰ ਇੱਕੋ ਜਿਹੇ ਬਣਾਏ ਰੱਖਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ।

7. ਅੱਖਾਂ ਲਈ ਫਾਇਦੇਮੰਦ
ਖਰਬੂਜੇ ਵਿੱਚ ਵਿਟਾਮਿਨ-ਏ ਅਤੇ ਬੀਟਾ ਕੈਰੋਟੀਨ ਦੀ ਮਾਤਰਾ ਪਾਈ ਜਾਂਦੀ ਹੈ। ਇਸ ਦੀ ਮਦਦ ਨਾਲ ਅੱਖਾਂ ਨੂੰ ਤੰਦਰੁਸਤ ਰੱਖਣ ਵਿੱਚ ਮਦਦ ਮਿਲਦੀ ਹੈ। ਖਰਬੂਜੇ ਦੀ ਮਦਦ ਨਾਲ ਅੱਖਾਂ ਦੀ ਰੌਸ਼ਨੀ ਨੂੰ ਘੱਟ ਹੋਣ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਮੋਤੀਆਬਿੰਦ ਦੀ ਸਮੱਸਿਆ ਤੋਂ ਵੀ ਬਚਾਅ ਕਰਦਾ ਹੈ।

8. ਦਿਲ ਦੇ ਰੋਗ
ਦਿਲ ਦੇ ਰੋਗਾਂ ਤੋਂ ਪਰੇਸ਼ਾਨ ਲੋਕਾਂ ਲਈ ਖਰਬੂਜਾ ਇੱਕ ਚੰਗਾ ਫਲ ਸਾਬਤ ਹੋ ਸਕਦਾ ਹੈ। ਖਰਬੂਜੇ ਦੀ ਮਦਦ ਨਾਲ ਖ਼ੂਨ ਨੂੰ ਪਤਲਾ ਕੀਤਾ ਜਾ ਸਕਦਾ ਹੈ। ਜਿਸ ਦੇ ਨਾਲ ਦਿਲ ਵਿੱਚੋਂ ਖ਼ੂਨ ਦੇ ਵਹਾਅ ਦੀ ਰਫ਼ਤਾਰ ਨੂੰ ਤੇਜ਼ ਹੁੰਦਾ ਹੈ। ਉੱਥੇ ਹੀ ਖਰਬੂਜੇ ਨਾਲ ਹਿਰਦਾ ਸੱਟ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

9. ਕਬਜ਼
ਖਰਬੂਜੇ ਨਾਲ ਕਬਜ਼ ਵਰਗੀ ਸਮੱਸਿਆ ਤੋਂ ਵੀ ਨਿਜਾਤ ਪਾਈ ਜਾ ਸਕਦੀ ਹੈ।

# ਸਾਵਧਾਨ ! ਕੀ ਹੰਝੂਆਂ ਨਾਲ ਕੋਰੋਨਾ ਵਾਇਰਸ ਫੈਲ ਸਕਦਾ ਹੈ ? ਅੱਖਾਂ ਦਾ ਲਾਲ ਹੋਣਾ ਵੀ ਹੈ ਲੱਛਣ



ਨਵੀਂ ਦਿੱਲੀ - ਚੀਨ ਦੇ ਵੁਹਾਨ ਤੋਂ ਫੈਲੇ ਕੋਰੋਨਾਵਾਇਰਸ ਨੇ ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਵਿਸ਼ਵ ਦੇ ਬਹੁਤ ਸਾਰੇ ਵਿਗਿਆਨੀ ਇਸ ਲਾਗ ਨੂੰ ਰੋਕਣ ਲਈ ਸੰਘਰਸ਼ ਕਰ ਰਹੇ ਹਨ। ਜਿਸ ਤਰ੍ਹਾਂ ਇਹ ਤੇਜ਼ੀ ਨਾਲ ਫੈਲ ਰਿਹਾ ਹੈ, ਉਸੇ ਤਰਾਂ ਸਮੇਂ ਦੇ ਨਾਲ-ਨਾਲ ਇਸ ਦੇ ਨਵੇਂ ਲੱਛਣ ਵੀ ਸਾਹਮਣੇ ਆ ਰਹੇ ਹਨ। ਕੋਰੋਨਾ ਵਿਸ਼ਾਣੂ ਦਾ ਇਲਾਜ ਕਰਨ ਵਾਲੇ ਡਾਕਟਰਾਂ ਦਾ ਕਹਿਣਾ ਹੈ ਕਿ ਅੱਖਾਂ ਦਾ ਲਾਲ ਹੋਣਾ ਅਤੇ ਅੱਖਾਂ ਦੇ ਅੱਥਰੂ ਡਿੱਗਣਾ ਵੀ ਇਸ ਵਾਇਰਸ ਦੀ ਲਾਗ ਦਾ ਲੱਛਣ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ 95000 ਨਵੇਂ ਕੇਸ ਸਾਹਮਣੇ ਆਉਣ ਤੋਂ ਬਾਅਦ ਹੁਣ ਕੁਲ ਮਾਮਲੇ 21,81,000 ਤੋਂ ਵੱਧ ਹੋ ਗਏ ਹਨ ਅਤੇ ਕੁੱਲ ਮੌਤ ਦੀ ਗਿਣਤੀ ਹੁਣ 1,45,466 'ਤੇ ਪਹੁੰਚ ਗਈ ਹੈ।

**ਅੱਖਾਂ ਦਾ ਲਾਲ ਹੋਣਾ ਵੀ ਕੋਰੋਨਾ ਦਾ ਹੈ ਲੱਛਣ**
ਅਮੇਰਿਕਨ ਅਕੈਡਮੀ ਆਫ ਆਪਥਲਮੋਲਾਜੀ ਨੇ ਇੱਕ ਅਲਰਟ ਜਾਰੀ ਕਰਦਿਆਂ ਕਿਹਾ ਸੀ ਕਿ ਵਾਇਰਸ ਦੇ ਸੰਕਰਮਣ ਕਾਰਨ ਕੰਜੇਕਟਿਵਾਇਟਿਸ ਹੋ ਸਕਦਾ ਹੈ। ਇਸ ਵਿੱਚ ਅੱਖਾਂ ਵਿੱਚ ਜਲਣ ਦੇ ਨਾਲ-ਨਾਲ ਅੱਖਾਂ ਲਾਲ ਹੋ ਜਾਂਦੀਆਂ ਹਨ। ਵਾਸ਼ਿੰਗਟਨ ਦੇ ਕਿਰਕਲੈਂਡ ਵਿੱਚ ਕੋਰੋਨਾ ਦਾ ਇਲਾਜ ਕਰ ਰਹੀ ਚੇਲਸੀ ਅਰਨੇਸਟ ਨਰਸ ਦਾ ਕਹਿਣਾ ਹੈ ਕਿ ਕੋਰੋਨਾ ਨਾਲ ਸੰਕਰਮਿਤ ਲਗਭਗ ਵਿਅਕਤੀਆਂ ਦੀਆਂ ਅੱਖਾਂ ਲਾਲ ਹੋਣ ਦਾ ਲੱਛਣ ਦੇਖਿਆ ਗਿਆ ਹੈ।

**ਇਹ ਲੱਛਣਾਂ ਨਾਲ ਹੁੰਦਾ ਹੈ ਕੋਰੋਨਾ**
ਹਾਲਾਂਕਿ, ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਨੇ ਅੱਖਾਂ ਦਾ ਲਾਲ ਹੋਣਾ, ਕੋਰੋਨਾ ਵਾਇਰਸ ਨਾਲ ਸੰਕਰਮਿਤ ਹੋਣ ਦਾ ਸੰਕੇਤ ਨਹੀਂ ਦੱਸਿਆ ਹੈ। ਸੂਚੀ ਵਿੱਚ ਅਜਿਹੇ ਕਿਸੇ ਲੱਛਣ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਦਿਸ਼ਾ-ਨਿਰਦੇਸ਼ ਵਿੱਚ ਕਿਹਾ ਗਿਆ ਹੈ ਕਿ ਬੁਖਾਰ, ਕੱਫ ਅਤੇ ਸਾਹ ਲੈਣ ਸਮੇਂ ਤਕਲੀਫ ਕੋਰੋਨਾ ਵਾਇਰਸ ਦੀ ਲਾਗ ਦੇ ਲੱਛਣ ਹੋ ਸਕਦੇ ਹਨ। ਛਾਤੀ ਵਿੱਚ ਦਰਦ ਅਤੇ ਨੀਲੇ ਬੁੱਲ੍ਹ ਵੀ ਲਾਗ ਦਾ ਲੱਛਣ ਹੋ ਸਕਦੇ ਹਨ।

**38 ਮਰੀਜ਼ਾਂ 'ਤੇ ਕੀਤੀ ਗਈ ਖੋਜ**
ਅਮਰੀਕੀ ਮਾਹਰ ਨੇ ਜਾਣਕਾਰੀ ਦਿੱਤੀ ਹੈ ਕਿ ਪਿਛਲੇ ਕੁਝ ਦਿਨਾਂ ਵਿੱਚ ਚੀਨੀ ਖੋਜਕਰਤਾਵਾਂ ਦੁਆਰਾ ਕੀਤੀ ਗਈ ਤਾਜ਼ਾ ਖੋਜ ਵਿੱਚ, ਇਹ ਵੀ ਮੰਨਿਆ ਜਾਂਦਾ ਸੀ ਕਿ ਕੋਰੋਨਾ ਅੱਖਾਂ ਦੇ ਹੰਝੂਆਂ ਤੋਂ ਫੈਲ ਰਿਹਾ ਹੈ। ਇਹ ਖੋਜ ਕੋਰੋਨਾ ਵਾਇਰਸ ਦੇ 38 ਮਰੀਜ਼ਾਂ 'ਤੇ ਕੀਤੀ ਗਈ ਹੈ ਅਤੇ ਇਹ ਪਾਇਆ ਗਿਆ ਹੈ ਕਿ ਲਗਭਗ ਇੱਕ ਦਰਜਨ ਸੰਕਰਮਿਤ ਵਿਅਕਤੀਆਂ ਦੀਆਂ ਅੱਖਾਂ ਲਾਲ ਹੋ ਗਈਆਂ ਹਨ।

# ਅਨੀਮੀਆ ਦੀ ਸਮੱਸਿਆ ਦੂਰ ਕਰਦਾ ਹੈ 'ਜਲਜੀਰਾ', ਦਿਮਾਗ ਲਈ ਵੀ ਹੈ ਫਾਇਦੇਮੰਦ

ਜਲੰਧਰ - ਬਦਲ ਰਹੇ ਮੌਸਮ ਦੇ ਕਾਰਨ ਲੋਕਾਂ ਨੂੰ ਇਸ ਸਮੇਂ ਗਰਮੀ ਹੋਣ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ। ਗਰਮੀ ਤੋਂ ਰਾਹਤ ਪਾਉਣ ਦੇ ਲਈ ਲੋਕਾਂ ਨੇ ਠੰਢੀਆਂ ਚੀਜਾਂ ਜਿਵੇਂ ਸ਼ਕੰਜਵੀ, ਕੋਲਡ ਡਰਿੰਕ, ਸ਼ਰਬਤ ਆਦਿ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਗਰਮੀ ਤੋਂ ਬਚਣ ਦੇ ਲਈ ਜਲਜੀਰਾ ਪੀਣਾ ਸਿਹਤ ਲਈ ਬਹੁਤ ਲਾਭਕਾਰੀ ਹੁੰਦਾ ਹੈ। ਇਸ ਨਾਲ ਸਰੀਰ 'ਚ ਨਮੀ ਬਣੀ ਰਹਿੰਦੀ ਹੈ, ਜਿਸ ਨਾਲ ਗਰਮੀ ਦਾ ਅਸਰ ਘੱਟ ਹੁੰਦਾ ਹੈ। ਇਸ 'ਚ ਮੌਜੂਦ ਪੋਸ਼ਕ ਤੱਤ ਕਈ ਬੀਮਾਰੀਆਂ ਤੋਂ ਬਚਾਉਂਦੇ ਹਨ। ਜਲਜੀਰਾ ਪੀਣ ਨਾਲ ਸਰੀਰ ਦੀ ਇਮਊਨਟੀ ਵੱਧਦੀ ਹੈ, ਜਿਸ ਨਾਲ ਸਰਦੀ-ਖੰਘ ਤੋਂ ਬਚਾਅ ਰਹਿੰਦਾ ਹੈ। ਜਲਜੀਰਾ ਪੀਣ ਨਾਲ ਮੈਟਾਬੌਲੀਜਮ ਦਰੁਸਤ ਰਹਿੰਦਾ ਹੈ, ਜਿਸ ਨਾਲ ਭਾਰ ਘਟਦਾ ਹੈ। ਅੱਜ ਅਸੀਂ ਤੁਹਾਨੂੰ ਜਲਜੀਰਾ ਬਣਾਉਣ ਦਾ ਤਰੀਕਾ ਅਤੇ ਇਸ ਨਾਲ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਬਾਰੇ...

ਜਲਜੀਰਾ ਬਣਾਉਣ ਦੀ ਵਿਧੀ
ਇੱਕ ਗਲਾਸ ਪਾਣੀ 'ਚ ਭੁੰਨਿਆ ਹੋਇਆ ਜੀਰਾ ਪਾਊਡਰ, ਅੰਬਚੂਰ ਪਾਊਡਰ, ਕਾਲਾ ਨਮਕ ਅਤੇ ਖੰਡ ਪਾ ਕੇ ਮਿਲਾਓ। ਇਸ 'ਚ ਪੁਦੀਨਾ ਅਤੇ ਹਰੇ ਧਨੀਏ ਦੇ ਪੱਤਿਆਂ ਨੂੰ ਪੀਸ ਕੇ ਮਿਲਾ ਲਓ। ਬਾਅਦ 'ਚ ਨਿੰਬੂ ਅਤੇ ਬਰਫ ਪਾ ਕੇ ਪੀਓ।

**ਜਲਜੀਰਾ ਪੀਣ ਦੇ ਫਾਇਦੇ...**

**1. ਅਨੀਮੀਆ ਦੀ ਕਮੀ**
ਜਲਜੀਰਾ ਪੀਣ ਨਾਲ ਅਨੀਮੀਆ ਦੀ ਸਮੱਸਿਆ ਦੂਰ ਹੁੰਦੀ ਹੈ। ਜੀਰੇ 'ਚ ਲੋਹ ਪਦਾਰਥ ਕਾਫੀ ਮੌਜੂਦ ਹੁੰਦੇ ਹਨ ਇਸ ਲਈ ਰੋਜ਼ਾਨਾ ਜਲਜੀਰਾ ਪੀਣ ਨਾਲ ਖ਼ੂਨ ਦੀ ਕਮੀ ਨਹੀਂ ਹੁੰਦੀ।

**2. ਸਰਦੀ-ਜ਼ੁਕਾਮ ਨੂੰ ਦੂਰ ਕਰੇ**
ਜਲਜੀਰਾ ਪੀਣ ਨਾਲ ਸਰੀਰ ਦੀ ਇਮਨਿਊਟੀ ਵਧਦੀ ਹੈ, ਜਿਸ ਨਾਲ ਸਰਦੀ-ਖੰਘ ਤੋਂ ਬਚਾਅ ਰਹਿੰਦਾ ਹੈ।

**3. ਊਰਜਾ ਮਿਲਦੀ ਹੈ**
ਇਸ 'ਚ ਵਿਟਾਮਿਨ ਸੀ ਹੁੰਦਾ ਹੈ, ਜਿਸ ਨਾਲ ਇਸ ਨੂੰ ਪੀਣ 'ਤੇ ਤੁਰੰਤ ਊਰਜਾ ਮਿਲਦੀ ਹੈ।

**4. ਭਾਰ ਘੱਟ ਕਰੇ**
ਜਲਜੀਰਾ ਪੀਣ ਨਾਲ ਭਾਰ ਘੱਟ ਹੁੰਦਾ ਹੈ। ਜਲਜੀਰੇ 'ਚ ਕੈਲੋਰੀ ਨਹੀਂ ਹੁੰਦੀ ਅਤੇ ਇਹ ਸਰੀਰ ਦੇ ਟਾਕਸਿੰਸ ਪਦਾਰਥਾਂ ਨੂੰ ਬਾਹਰ ਕੱਢਦਾ ਹੈ। ਇਸ ਨਾਲ ਸਾਡੇ ਸਰੀਰ ਦਾ ਭਾਰ ਘੱਟ ਹੁੰਦਾ ਹੈ।

**5. ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢੇ**
ਸਰੀਰ ਦੇ ਜ਼ਹਿਰੀਲੇ ਪਦਾਰਥ ਦੂਰ ਹੁੰਦੇ ਹਨ, ਜਿਸ ਨਾਲ ਸਕਿਨ ਦੀ ਚਮਕ ਵਧਦੀ ਹੈ।

**6. ਨਮੀ ਬਣਾਏ**
ਇਸ ਨੂੰ ਪੀਣ ਨਾਲ ਸਰੀਰ 'ਚ ਨਮੀ ਬਣੀ ਰਹਿੰਦੀ ਹੈ, ਜਿਸ ਨਾਲ ਗਰਮੀ ਦਾ ਅਸਰ ਘੱਟ ਜਾਂਦਾ ਹੈ।

**7. ਪਾਚਨ ਕਿਰਿਆ**
ਜਲਜੀਰੇ 'ਚ ਥਾਇਮਾਲ ਹੁੰਦਾ ਹੈ। ਇਸ ਨੂੰ ਪੀਣ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ ਅਤੇ ਕਬਜ਼ ਵੀ ਦੂਰ ਹੁੰਦੀ ਹੈ।

**8. ਗਰਭ ਅਵਸਥਾ 'ਚ ਫਾਇਦੇਮੰਦ**
ਜਲਜੀਰੇ 'ਚ ਆਇਰਨ ਅਤੇ ਕੈਲਸ਼ੀਅਮ ਦੀ ਮਾਤਰਾ ਵਧੇਰੇ ਪਾਈ ਜਾਂਦੀ ਹੈ। ਇਹ ਗਰਭਵਤੀ ਔਰਤਾਂ ਲਈ ਬਹੁਤ ਜ਼ਿਆਦਾ ਫਾਇਦੇਮੰਦ ਹੁੰਦਾ ਹੈ।

# ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ 'ਅੰਬ', ਦਿਮਾਗ ਨੂੰ ਵੀ ਕਰੇ ਤੇਜ਼

ਜਲੰਧਰ— ਜੇਕਰ ਗੱਲ ਗਰਮੀਆਂ 'ਚ ਮਿਲਣ ਵਾਲੇ ਫਲਾਂ ਦੀ ਕੀਤੀ ਜਾਵੇ ਤਾਂ ਇਸ ਦੇ ਲਈ ਅੰਬ ਸਭ ਤੋਂ ਪ੍ਰਮੁੱਖ ਹੈ। ਅੰਬ ਨੂੰ ਫਲਾਂ ਦਾ ਰਾਜਾ ਕਿਹਾ ਜਾਂਦਾ ਹੈ, ਜੋ ਗਰਮੀਆਂ ਦੇ ਮੌਸਮ 'ਚ ਮਿਲਦਾ ਹੈ। ਅੰਬ ਖਾਣ ਦਾ ਹਰ ਕੋਈ ਚਾਹਵਾਨ ਹੁੰਦਾ ਹੈ ਅਤੇ ਅੰਬ ਦਾ ਨਾਮ ਸੁਣਦਿਆਂ ਹੀ ਹਰ ਕਿਸੇ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਹੈ, ਕਿਉਂਕਿ ਅੰਬ ਦੇ ਸਵਾਦ ਦਾ ਹਰ ਕੋਈ ਦੀਵਾਨਾ ਹੁੰਦਾ ਹੈ। ਅੰਬ ਖਾਣ 'ਚ ਜਿੰਨਾ ਸੁਆਦ ਹੁੰਦਾ ਹੈ, ਉਨਾ ਹੀ ਇਹ ਸਿਹਤ ਲਈ ਵੀ ਫਾਇਦੇਮੰਦ ਹੈ। ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨਸ ਅਤੇ ਮਿਨਰਲਸ ਨਾਲ ਭਰਪੂਰ ਅੰਬ ਦਾ ਸੇਵਨ ਬਲੱਡ ਪ੍ਰੈਸ਼ਰ ਤੋਂ ਲੈ ਕੇ ਪੇਟ ਦੀਆਂ ਬੀਮਾਰੀਆਂ ਨੂੰ ਦੂਰ ਰੱਖਣ 'ਚ ਮਦਦ ਕਰਦਾ ਹੈ, ਇਸ ਲਈ ਸ਼ਾਇਦ ਇਸ ਨੂੰ ਫਲਾਂ ਦਾ ਰਾਜਾ ਕਿਹਾ ਜਾਂਦਾ ਹੈ। ਅੰਬ ਖਾਣ ਨਾਲ ਸਿਹਤ ਨੂੰ ਜ਼ਬਰਦਸਤ ਫਾਇਦੇ ਹੁੰਦੇ ਹਨ।



1. ਪੇਟ ਦੀਆਂ ਸਮੱਸਿਆਵਾਂ ਤੋਂ ਬਚਾਅ
ਗਰਮੀਆਂ 'ਚ ਕਬਜ਼, ਪੇਟ ਦੀ ਸੜਨ, ਦਸਤ ਵਰਗੀਆਂ ਬੀਮਾਰੀਆਂ ਦੇਖਣ ਨੂੰ ਮਿਲਦੀਆਂ ਹਨ ਪਰ ਅੰਬ ਦਾ ਸੇਵਨ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਦੂਰ ਰੱਖਣ 'ਚ ਮਦਦ ਕਰਦਾ ਹੈ।

2. ਐਨੀਮੀਆ
ਆਇਰਨ ਨਾਲ ਭਰਪੂਰ ਹੋਣ ਕਾਰਨ ਇਸ ਦਾ ਸੇਵਨ ਸਰੀਰ 'ਚ ਖ਼ੂਨ ਦੀ ਕਮੀ ਪੂਰੀ ਕਰਦਾ ਹੈ। ਉਥੇ ਹੀ ਰੋਜ਼ਾਨਾ ਇਸ ਦਾ ਸੇਵਨ ਬਲੱਡ ਸਰਕੁਲੇਸ਼ਨ ਨੂੰ ਵਧੀਆ ਬਣਾਉਣ 'ਚ ਵੀ ਮਦਦ ਕਰਦਾ ਹੈ।

3. ਹਾਈ ਬਲੱਡ ਪ੍ਰੈਸ਼ਰ
ਪੋਟਾਸ਼ੀਅਮ ਅਤੇ ਮੈਗਨੀਸ਼ੀਅਮ ਨਾਲ ਭਰਪੂਰ ਅੰਬ ਦਾ ਸੇਵਨ ਹਾਈ ਬਲੱਡ ਪ੍ਰੈਸ਼ਰ ਨੂੰ ਕੰਟੋਰਲ ਕਰਦਾ ਹੈ। ਜੇਕਰ ਤੁਸੀਂ ਵੀ ਬਲੱਡ ਪ੍ਰੈਸ਼ਰ ਦੇ ਮਰੀਜ਼ ਹੋ ਤਾਂ ਰੋਜ਼ਾਨਾ 1 ਕਟੋਰੀ ਅੰਬ ਜ਼ਰੂਰ ਖਾਓ।

4. ਦਿਮਾਗ ਕਰੇ ਤੇਜ਼
ਦਿਮਾਗ ਨੂੰ ਤੇਜ਼ ਕਰਨ ਦੇ ਲਈ ਅੰਬ ਦਾ ਫਲ ਬਹੁਤ ਕਾਰਗਰ ਉਪਾਅ ਹੈ, ਕਿਉਂਕਿ ਵਿਟਾਮਿਨ ਬੀ 6 ਭਰਪੂਰ ਮਾਤਰਾ 'ਚ ਹੁੰਦਾ ਹੈ।

5. ਐਸੀਡਿਟੀ 'ਚ ਰਾਹਤ
ਗਰਮ ਮਸਾਲੇਦਾਰ, ਤਲੀਆਂ ਹੋਈਆਂ ਚੀਜ਼ਾਂ ਅਤੇ ਜ਼ਿਆਦਾ ਤੇਲ ਵਾਲੇ ਭੋਜਨ ਖਾਣ ਕਾਰਨ ਗਰਮੀਆਂ 'ਚ ਅਕਸਰ ਐਸੀਡਿਟੀ ਦੀ ਸਮੱਸਿਆ ਹੋਣ ਲੱਗਦੀ ਹੈ। ਅਜਿਹੇ 'ਚ ਕੱਚਾ ਅੰਬ ਦਾ ਸੇਵਨ ਤੁਹਾਡੀ ਇਸ ਸਮੱਸਿਆ ਤੋਂ ਰਾਹਤ ਦਿਵਾਏਗਾ।

6. ਲੂ ਤੋਂ ਰਾਹਤ
ਇਸ ਮੌਸਮ 'ਚ ਚੱਲਣ ਵਾਲੀਆਂ ਸਰਦ ਹਵਾਵਾਂ ਕਾਰਨ ਲੂ ਦਾ ਖਤਰਾ ਵੱਧ ਵੀ ਜਾਂਦਾ ਹੈ ਪਰ ਅੰਬ ਦਾ ਸੇਵਨ ਸਰੀਰ 'ਚ ਪਾਣੀ ਦੀ ਕਮੀ ਨੂੰ ਪੂਰਾ ਕਰਕੇ ਇਨ੍ਹਾਂ ਸਾਰੀਆਂ ਸਮੱਸਿਆਵਾਂ ਤੋਂ ਬਚਾਉਂਦਾ ਹੈ। ਲੂ ਤੋਂ ਬਚਣ ਲਈ ਤੁਸੀਂ ਮੈਂਗੋ ਸ਼ੇਕ ਨੂੰ ਵੀ ਆਪਣੀ ਡਾਈਟ 'ਚ ਸ਼ਾਮਲ ਕਰ ਸਕਦੇ ਹੋ।

7. ਭਾਰ ਵਧਾਏ
ਪਤਲੇ ਲੋਕਾਂ ਲਈ ਅੰਬ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਦਰਅਸਲ ਇਸ 'ਚ ਕੈਲੋਰੀ ਅਤੇ ਸਟਾਰਚ ਭਰਪੂਰ ਮਾਤਰਾ 'ਚ ਹੁੰਦਾ ਹੈ, ਜਿਸ ਨਾਲ ਭਾਰ ਵਧਾਉਣ 'ਚ ਮਦਦ ਮਿਲਦੀ ਹੈ। ਅਜਿਹੇ 'ਚ ਰੋਜ਼ਾਨਾ ਇੱਕ ਅੰਬ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ।

8. ਡਾਇਬਟੀਜ਼
ਡਇਬਟੀਜ਼ ਮਰੀਜ਼ਾਂ ਨੂੰ ਲੱਗਦਾ ਹੈ ਕਿ ਮਿੱਠਾ ਹੋਣ ਕਾਰਨ ਉਹ ਇਸ ਦਾ ਸੇਵਨ ਨਹੀਂ ਕਰ ਸਕਦੇ ਪਰ ਇਹ ਪੂਰੀ ਤਰ੍ਹਾਂ ਗਲਤ ਹੈ। ਉਥੇ ਹੀ ਇਸ ਦੇ ਪੱਤੇ ਵੀ ਡਾਇਬਟੀਜ਼ ਰੋਗੀਆਂ ਲਈ ਬੇਹੱਦ ਫਾਇਦੇਮੰਦ ਹਨ।

9. ਅੱਖਾਂ ਦੇ ਰੋਗ ਕਰੇ ਦੂਰ
ਰਤੌਂਦੀ 'ਚ ਅੱਖਾਂ 'ਚ ਡਰਾਈਨੈੱਸ ਤੋਂ ਰਾਹਤ ਪਾਉਣ ਲਈ ਰੋਜ਼ਾਨਾ ਮੈਂਗੋ ਜੂਸ ਪੀਣਾ ਚਾਹੀਦਾ ਹੈ। ਇਹ ਅੱਖਾਂ ਦੀ ਰੌਸ਼ਨੀ ਵਧਾਉਣ 'ਚ ਮਦਦ ਕਰਦਾ ਹੈ।

10. ਕੈਂਸਰ ਤੋਂ ਬਚਾਅ
ਅੰਬ 'ਚ ਮੌਜੂਦ ਐਂਟੀਆਕਸੀਡੈਂਟ ਕੋਲੋਨ, ਲਿਊਕੇਮੀਆ ਅਤੇ ਪ੍ਰੋਸਟੇਟ ਕੈਂਸਰ ਤੋਂ ਬਚਾਅ 'ਚ ਫਾਇਦੇਮੰਦ ਹੈ। ਇਸ 'ਚ ਕਿਊਰਸੇਟਿਨ, ਐਸਟ੍ਰਾਗਾਲਿਨ ਅਤੇ ਫਿਸੇਟਿਨ ਵਰਗੇ ਤੱਤ ਹੁੰਦੇ ਹਨ, ਜੋ ਸਰੀਰ 'ਚ ਕੈਂਸਰ ਸੈੱਲਸ ਨੂੰ ਵਧਾਉਣ ਤੋਂ ਰੋਕਦੇ ਹਨ।

# ਚਮੜੀ ਨੂੰ ਮੁਲਾਇਮ ਬਣਾਉਣ ਦਾ ਕੰਮ ਕਰਦਾ ਹੈ 'ਐਲੋਵੇਰਾ', ਅੱਖਾਂ ਦਾ ਕਾਲਾਪਨ ਵੀ ਕਰੇ ਦੂਰ



ਜਲੰਧਰ - ਗਰਮੀ ਦਾ ਮੌਸਮ ਸ਼ੁਰੂ ਹੋ ਗਿਆ ਹੈ। ਇਸ ਮੌਸਨ 'ਚ ਧੂੜ-ਪਸੀਨੇ ਅਤੇ ਗੰਦਗੀ ਦੇ ਕਾਰਨ ਚਮੜੀ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਲਈ ਐਲੋਵੇਰਾ ਦੀ ਵਰਤੋਂ ਕਰਨੀ ਚਾਹੀਦੀ ਹੈ। ਚਮੜੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਨ ਦੇ ਲਈ ਐਲੋਵੇਰਾ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਚਮੜੀ ਨੂੰ ਪੋਸ਼ਣ ਦੇਣ ਦੇ ਨਾਲ-ਨਾਲ ਇਸ ਨੂੰ ਪਹਿਲਾਂ ਤੋਂ ਵਧੇਰੇ ਜਵਾਨ ਵੀ ਬਣਾਉਂਦਾ ਹੈ। ਐਲੋਵੇਰਾ ਦੀ ਸੁਹੱਪਣ ਦੇ ਨਿਖਾਰ ਲਈ ਹਰਬਲ ਕਾਸਮੈਟਿਕਸ ਜਿਵੇਂ ਐਲੋਵੇਰਾ ਜੈੱਲ, ਸੋਪ, ਸ਼ੈਂਪੂ ਆਦਿ 'ਚ ਵੀ ਵਰਤੋਂ ਕੀਤੀ ਜਾਂਦੀ ਹੈ।

1. ਚਮੜੀ 'ਚ ਨਮੀ
ਐਲੋਵੇਰਾ ਦੇ ਗੁੱਦੇ ਨੂੰ ਚਮੜੀ 'ਤੇ ਲਗਾਉਣ ਨਾਲ ਚਮੜੀ 'ਚ ਨਮੀ ਵਧਦੀ ਹੈ। ਇਸ ਤਰ੍ਹਾਂ ਚਮੜੀ ਦਾ ਲਚਕੀਲਾਪਨ ਵਧਣ ਨਾਲ ਉਹ ਹੋਰ ਵੀ ਖ਼ੂਬਸੂਰਤ ਲੱਗਦੀ ਹੈ।

2. ਚਿਹਰੇ ਦੀ ਰੰਗਤ ਨਿਖਾਰੇ
ਐਲੋਵੇਰਾ ਦਾ ਰਸ ਚਮੜੀ ਦੇ ਅੰਦਰ ਤੱਕ ਸਮਾ ਕੇ ਇਸ ਦੀ ਰੰਗਤ ਨੂੰ ਨਿਖਾਰਦਾ ਹੈ।

3. ਝੁਲਸੀ ਚਮੜੀ ਨੂੰ ਠੰਡਕ ਪ੍ਰਦਾਨ ਕਰੇ
ਐਲੋਵੇਰਾ ਇੱਕ ਕੁਦਰਤੀ ਸਨਸਕ੍ਰੀਨ ਹੈ, ਜੋ ਗਰਮੀਆਂ 'ਚ ਝੁਲਸੀ ਚਮੜੀ ਨੂੰ ਠੰਡਕ ਪ੍ਰਦਾਨ ਕਰਦਾ ਹੈ ।

4. ਅੱਖਾਂ ਦਾ ਕਾਲਾਪਨ
ਹਰ ਰੋਜ਼ ਐਲੋਵੇਰਾ ਜੈੱਲ ਨੂੰ ਅੱਖਾਂ ਦੇ ਹੇਠਾਂ ਲਗਾਇਆ ਜਾਵੇ ਤਾਂ ਅੱਖਾਂ ਦਾ ਕਾਲਾਪਨ ਦੂਰ ਹੁੰਦਾ ਹੈ ।

5. ਚਮੜੀ ਨੂੰ ਮੁਲਾਇਮ ਬਣਾਵੇ
ਚਮੜੀ ਨੂੰ ਕਸਾਅਦਾਰ ਅਤੇ ਤੰਦਰੁਸਤ ਬਣਾਉਣ ਲਈ ਐਲੋਵੇਰਾ ਜੈੱਲ ਦੀ ਵਰਤੋਂ ਕਰਨੀ ਚਾਹੀਦੀ ਹੈ। ਐਲੋਵੇਰਾ ਜੈੱਲ 'ਚ ਵਿਟਾਮਿਨ-ਈ ਦਾ ਕੈਪਸੂਲ ਤੋੜ ਕੇ ਮਿਲਾ ਕੇ ਲਗਾਉਣ ਨਾਲ ਮਨਚਾਹੇ ਨਤੀਜੇ ਮਿਲਦੇ ਹਨ। ਇਸ ਨਾਲ ਚਮੜੀ ਮੁਲਾਇਮ ਹੋ ਜਾਂਦੀ ਹੈ।

6. ਚਮਕਦਾਰ ਚਮੜੀ
ਐਲੋਵੇਰਾ ਜੂਸ ਪੀਣ ਨਾਲ ਚਮੜੀ ਅੰਦਰੋਂ ਚਮਕਦਾਰ ਅਤੇ ਗੋਰੀ ਬਣਦੀ ਹੈ ਅਤੇ ਵਧਦੀ ਉਮਰ ਦੇ ਅਸਰ ਤੋਂ ਵੀ ਬਚੀ ਰਹਿੰਦੀ ਹੈ। ਸਾਧਾਰਨ ਚਮੜੀ 'ਚ ਨਿਖਾਰ ਲਿਆਉਣ ਲਈ 1 ਚੱਮਚ ਐਲੋਵੇਰਾ ਦੇ ਗੁੱਦੇ 'ਚ ਵੇਸਣ, ਦਹੀਂ ਅਤੇ ਸੰਤਰੇ ਦੇ ਛਿਲਕੇ ਦਾ ਪਾਊਡਰ ਮਿਲਾ ਸੰਘਣਾ ਲੇਪ ਬਣਾਓ। ਅੱਧੇ ਘੰਟੇ ਲਈ ਚਿਹਰੇ 'ਤੇ ਲਗਾਉਣ ਮਗਰੋਂ ਠੰਡੇ ਪਾਣੀ ਨਾਲ ਧੋਵੋ। ਹਫਤੇ 'ਚ 2 ਵਾਰ ਇਹ ਪੈਕ ਲਗਾਓ।

7. ਚਿਕਨਾਹਟ ਵਾਲੀ ਚਮੜੀ
ਚਿਕਨਾਹਟ ਵਾਲੀ ਚਮੜੀ ਹੋਣ ਦੀ ਸਥਿਤੀ 'ਚ ਐਲੋਵੇਰਾ ਦੀਆਂ ਪੱਤੀਆਂ ਨੂੰ ਥੋੜ੍ਹੀ ਦੇਰ ਉਬਾਲ ਲਵੋ ਅਤੇ ਪਾਣੀ 'ਚੋਂ ਕੱਢ ਕੇ ਠੰਡਾ ਹੋਣ ਦਿਓ । ਇਨ੍ਹਾਂ ਨੂੰ ਮਿਕਸਰ 'ਚ ਪਾ ਕੇ ਇਨ੍ਹਾਂ 'ਚ ਕੁਝ ਬੂੰਦਾਂ ਸ਼ਹਿਦ ਦੀਆਂ ਮਿਲਾ ਕੇ ਪੇਸਟ ਬਣਾ ਲਵੋ । ਇਸ ਪੈਕ ਨੂੰ 15 ਮਿੰਟ ਤੱਕ ਚਿਹਰੇ 'ਤੇ ਲਗਾਉਣ ਤੋਂ ਬਾਅਦ ਠੰਡੇ ਪਾਣੀ ਨਾਲ ਧੋ ਦਿਓ । ਇਸ ਪੈਕ ਨੂੰ ਹਫਤੇ 'ਚ ਦੋ ਵਾਰ ਲਗਾਓ।

# ਰੋਜ਼ਾਨਾ ਕਸਰਤ ਕਰਨ ਨਾਲ ਘੱਟ ਹੁੰਦੈ ਵਾਇਰਸ ਦਾ ਖਤਰਾ

ਵਾਸ਼ਿੰਗਟਨ- ਇੱਕ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਸਰਤ ਕਰਨ ਵਾਲੇ ਲੋਕਾਂ ਨੂੰ ਕੋਰੋਨਾਵਾਇਰਸ ਦਾ ਖਤਰਾ ਘੱਟ ਹੁੰਦਾ ਹੈ। ਖੋਜਕਾਰਾਂ ਨੇ ਦਾਅਵਾ ਕੀਤਾ ਹੈ ਕਿ ਰੋਜ਼ਾਨਾ ਕਸਰਤ ਕਰਨ ਵਾਲਿਆਂ ਨੂੰ ਐਕਿਊਟ ਰੈਸਪਿਰੇਟ੍ਰੀ ਡਿਜ਼ੀਸ ਸਿੰਡ੍ਰਾਮ ਦਾ ਘੱਟ ਖਤਰਾ ਹੁੰਦਾ ਹੈ, ਜੋ ਕੋਰੋਨਾਵਾਇਰਸ ਨਾਲ ਇਨਫੈਕਟਡ ਵਧੇਰੇ ਲੋਕਾਂ ਦੀ ਮੌਤ ਦਾ ਕਾਰਣ ਹੈ।





ਅਮਰੀਕਾ ਵਿੱਚ ਵਰਜੀਨੀਆ ਯੂਨੀਵਰਸਿਟੀ ਦੇ ਖੋਜਕਾਰਾਂ ਦਾ ਸੁਝਾਅ ਹੈ ਕਿ ਰੋਜ਼ਾਨਾ ਕਸਰਤ ਐਕਿਊਟ ਰੇਸਪਿਰੇਟ੍ਰੀ ਡਿਜ਼ੀਸ ਸਿੰਡ੍ਰਾਮ ਦੇ ਲਈ ਇੱਕ ਸੰਭਾਵਿਤ ਇਲਾਜ ਹੋ ਸਕਦਾ ਹੈ। ਜਨਰਲ ਰੈਡਾਕਸ ਬਾਇਓਲਾਜੀ ਵਿੱਚ ਪ੍ਰਕਾਸ਼ਿਤ ਅਧਿਐਨ ਦੀ ਸਮੀਖਿਆ ਤੋਂ ਪਤਾ ਲੱਗਿਆ ਕਿ ਅਜਿਹੀ ਸੰਭਾਵਨਾ ਹੈ ਕਿ ਕਸਰਤ ਏ.ਆਰ.ਡੀ.ਐਸ. ਦੀ ਗੰਭੀਰਤਾ ਨੂੰ ਰੋਕਿਆ ਜਾਂ ਘੱਟ ਕੀਤਾ ਜਾ ਸਕਦਾ ਹੈ, ਜੋ ਕੋਰੋਨਾਵਾਇਰਸ ਦੇ 3 ਤੋਂ 17 ਫੀਸਦੀ ਤੱਕ ਦੇ ਸਾਰੇ ਮਰੀਜ਼ਾਂ ਨੂੰ ਪ੍ਰਭਾਵਿਤ ਕਰਦਾ ਹੈ। ਖੋਜਕਾਰਾਂ ਨੇ ਕਿਹਾ ਕਿ ਅਮਰੀਕੀ ਸੇਂਟਰ ਫਾਰ ਡਿਜ਼ੀਸ ਕੰਟਰੋਲ ਐਂਡ ਪ੍ਰਿਵੈਂਸ਼ਨ ਦਾ ਅੰਦਾਜ਼ਾ ਹੈ ਕਿ ਕੋਰੋਨਾਵਾਇਰਸ ਦੇ ਲਈ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਦਾ 20 ਵਿੱਚੋਂ 42 ਫੀਸਦੀ ਐਕਿਊਟ ਰੈਸਪਿਰੇਟ੍ਰੀ ਡਿਜ਼ੀਸ ਸਿੰਡ੍ਰਾਮ ਵਿਕਸਿਤ ਹੁੰਦਾ ਹੈ। ਉਹਨਾਂ ਕਿਹਾ ਕਿ ਆਈ.ਸੀ.ਯੂ. ਵਿੱਚ ਦਾਖਲ ਮਰੀਜ਼ਾਂ ਦੀ ਗਿਣਤੀ 67 ਤੋਂ 85 ਫੀਸਦੀ ਹੈ। ਖੋਜਕਾਰਾਂ ਦੱਸਿਆ ਕਿ ਮਹਾਮਾਰੀ ਤੋਂ ਪਹਿਲਾਂ ਕੀਤੇ ਗਏ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਗੰਭੀਰ ਏ.ਆਰ.ਡੀ.ਐਸ. ਦੀ ਸਮੱਸਿਆ ਵਾਲੇ 45 ਫੀਸਦੀ ਰੋਗੀਆਂ ਦੀ ਮੌਤ ਹੋ ਜਾਂਦੀ ਹੈ।

ਯੂਨੀਵਰਸਿਟੀ ਆਫ ਵਰਜੀਨੀਆ ਸਕੂਲ ਆਫ ਮੈਡੀਸਿਨ ਦੇ ਜੇਨ ਯਾਨ ਨੇ ਕਿਹਾ ਕਿ ਫਿਲਹਾਲ ਅਸੀਂ ਜਿਉਂਦੇ ਰਹਿਣ ਲਈ ਜਾਂ ਤਾਂ ਸਮਾਜਿਕ ਦੂਰੀ ਜਾਂ ਵੈਂਟੀਲੇਟਰ 'ਤੇ ਨਿਰਭਰ ਹਾਂ। ਜਦਕਿ ਕਹਾਣੀ ਦਾ ਦੂਜਾ ਪਹਿਲੂ ਇਹ ਹੈ ਕਿ ਕੋਵਿਡ-19 ਹਲਕੇ ਲੱਛਣਾ ਵਾਲੇ ਤਕਰੀਬਨ 80 ਫੀਸਦੀ ਰੋਗੀਆਂ ਨੂੰ ਸਾਹ ਸਬੰਧੀ ਸਹਾਇਤਾ ਦੀ ਲੋੜ ਨਹੀਂ ਪੈਂਦੀ। ਯਾਨ ਨੇ ਕਿਹਾ ਕਿ ਸਾਡੀਆਂ ਮਾਸਪੇਸ਼ੀਆਂ ਸੁਭਾਵਿਕ ਰੂਪ ਨਾਲ ਸੁਪਰਆਕਸਾਈਡ ਡਿਸਮਿਊਟੇਜ ਬਣਾਉਂਦੀਆਂ ਹਨ, ਜੋ ਕਿ ਇੱਕ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਹੈ। ਇਹ ਹਾਨੀਕਾਰਕ ਕਣਾਂ ਦਾ ਸ਼ਿਕਾਰ ਕਰਦਾ ਹੈ ਤੇ ਬੀਮਾਰੀ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਸਰੀਰ ਵਿੱਚ ਇਸ ਦੀ ਮਾਤਰਾ ਰੋਜ਼ਾਨਾ ਕਸਰਤ ਨਾਲ ਵਧਾਈ ਜਾ ਸਕਦੀ ਹੈ।

ਯਾਨ ਦੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਐਂਟੀਆਕਸੀਡੈਂਟਸ ਵਿੱਚ ਕਮੀ ਕਈ ਬੀਮਾਰੀਆਂ ਦਾ ਕਾਰਣ ਬਣਦੀ ਹੈ, ਜਿਸ ਵਿੱਚ ਫੇਫੜਿਆਂ ਦੀ ਬੀਮਾਰੀ, ਦਿਲ ਸਬੰਧੀ ਰੋਗ ਤੇ ਗੁਰਦੇ ਦਾ ਖਰਾਬ ਹੋਣਾ ਸ਼ਾਮਲ ਹੈ। ਉਹਨਾਂ ਨੇ ਕਿਹਾ ਕਿ ਚੂਹਿਆਂ 'ਤੇ ਲੈਬ ਵਿੱਚ ਕੀਤੀ ਰਿਸਰਚ ਤੋਂ ਪਤਾ ਲੱਗਿਆ ਕਿ ਇਸ ਦੀ ਮਾਤਰਾ ਘੱਟ ਹੋਣ ਨਾਲ ਦਿਲ ਦੀਆਂ ਸਮੱਸਿਆਵਾਂ ਵਧ ਜਾਂਦੀਆਂ ਹਨ ਜਦਕਿ ਇਸ ਦੀ ਮਾਤਰਾ ਵਧਣਾ ਲਾਭਕਾਰੀ ਹੋ ਸਕਦਾ ਹੈ। ਰਿਸਰਚ ਤੋਂ ਪਤਾ ਲੱਗਿਆ ਕਿ ਕਸਰਤ ਦਾ ਇੱਕ ਵੀ ਸੈਸ਼ਨ ਐਂਟੀਆਕਸੀਡੈਂਟ ਦਾ ਉਤਪਾਦਨ ਵਧਾ ਸਕਦਾ ਹੈ। ਯਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜਿਕ ਦੂਰੀ ਬਣਾਏ ਰੱਖਦੇ ਹੋਏ ਕਸਰਤ ਕਰਦੇ ਰਹੋ। ਉਹਨਾਂ ਕਿਹਾ ਕਿ ਅਸੀਂ ਹਮੇਸ਼ਾ ਦੇ ਲਈ ਆਈਸੋਲੇਸ਼ਨ ਵਿੱਚ ਨਹੀਂ ਰਹਿ ਸਕਦੇ ਹਾਂ। ਰੋਜ਼ਾਨਾ ਕਸਰਤ ਨਾਲ ਸਾਡੇ ਸਰੀਰ ਨੂੰ ਹੋਰ ਵਧੇਰੇ ਫਾਇਦਾ ਹੋਵੇਗਾ।

# ਸਰਕਾਰੀ ਹਾਈ ਸਕੂਲ, ਅਮਾਮਗੜ੍ਹ ਵਿਖੇ ਹੋਇਆ ਸਨਮਾਨ ਸਮਾਰੋਹ

**ਮਲੇਰਕੋਟਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰੀ ਹਾਈ ਸਕੂਲ ਅਮਾਮਗੜ੍ਹ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਸ੍ਰੀਮਤੀ ਅਮਨਦੀਪ ਕੌਰ, ਸ਼੍ਰੀ ਅਰਵਿੰਦਰ ਸਿੰਘ ਡਿੰਪੀ ਅਤੇ ਸ. ਬਲਵਿੰਦਰ ਸਿੰਘ, ਰਿਟਾ. ਕਲਰਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਸ੍ਰੀ ਜਗਜੀਤ ਸਿੰਘ, ਉੱਘੇ ਸਮਾਜਸੇਵੀ, ਸ਼੍ਰੀ ਜਗਦੀਸ਼ ਸਿੰਘ, ਚੇਅਰਮੈਨ, ਸਕੂਲ ਮੈਨੇਜਮੈਂਟ ਕਮੇਟੀ ਅਤੇ ਸਕੂਲ ਹੈੱਡਮਾਸਟਰ, ਸਮੂਹ ਸਟਾਫ਼ ਮੌਜੂਦ ਸਨ। ਇਸ ਸਨਮਾਨ ਸਮਾਰੋਹ ਵਿੱਚ ਵਿਦਿਅਕ ਸੈਸ਼ਨ 2023-24 ਦੌਰਾਨ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਹ ਵਜ਼ੀਫ਼ਾ ਹਰ ਸਾਲ ਪਿੰਡ ਅਮਾਮਗੜ੍ਹ ਨਾਲ ਸਬੰਧ ਰੱਖਣ ਵਾਲੇ ਸ੍ਰੀਮਤੀ ਪੁਸ਼ਪਿੰਦਰ ਕੌਰ ਢੀਂਡਸਾ ਪਤਨੀ ਸ. ਜਤਿੰਦਰ ਸਿੰਘ ਢੀਂਡਸਾ (ਕੈਨੇਡਾ) ਵੱਲੋਂ ਆਪਣੇ ਪਿਤਾ ਜੀ ਸਵ. ਸ. ਕਰਨੈਲ ਸਿੰਘ ਜੀ ਦੀ ਯਾਦ ਵਿੱਚ ਦਸਵੀਂ ਦੀ ਬੋਰਡ ਪ੍ਰੀਖਿਆ ਵਿੱਚ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਅੱਠਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਲਈ ਸਮੂਹ ਸਟਾਫ਼ ਦੇ ਨਾਲ ਸ. ਬਲਵਿੰਦਰ ਸਿੰਘ, ਰਿਟਾ. ਕਲਰਕ, ਸ.ਹ.ਸ. ਅਮਾਮਗੜ੍ਹ ਵੱਲੋਂ ਵੱਡਾ ਯੋਗਦਾਨ ਪਾਇਆ ਗਿਆ। ਸੈਸ਼ਨ 2023-24 ਦੌਰਾਨ ਦਸਵੀਂ ਜਮਾਤ ਵਿੱਚ ਰਹਿਮਾਨ ਅਲੀ ਪੁੱਤਰ ਸ਼੍ਰੀ ਫ਼ਕੀਰ ਮੁਹੰਮਦ ਨੇ 570/650 (87.69%) ਅੰਕ ਪ੍ਰਾਪਤ ਕਰਕੇ ਪਹਿਲਾ, ਸਿਮਰਨਜੀਤ ਕੌਰ ਪੁੱਤਰੀ ਸ਼੍ਰੀ ਜਗਦੇਵ ਸਿੰਘ ਨੇ 544/650 (83.69%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਵਜੋਤ ਸਿੰਘ ਪੁੱਤਰ ਸ਼੍ਰੀ ਜਗਜੀਤ ਸਿੰਘ ਨੇ 505/650 (77.69%) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਮੈਰਿਟ ਸਰਟੀਫੀਕੇਟ ਦੇ ਨਾਲ ਵਜ਼ੀਫ਼ੇ ਦਿੱਤੇ ਗਏ। ਦਸਵੀਂ ਜਮਾਤ ਦੀ ਵਿਦਿਆਰਥਣ ਪਰਵੀਨ ਕੌਰ ਪੁੱਤਰੀ ਸ਼੍ਰੀ ਹਰਚਰਨ ਸਿੰਘ ਨੂੰ ਬਾਕਸਿੰਗ ਮੁਕਾਬਲੇ ਵਿੱਚ ਸਟੇਟ ਪੱਧਰ 'ਤੇ ਪਹਿਲਾ ਅਤੇ ਨੈਸ਼ਨਲ ਪੱਧਰ 'ਤੇ ਭਾਗ ਲੈਣ ਲਈ ਵਜ਼ੀਫ਼ਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਅੱਠਵੀਂ ਜਮਾਤ ਦੀ ਵਿਦਿਆਰਥਣ ਜੈਸਮੀਨ ਕੌਰ ਪੁੱਤਰੀ ਸ਼੍ਰੀ ਕੁਲਦੀਪ ਸਿੰਘ ਨੇ 559/600 (93.16%) ਅੰਕ ਪ੍ਰਾਪਤ ਕਰਕੇ ਪਹਿਲਾ, ਮਨਪ੍ਰੀਤ ਕੌਰ ਪੁੱਤਰੀ ਸ਼੍ਰੀ ਜਗਦੇਵ ਸਿੰਘ ਨੇ 555/600 (92.5%) ਅੰਕ ਪ੍ਰਾਪਤ ਕਰਕੇ ਦੂਜਾ ਅਤੇ ਖੁਸ਼ਪ੍ਰੀਤ ਕੌਰ ਪੁੱਤਰੀ ਸ੍ਰੀ ਕੁਲਜਿੰਦਰ ਸਿੰਘ ਨੇ 550/600 (91.67%) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਵੀ ਮੈਰਿਟ ਸਰਟੀਫਿਕੇਟ ਅਤੇ ਵਜ਼ੀਫ਼ਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਵਿੱਚ ਕੁੱਲ 16200/- ਰੁਪਏ ਵਜ਼ੀਫ਼ੇ ਦੇ ਤੌਰ 'ਤੇ ਵੰਡੇ ਗਏ। ਸਮਾਰੋਹ ਵਿੱਚ ਵਿਦਿਆਰਥੀਆਂ ਦੁਆਰਾ ਵੱਖ-ਵੱਖ ਸਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਕਲਚਰਲ ਪ੍ਰੋਗਰਾਮ ਤੋਂ ਖ਼ੁਸ਼ ਹੋ ਕੇ ਚੇਅਰਮੈਨ, ਸਕੂਲ ਮੈਨੇਜਮੈਂਟ ਕਮੇਟੀ ਦੁਆਰਾ ਸਾਰੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਸ੍ਰੀ ਜਗਜੀਤ ਸਿੰਘ, ਸਮਾਜਸੇਵੀ ਵੱਲੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਮਾਰੋਹ ਦੇ ਅੰਤ ਵਿੱਚ ਸ਼੍ਰੀ ਮੁਹੰਮਦ ਯਾਕੂਬ ਚੌਧਰੀ, ਸਕੂਲ ਹੈੱਡਮਾਸਟਰ ਦੁਆਰਾ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਜ਼ਿਆਦਾ ਲਗਨ ਅਤੇ ਮਿਹਨਤ ਨਾਲ ਪੜ੍ਹ ਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਆ

# ਵਿਕਾਸ ਲਈ ਅਕਾਲੀ ਦਲ ਨੂੰ ਯਾਦ ਕਰ ਰਹੇ ਡੇਰਾਬੱਸੀ ਦੇ ਲੋਕ : ਧਰਮਿੰਦਰ ਸ਼ਰਮਾ



**ਡੇਰਾ ਬਸੀ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਹਲਕੇ ਦੇ ਲੋਕ ਅੱਜ ਵੀ ਵਿਕਾਸ ਦੇ ਨਾਮ 'ਤੇ ਐਨ.ਕੇ. ਸ਼ਰਮਾ ਦੇ ਕਾਰਜਕਾਲ ਨੂੰ ਯਾਦ ਕਰ ਰਹੇ ਹਨ। ਇੱਥੋਂ ਦੇ ਲੋਕ ਪਿਛਲੇ ਸੱਤ ਸਾਲਾਂ ਤੋਂ ਵਿਕਾਸ ਪ੍ਰਾਜੈਕਟ ਬੰਦ ਹੋਣ ਕਾਰਨ ਪ੍ਰੇਸ਼ਾਨ ਹਨ। ਉਕਤ ਵਿਚਾਰ ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ. ਕੇ. ਸ਼ਰਮਾ ਦੇ ਭਰਾ ਧਰਮਿੰਦਰ ਸ਼ਰਮਾ ਨੇ ਅੱਜ ਡੇਰਾਬੱਸੀ ਦੇ ਸ਼ਕਤੀ ਨਗਰ, ਮੋਰਨੀ ਵਾਲਾ ਕੂਆਂ, ਬਰਵਾਲਾ ਰੋਡ ਸਮੇਤ ਸ਼ਹਿਰ ਦੇ ਕਈ ਵਾਰਡਾਂ ਅਤੇ ਕਲੋਨੀਆਂ ਵਿੱਚ ਚੋਣਾਵੀਂ ਜਨਸਭਾਵਾਂ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਮੌਕੇ ਰਾਮ ਧੀਮਾਨ, ਸ਼ੁਭਮ ਅੱਤਰੀ ਸਮੇਤ ਕਈ ਲੋਕਾਂ ਨੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਡੇਰਾਬੱਸੀ ਨਗਰ ਕੌਂਸਲ ਅੱਜ ਸਿਆਸਤ ਦਾ ਅਖਾੜਾ ਬਣ ਚੁੱਕੀ ਹੈ। ਇੱਥੇ ਵਿਕਾਸ ਦੇ ਨਾਮ @ਤੇ ਸਿਰਫ ਰਾਜਨੀਤੀ ਹੋ ਰਹੀ ਹੈ। ਵਿਧਾਇਕ ਦੇ ਰਿਸ਼ਤੇਦਾਰ ਜ਼ੀਰਕਪੁਰ, ਡੇਰਾਬੱਸੀ ਅਤੇ ਲਾਲੜੂ ਨਗਰ ਕੌਂਸਲਾਂ 'ਚ ਜੰਮੇ ਬੈਠੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਹ ਚੋਣ ਪ੍ਰਚਾਰ ਲਈ ਹਲਕੇ ਵਿੱਚ ਜਾਂਦੇ ਹਨ ਤਾਂ ਲੋਕ ਵਿਕਾਸ ਕਾਰਜਾਂ ਲਈ ਅਕਾਲੀ ਦਲ ਨੂੰ ਯਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਡੇਰਾਬੱਸੀ ਨੂੰ ਇਹ ਸਨਮਾਨ ਦਿੰਦਿਆਂ ਲੋਕ ਸਭਾ ਹਲਕੇ ਤੋਂ ਐਨ.ਕੇ. ਸ਼ਰਮਾ ਨੂੰ ਉਮੀਦਵਾਰ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਸ਼ਰਮਾ ਦੇ ਲੋਕ ਸਭਾ ਵਿੱਚ ਪਹੁੰਚਣ ਨਾਲ ਜਿੱਥੇ ਇਲਾਕੇ ਦਾ ਰੁਕਿਆ ਹੋਇਆ ਵਿਕਾਸ ਮੁੜ ਸ਼ੁਰੂ ਹੋਵੇਗਾ, ਉੱਥੇ ਹੀ ਕੇਂਦਰ ਦੀਆਂ ਸਕੀਮਾਂ ਦਾ ਲਾਭ ਵੀ ਮਿਲੇਗਾ। ਇਸ ਮੌਕੇ ਅਕਾਲੀ ਆਗੂ ਸੁਰੇਸ਼ ਸ਼ਾਰਦਾ, ਗੁਰਇਕਬਾਲ ਸਿੰਘ ਪੂਨੀਆ, ਸੁਖਵਿੰਦਰ ਸਿੰਘ, ਜਤਿੰਦਰ ਸਿੰਘ, ਦਵਿੰਦਰ ਕੌਰ ਸੰਧੂ, ਮਲਕੀਤ ਕੌਰ, ਕ੍ਰਿਸ਼ਨਾ ਧੀਮਾਨ, ਹਨੀ, ਤਰਨਬੀਰ ਸਿੰਘ ਪੂਨੀਆ ਸਮੇਤ ਕਈ ਸਥਾਨਕ ਆਗੂ ਹਾਜ਼ਰ ਸਨ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਵੱਧ ਖਰਚਣ ਵਾਲੇ ਉਮੀਦਵਾਰ ਦੀ ਉਮੀਦਵਾਰੀ ਹੋ ਸਕਦੀ ਹੈ ਰੱਦ-ਜਨਰਲ ਅਬਜ਼ਰਵਰ



**ਅੰਮ੍ਰਿਤਸਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਕਮਿਸਨ ਦੀਆਂ ਹਦਾਇਤਾਂ ਅਨੁਸਾਰ ਲੋਕਸਭਾ ਚੋਣਾਂ ਲੜ ਰਹੇ ਉਮੀਦਵਾਰ ਵੱਧ ਤੋਂ ਵੱਧ 95 ਲੱਖ ਰੁਪਏ ਖਰਚ ਕਰ ਸਕਦੇ ਹਨ ਤੋਂ ਵੱਧ ਰਾਸ਼ੀ ਖਰਚ ਕੀਤੇ ਜਾਣ ਦੀ ਸੂਰਤ ਵਿੱਚ ਜੇਤੂ ਉਮੀਦਵਾਰ ਦੀ ਉਮੀਦਵਾਰੀ ਵੀ ਰੱਦ ਕੀਤੀ ਜਾ ਸਕਦੀ ਹੈ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਅੰਮ੍ਰਿਤਸਰ ਲਈ ਨਿਯੁਕਤ ਕੀਤੇ ਗਏ ਚੋਣ ਨਿਗਰਾਨ ਜਨਰਲ ਸ੍ਰੀ ਰਾਧਾ ਬਿਨੋਦ ਸ਼ਰਮਾ ਨੇ ਚੋਣ ਲੜ ਰਹੇ ਉਮੀਦਵਾਰ ਅਤੇ ਉਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਉਨਾਂ ਚੋਣ ਲੜ ਰਹੇ ਉਮੀਦਵਾਰਾਂ ਨੂੰ ਕਿਹਾ ਕਿ ਉਹ ਖੁਲ੍ਹ ਕੇ ਆਪਣਾ ਪ੍ਰਚਾਰ ਕਰਨ ਪਰ ਇਸ ਦਾ ਵੇਰਵਾ ਜਿਲ੍ਹਾ ਪ੍ਰਸਾਸਨ ਨਾਲ ਸਾਂਝਾ ਕਰਦੇ ਰਹਿਣ। ਉਨਾਂ ਕਿਹਾ ਕਿ ਮੁੱਖ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਉਨਾਂ ਦੀ ਡਿਊਟੀ ਇਸ ਚੋਣ ਪ੍ਰਕ੍ਰਿਆ ਨੂੰ ਨੇਪਰੇ ਚਾੜ੍ਹਨ ਲਈ ਅੰਮ੍ਰਿਤਸਰ ਵਿਖੇ ਲਗਾਈ ਗਈ ਹੈ ਅਤੇ ਉਹ ਬਿਨਾਂ ਕਿਸੇ ਦਬਾਅ ਅਤੇ ਪੱਖਪਾਤ ਤੋਂ ਆਪਣੀ ਡਿਊਟੀ ਨੂੰ ਪੂਰਾ ਕਰਨਗੇ। ਉਨਾਂ ਸਮੂਹ ਉਮੀਦਵਾਰਾਂ ਨੂੰ ਕਿਹਾ ਕਿ ਉਨਾਂ ਲਈ ਸਾਰੇ ਉਮੀਦਵਾਰ ਬਰਾਬਰ ਹਨ ਅਤੇ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਸ਼ਿਕਾਇਤ ਹੈ ਤਾਂ ਉਹ 1950 ਟੋਲ ਫ੍ਰੀ ਨੰਬਰ ਜਾਂ ਸੀਵਿਜੀਲ ਐਪ ਜਾਂ ਨਿੱਜੀ ਤੌਰ ਤੇ ਸੰਪਰਕ ਕਰ ਸਕਦਾ ਹੈ।

ਉਨਾਂ ਕਿਹਾ ਕਿ ਕੋਈ ਵੀ ਰਾਜਨੀਤਿਕ ਪਾਰਟੀ ਜਾਂ ਉਸਦਾ ਉਮੀਦਵਾਰ ਕਿਸੇ ਦੂਸਰੀ ਰਾਜਨੀਤਿਕ ਪਾਰਟੀ ਜਾਂ ਉਮੀਦਵਾਰ ਦੇ ਪ੍ਰਚਾਰ, ਰੈਲੀ, ਜਲੂਸ ਵਿੱਚ ਵਿਘਨ ਨਹੀਂ ਪਾ ਸਕਦਾ। ਉਨਾਂ ਕਿਹਾ ਕਿ ਰੈਲੀ ਜਾਂ ਜਲੂਸ ਦੌਰਾਨ ਇਸ ਗੱਲ ਦਾ ਖਾਸਾ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਵਿਅਕਤੀ ਕੋਲ ਕੋਈ ਹਥਿਆਰ ਨਾ ਹੋਵੇ ਅਤੇ ਨਾ ਹੀ ਕੋਈ ਉਮੀਵਾਰ ਕਿਸੇ ਦੂਜੇ ਉਮੀਦਵਾਰ ਦੇ ਪ੍ਰਚਾਰ ਲਈ ਵਰਤੀ ਜਾਣ ਵਾਲੀ ਸਮੱਗਰੀ ਨੂੰ ਨੁਕਸਾਨ ਪਹੁੰਚਾਏ। ਜਨਰਲ ਅਬਜ਼ਰਵਰ ਨੇ ਕਿਹਾ ਕਿ ਕੋਈ ਵੀ ਉਮੀਦਵਾਰ ਕਿਸੇ ਤਰ੍ਹਾਂ ਦੀ ਰੈਲੀ ਜਾਂ ਪ੍ਰਚਾਰ ਰਾਤ ਦੇ 10:00 ਵਜੇ ਤੋਂ ਬਾਅਦ ਨਹੀਂ ਕਰੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਚੋਣ ਨਿਗਰਾਨ ਖਰਚਾ ਸ੍ਰੀ ਬਾਰੇ ਗਨੇਸ਼ ਸੁਧਾਕਰ ਨੇ ਕਿਹਾ ਕਿ ਚੋਣ ਖਰਚੇ ਤੇ ਨਜ਼ਰ ਰੱਖਣ ਲਈ ਪ੍ਰਸ਼ਾਸਨ ਵਲੋਂ ਟੀਮਾਂ ਗਠਿਤ ਕੀਤੀਆਂ ਗਈਆਂ ਹਨ। ਉਨਾਂ ਦੱਸਿਆ ਕਿ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਚੋਣ ਜਲਸਿਆਂ, ਰੈਲੀਆਂ ਤੇ ਨੁੱਕੜ ਮੀਟਿੰਗਾਂ ਦੀ ਵੀਡਿਓਗ੍ਰਾਫੀ ਵੀ ਕਰਵਾਈ ਜਾ ਰਹੀ ਹੈ। ਉਨਾਂ ਦੱਸਿਆ ਕਿ ਸ਼ੋਸ਼ਲ ਮੀਡੀਆ ਤੇ ਪ੍ਰਚਾਰ ਕਰਨ ਲਈ ਐਮ ਸੀ ਐਮ ਸੀ ਸੈਲ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ ਤਾਂ ਜੋ ਉਸਦਾ ਖਰਚਾ ਬੁੱਕ ਕੀਤਾ ਜਾ ਸਕੇ ਅਤੇ ਇਸ ਖਰਚੇ ਦਾ ਹਿਸਾਬ ਤੁਹਾਡੇ ਵਲੋਂ ਕੀਤੇ ਖਰਚੇ ਨਾਲ ਮਿਲਾਇਆ ਜਾਵੇਗਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਨੇ ਸਾਰੇ ਉਮੀਦਵਾਰਾਂ ਅਤੇ ਉਨਾਂ ਦੇ ਏਜੰਟਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਵਿਸਥਾਰ ਨਾਲ ਜਾਣੂੰ ਕਰਵਾਇਆ। ਇਸ ਮੌਕੇ ਡਿਪਟੀ ਕੰਟਰੋਲਰ ਵਿੱਤ ਤੇ ਲੇਖਾ ਮਨੂ ਸ਼ਰਮਾ, ਜਿਲ੍ਹਾ ਲੋਕ ਸੰਪਰਕ ਅਧਿਕਾਰੀ ਸ: ਸ਼ੇਰਜੰਗ ਸਿੰਘ ਹੁੰਦਲ ਅਤੇ ਸ਼ੋਸ਼ਲ ਮੀਡੀਆ ਮਾਹਰ ਸ੍ਰੀ ਸੌਰਵ ਸ਼ਰਮਾ ਨੇ ਉਮੀਦਵਾਰਾਂ ਨੂੰ ਮੀਡੀਆ ਸਬੰਧੀ ਦਿਸ਼ਾ ਨਿਰਦੇਸ਼ਾਂ ਤੋਂ ਜਾਣੂੰ ਕਰਵਾਇਆ।

# ਦਯਾਨੰਦ ਆਈ ਟੀ ਆਈ ਵਿੱਚ ਵੋਟਰ ਜਾਗਰੂਕਤਾ ਸੈਮੀਨਾਰ



**ਅੰਮ੍ਰਿਤਸਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਿਚ ਅੱਜ ਦਯਾਨੰਦ ਆਈ.ਟੀ.ਆਈ. ਵਿਖੇ ਵੋਟਰ ਜਾਗਰੂਕਤਾ ਸਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਮੌਕੇ ਬੋਲਦੇ ਹੋਏ ਵਿਧਾਨ ਸਭਾ ਅੰਮ੍ਰਿਤਸਰ ਕੇਂਦਰੀ ਦੇ ਨੋਡਲ ਅਫ਼ਸਰ ਸਵੀਪ ਸ.ਬਰਿੰਦਰਜੀਤ ਸਿੰਘ ਨੇ ਕਿਹਾ ਕਿ ਜਿਲ੍ਹਾ ਪ ?ਸ਼ਾਸਨ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨਾਂ ਨੂੰ ਅਗਾਮੀ ਲੋਕਸਭਾ ਚੋਣਾਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ।ਉਹਨਾਂ ਕਿਹਾ ਕਿ ਮੌਜੂਦਾ ਯੁਗ ਸੋਸ਼ਲ ਮੀਡੀਆ ਦਾ ਯੁਗ ਹੈ,ਇਸ ਲਈ ਲੋਕਾਂ ਨੂੰ ਜਿਲ੍ਹਾ ਪ੍ਰਸ਼ਾਸਨ ਵਲੋਂ ਬਣਾਏ ਗਏ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਵੱਧ ਤੋਂ ਵੱਧ ਲਾਈਕ ਅਤੇ ਸ਼ੇਅਰ ਕਰਨਾ ਚਾਹੀਦਾ ਹੈ।ਉਹਨਾਂ ਦੱਸਿਆ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪ੍ਰਤੀਸ਼ਤ ਪਾਰ' ਦਾ ਨਾਅਰਾ ਦਿੱਤਾ ਗਿਆ ਹੈ,ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ,ਤਾਂ ਜੋ ਜ਼ਿਲ੍ਹਾ ਅੰਮ੍ਰਿਤਸਰ ਵਿੱਚ 70 ਪ੍ਰਤੀਸ਼ਤ ਵੋਟਿੰਗ ਦੇ ਆਂਕੜੇ ਨੂੰ ਪਾਰ ਕੀਤਾ ਜਾ ਸਕੇ।ਉਹਨਾਂ ਕਿਹਾ ਕਿ ਸਾਰੇ ਵੋਟਰ 1 ਜੂਨ ਨੂੰ ਹੋਣ ਵਾਲੀਆਂ ਲੋਕਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ।

ਉਹਨਾਂ ਦੱਸਿਆ ਕਿ ਅੰਮ੍ਰਿਤਸਰ ਕੇਂਦਰੀ ਵਿਧਾਨਸਭਾ ਹਲਕੇ ਵਿੱਚ ਇਸ ਵਾਰ 10 ਮਾਡਲ ਪੋਲਿੰਗ ਬੂਥ,1 ਪਿੰਕ ਬੂਥ ਅਤੇ 1 ਗ੍ਰੀਨ ਪੋਲਿੰਗ ਬੂਥ ਬਣਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਪੋਲਿੰਗ ਬੂਥਾਂ ਨੂੰ ਬਣਾਉਣ ਦਾ ਮੁੱਖ ਮਕਸਦ ਵੋਟਰਾਂ ਵੋਟ ਪਾਉਣ ਲਈ ਉਤਸ਼ਾਹਿਤ ਕਰਨਾ ਹੈ।

# ਸਰਕਾਰੀ ਸਕੂਲ ਗੋਲ ਬਾਗ ਵਿਖੇ ਹੋਇਆ ਚੋਣ ਜਾਗਰੂਕਤਾ ਪ੍ਰੋਗਰਾਮ



**ਅੰਮ੍ਰਿਤਸਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਅੰਮ੍ਰਿਤਸਰ ਉੱਤਰੀ ਵਿਧਾਨਸਭਾ ਹਲਕੇ ਦੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਵਧੀਕ ਮੁੱਖ ਪ੍ਰਸ਼ਾਸਕ ਅੰਮ੍ਰਿਤਸਰ ਵਿਕਾਸ ਅਥਾਰਟੀ ਸ੍ਰੀ ਰਜਤ ਉਬਰਾਏ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੋਲ ਬਾਗ ਵਿਖੇ ਵੋਟਰ ਜਾਗਰੂਕਤਾ ਪੋ ?ਗਰਾਮ ਕਰਵਾਇਆ ਗਿਆ।ਇਸ ਮੌਕੇ ਮਹਾਨ ਕਵੀ ਸੁਰਜੀਤ ਪਾਤਰ ਜੀ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ।ਇਸ ਮੌਕੇ ਬੋਲਦੇ ਹੋਏ ਅੰਮ੍ਰਿਤਸਰ ਉੱਤਰੀ ਵਿਧਾਨਸਭਾ ਦੇ ਨੋਡਲ ਅਫ਼ਸਰ ਸਵੀਪ ਸ਼੍ਰੀ ਰਾਜਕੁਮਾਰ ਨੇ ਕਿਹਾ ਕਿ ਚੋਣ ਕਮਿਸ਼ਨ ਵਲੋਂ ਤਿਆਰ ਕੀਤੀਆਂ ਗਈਆਂ ਵੱਖ-ਵੱਖ ਮੋਬਾਈਲ ਐਪਲੀਕੇਸ਼ਨਾਂ ਜਿਵੇਂ ਵੋਟਰ ਹੈਲਪਲਾਈਨ ਐਪ,ਸਕਸ਼ਮ ਐਪ,ਕੇ.ਵਾਈ.ਸੀ.ਐਪ ਅਤੇ ਸੀ ਵਿਜਲ ਐਪਸ ਤਿਆਰ ਕੀਤੀਆਂ ਗਈਆਂ ਹਨ।ਉਹਨਾਂ ਦੱਸਿਆ ਕਿ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਇਸ ਵਾਰ ਚੋਣ ਕਮਿਸ਼ਨ ਵਲੋਂ ਕਈ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ,ਜਿਹਨਾਂ ਦੀ ਜਾਣਕਾਰੀ ਉਹਨਾਂ ਤੱਕ ਪੁੱਜਦਾ ਕੀਤੀ ਜਾ ਰਹੀ ਹੈ।ਇਸ ਮੌਕੇ ਕੁਇਜ਼ ਦਾ ਆਯੋਜਨ ਵੀ ਕੀਤਾ ਗਿਆ।ਵਿਦਿਆਰਥੀਆਂ ਵਲੋਂ ਦੇਸ਼ਭਗਤੀ ਦੇ ਗੀਤ, ਰੰਗੋਲੀ ਅਤੇ ਕੋਰੀਓਗ੍ਰਾਫੀ ਰਾਹੀਂ ਵੀ ਵੋਟ ਪਾਉਣ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਰਬਿੰਦਰ ਕੌਰ ਨੇ ਭਾਵੀ ਅਤੇ ਨਵੇਂ ਵੋਟਰਾਂ ਨੂੰ ਚੋਣ ਚੇਤਨਾ ਲਹਿਰ ਦਾ ਹਿੱਸਾ ਬਣਕੇ ਲੋਕਤੰਤਰ ਪ੍ਰਤੀ ਆਪਣਾ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸ੍ਰੀਮਤੀ ਮਨਦੀਪ ਕੌਰ,ਰੋਜ਼ੀ,ਜਸਪ੍ਰੀਤ ਕੌਰ ਅਤੇ ਲੈਕਚਰਾਰ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।ਪ੍ਰੋਗਰਾਮ ਅੰਤ ਵਿੱਚ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਚੋਣ ਕਮਿਸ਼ਨ ਦੀਆਂ ਟੋਪੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

# ਡਾ. ਸੁਭਾਸ਼ ਸ਼ਰਮਾ ਵਲੋਂ ਸ਼੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦੇ ਤੂਫ਼ਾਨੀ ਦੌਰੇ ਜਾਰੀ

**ਸ੍ਰੀ ਅਨੰਦਪੁਰ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀਯ ਜਨਤਾ ਪਾਰਟੀ ਦੇ ਉਮੀਦਵਾਰ ਡਾ ਸੁਭਾਸ਼ ਸ਼ਰਮਾ ਵਲੋਂ ਗੜ੍ਹਸ਼ੰਕਰ, ਬੰਗਾ, ਨਵਾਂਸ਼ਹਿਰ ਅਤੇ ਬਲਾਚੌਰ ਵਿਖੇ ਜਾਰੀ ਤੂਫ਼ਾਨੀ ਦੌਰਿਆਂ ਦੌਰਾਨ ਭਾਜਪਾ ਦੇ ਹੱਕ ਵਿਚ ਉਮੜ ਰਹੇ ਲੋਕਾਂ ਦੇ ਇਕੱਠ ਨੇ ਵਿਰੋਧੀ ਪਾਰਟੀਆਂ ਦੀ ਹਾਰ ਯਕੀਨੀ ਕਰ ਦਿਤੀ ਹੈ। ਪਿੰਡਾਂ ਅਤੇ ਕਸਬਿਆਂ ਵਿਚ ਚੋਣ ਮੀਟਿੰਗਾਂ ਦੌਰਾਨ ਲੋਕਾਂ ਦੇ ਮਿਲ ਰਹੇ ਭਰਪੂਰ ਸਮਰਥਨ ਅਤੇ ਪਿਆਰ ਨੂੰ ਸਜਦਾ ਕਰਦਿਆਂ ਡਾ ਸੁਭਾਸ਼ ਸ਼ਰਮਾ ਨੇ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਜਿੱਤਣ ਉਪਰੰਤ ਉਹ ਹਲਕੇ ਨੂੰ ਬਹੁ ਪੱਖੀ ਵਿਕਾਸ ਮੁਹੱਈਆ ਕਰਵਾਉਣਗੇ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਡਾ ਸੁਭਾਸ਼ ਸ਼ਰਮਾ ਨੇ ਕਿਹਾ ਕਿ ਦੇਸ਼ ਦੀ ਹਵਾ ਇੱਕ ਵਾਰ ਫਿਰ ਭਾਜਪਾ ਦੇ ਪੱਖ ਵਿੱਚ ਹੈ ਅਤੇ ਪੂਰਾ ਦੇਸ਼ ਤਰੱਕੀ ਅਤੇ ਵਿਕਾਸ ਦੇ ਹੱਕ ਵਿਚ ਵੋਟਾਂ ਭੁਗਤ ਰਿਹਾ ਹੈ।

ਭਰਵੀਂ ਲੋਕ ਇਕਤਰਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕਾਰਜਕਾਲ ਦੌਰਾਨ ਦੇਸ਼ ਨੂੰ ਵਿਸ਼ਵ ਪੱਧਰ ਤੇ ਇੱਕ ਵੱਡੇ ਮੁਕਾਮ ਤੇ ਪਹੁੰਚਾਇਆ ਹੈ। ਅੱਜ ਆਪਣੇ ਚੋਣ ਪ੍ਰਚਾਰ ਦੌਰਾਨ ਵੱਖ ਵੱਖ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਡਾ ਸ਼ਰਮਾ ਨੇ ਕਿਹਾ ਕਿ ਸ੍ਰੀ ਮੋਦੀ ਦੇ ਸ਼ਾਸਨ ਦੌਰਾਨ ਦੇਸ਼ ਵਿਰੋਧੀ ਤਾਕਤਾਂ ਨੂੰ ਨਕੇਲ ਪਈ ਹੈ।

ਉਨ੍ਹਾਂ ਕਿਹਾ ਕਿ ਅੱਜ ਵਿਰੋਧੀ ਧਿਰਾਂ ਵੀ ਕਬੂਲ ਕਰਦੀਆਂ ਹਨ ਕਿ ਨਰਿੰਦਰ ਮੋਦੀ ਨੇ ਵਿਰੋਧੀ ਦੇਸ਼ਾਂ ਦੇ ਹੌਂਸਲੇ ਪਸਤ ਕੀਤੇ ਹਨ।

ਉਹਨਾਂ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਆਪਣੀ ਉਪਲਬਧੀਆਂ ਜਾਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦੇ ਆਧਾਰ ਤੇ ਲੋਕਾਂ ਤੋਂ ਵੋਟਾਂ ਮੰਗਣੋ ਭੁੱਲ ਗਏ ਹਨ, ਜਦੋਂ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਿਰਫ ਅਤੇ ਸਿਰਫ ਮੋਦੀ ਵੱਲੋਂ ਚਲਾਈ ਜਾ ਰਹੀ ਸਫਲ ਯੋਜਨਾਵਾਂ ਦੇ ਆਧਾਰ ਤੇ ਲੋਕਾਂ ਤੋਂ ਵੋਟਾਂ ਦੀ ਅਪੀਲ ਕਰ ਰਹੇ ਹਨ। ਉਨਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਦੇ ਪਿਛੜਨ ਦਾ ਸਿਰਫ ਤੇ ਸਿਰਫ ਸਾਬਕਾ ਸੰਸਦ ਮੈਂਬਰਾਂ ਦੀ ਨਾਕਾਮ ਕਾਰਗੁਜ਼ਾਰੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਰੋਧੀ ਧਿਰਾਂ ਨੇ ਹਮੇਸ਼ਾ ਆਪਣੇ ਭਗੌੜੇ ਸੰਸਦ ਮੈਂਬਰ ਲੋਕਸਭਾ ਵਿਚ ਭੇਜੇ ਹਨ, ਜੋ ਕਿ ਆਪਣੀ ਹਾਰ ਤੋਂ ਡਰਦਿਆਂ ਆਪਣਾ ਹਲਕਾ ਛੱਡਣ ਨੂੰ ਮਜਬੂਰ ਸਨ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਬੀਤੀ ਕਾਂਗਰਸ ਅਤੇ ਅਕਾਲੀ ਸਰਕਾਰਾਂ ਵਾਂਗ ਕਰਜ਼ਾ ਚੁੱਕ ਕੇ ਸੂਬੇ ਨੂੰ ਕਰਜੇ ਹੇਠ ਦਬਾ ਰਹੀ ਹੈ। ਦਿੱਲੀ ਦੀ ਫੇਲ ਸਕੀਮਾਂ ਯੋਜਨਾਵਾਂ ਨੂੰ ਪੰਜਾਬ ਵਿਚ ਥੋਪ ਰਹੀ ਹੈ ਅਤੇ ਦਿੱਲੀ ਵਿਚ ਇੱਕ ਬੋਤਲ ਨਾਲ ਦੂਜੀ ਬੋਤਲ ਫਰੀ ਦੇਣ ਦੇ ਕਾਰਨ ਹੀ ਕੇਜਰੀਵਾਲ ਜੇਲ ਗਏ ਸਨ। ਉਨ੍ਹਾਂ ਕਿਹਾ ਕਿ ਸੰਵਿਧਾਨ ਮੁਤਾਬਿਕ ਚੌਣ ਲੜਨ ਅਤੇ ਪ੍ਰਚਾਰ ਕਾਰਨ ਦਾ ਸਾਰੀਆਂ ਨੂੰ ਹੱਕ ਹੈ ਪਰ ਭਾਜਪਾ ਤੋਂ ਘਬਰਾਈਆਂ ਹੋਇਆਂ ਵਿਰੋਧੀ ਪਾਰਟੀਆਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰਵਾਉਣ ਲਈ ਤਰਾਂ ਤਰਾਂ ਦੇ ਹਥਕੰਡੇ ਆਪਣਾ ਰਹੀਆਂ ਹਨ

# ਸਮਰਾਲਾ ਰੈਲੀ ਵਿੱਚ ਮਾਛੀਵਾੜਾ ਸਾਹਿਬ ਪੈਨਸ਼ਨਰਜ਼ 22 ਮਈ ਨੂੰ ਵੱਡੀ ਗਿਣਤੀ ਵਿੱਚ ਹੋਣਗੇ ਸ਼ਾਮਲ



**ਮਾਛੀਵਾੜਾ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ ਇਕਾਈ ਮਾਛੀਵਾੜਾ ਸਾਹਿਬ ਦੀ ਇੱਕ ਹੰਗਾਮੀ ਮੀਟਿੰਗ ਰਾਮ ਸਿੰਘ ਕਾਲੜਾ ਦੀ ਪ੍ਰਧਾਨਗੀ ਹੇਠ ਹੋਈ ,ਜਿਸ ਵਿੱਚ ਸਕੱਤਰ ਤਰਲੋਚਨ ਸਿੰਘ ਨੇ ਏਜੰਡਾ ਪੇਸ਼ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਹਿੰਦਰ ਸਿੰਘ, ਗੁਰਮੀਤ ਸਿੰਘ, ਬਖ਼ਸ਼ੀ ਰਾਮ, ਰਣਜੀਤ ਸਿੰਘ, ਕੁਲਵੰਤ ਸਿੰਘ, ਧਰਮ ਪਾਲ ਅਤੇ ਜਗਜੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨਾ ਮੰਨਣ ਤੇ ਜੰਮ ਕੇ ਅਲੋਚਨਾ ਕੀਤੀ ਅਤੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਜੇਕਰ ਸਰਕਾਰ ਨੇ ਸਾਡੀਆਂ ਜਾਇਜ਼ ਮੰਗਾਂ 1/1/2016 ਤੋਂ 30/6/2021 ਤੱਕ ਵਧੀ ਪੈਨਸ਼ਨ ਦਾ ਬਕਾਇਆ, ਮੈਡੀਕਲ ਭੱਤਾ 3000 ਰੁ.,2.59 ਦੇ ਗੁਣਾਂਕ ਨਾਲ ਪੈਨਸ਼ਨ ਸੋਧਨਾ, ਕੈਸ਼ਲੈੱਸ ਬੀਮਾ ਸਕੀਮ ਲਾਗੂ ਨਾ ਕੀਤੀ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੈਨਸ਼ਨਰ ਸਰਕਾਰ ਨੂੰ ਸਬਕ ਸਿਖਾਉਣਗੇ। ਸਕੱਤਰ ਤਰਲੋਚਨ ਸਿੰਘ ਅਤੇ ਪ੍ਰਧਾਨ ਰਾਮ ਸਿੰਘ ਕਾਲੜਾ ਨੇ ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਵਿੱਚ ਕਿਹਾ ਕਿ 22 ਮਈ ਨੂੰ ਸਮਰਾਲਾ ਵਿਖੇ ਪੈਨਸ਼ਨਰਾਂ ਅਤੇ ਹੋਰ ਭਰਾਤੀ ਜਥੇਬੰਦੀਆਂ ਵੱਲੋਂ ਹੋ ਰਹੀ ਸਾਂਝੀ ਰੈਲੀ ਵਿੱਚ ਮਾਛੀਵਾੜਾ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਪੈਨਸ਼ਨਰ ਸ਼ਾਮਲ ਹੋਣਗੇ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਗੁਰਦਿਆਲ ਸਿੰਘ,ਹਰੀ ਸਿੰਘ, ਹਰੀ ਰਾਮ, ਹਰਜਿੰਦਰ ਸਿੰਘ, ਗੁਰਮੀਤ ਸਿੰਘ ਮਾਜਰਾ, ਸੁਰਜੀਤ ਸਿੰਘ ਅਤੇ ਹੋਰ ਪੈਨਸ਼ਨਰ ਸਾਥੀ ਸ਼ਾਮਲ ਸਨ।

# ਸਿਖਿਆਰਥੀਆਂ ਨੂੰ ਆਤਮ ਨਿਰਭਰ ਕਰਨ ਲਈ ਅਤੇ ਕਾਰੋਬਾਰ ਚਲਾਉਣ ਲਈ ਵਿਸ਼ੇਸ਼ ਲੋਨ ਕੈਂਪ ਦਾ ਕੀਤਾ ਆਯੋਜਨ

**ਅੰਮ੍ਰਿਤਸਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਸਰਕਾਰੀ ਆਈ.ਟੀ.ਆਈ. ਰਣਜੀਤ ਐਵਨਿਊ ਅਤੇ ਦਇਆਨੰਦ ਆਈਟੀਆਈ ਅੰਮ੍ਰਿਤਸਰ ਵਿਖੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਜੀ ਦੇ ਹੁਕਮਾਂ ਅਨੁਸਾਰ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸਿਖਲਾਈ ਲੈ ਰਹੇ ਸਿਖਿਆਰਥੀਆਂ ਨੂੰ ਆਤਮ ਨਿਰਭਰ ਕਰਨ ਲਈ ਅਤੇ ਕਾਰੋਬਾਰ ਚਲਾਉਣ ਲਈ ਵਿਸ਼ੇਸ਼ ਲੋਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਕੈਂਪ ਦੇ ਵਿੱਚ ਇੰਡਸਟਰੀ ਡਿਪਾਰਟਮੈਂਟ ਤੋਂ ਜਨਰਲ ਮੈਨੇਜਰ ਮਿਸਟਰ ਟਾਂਡੀ ,ਫੰਕਸ਼ਨਲ ਮੈਨੇਜਰ ਮਿਸਟਰ ਗੁਰਇਕਬਾਲ ਸਿੰਘ, ਇੰਸਪੈਕਟਰ ਮਨਦੀਪ ਕੌਰ ਹਾਜ਼ਰ ਸਨ।

ਬੈਂਕ ਆਫ ਇੰਡੀਆ ਤੋਂ ਮਿਸਟਰ ਰਾਜਕੁਮਾਰ ਸ਼ਰਮਾ ਮੈਨੇਜਰ, ਮਿਸਟਰ ਰਿਸ਼ਬ, ਮਿਸਟਰ ਅਦਿਤਿਆ, ਮਿਸਟਰ ਸਾਹਿਬ, ਪੰਜਾਬ ਨੈਸ਼ਨਲ ਬੈਂਕ ਤੋਂ ਮਿਸਟਰ ਜੇਤਲੀ ਫੋਕਲ ਪੁਆਇੰਟ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਉਦੋਗਪਤੀ ਸੰਦੀਪ ਖੋਸਲਾ ,ਸਿੰਘ ਇੰਡਸਟਰੀ ਤੋਂ ਮਿਸਟਰ ਗੁਰਕਵਰ ਸਿੰਘ ,ਜੇਸੀ ਮੋਟਰਸ ਤੋਂ ਮੈਡਮ ਕ੍ਰਿਤਿਕਾ ਮੌਜੂਦ ਸਨ ♦ ਸਿਖਿਆਰਥੀਆਂ ਵੱਲੋਂ ਬਣਾਏ ਗਏ ਪ੍ਰੋਜੈਕਟਾਂ ਦੀ ਉਨਾਂ ਨੇ ਬਹੁਤ ਤਾਰੀਫ ਕੀਤੀ ਅਤੇ ਲੋਨ ਦੀਆਂ ਸਕੀਮਾਂ ਦਾ ਬਹੁਤ ਵਿਸਥਾਰ ਪੂਰਵਕ ਵਰਣਨ ਕੀਤਾ।

ਸੰਸਥਾ ਦੇ ਪ੍ਰਿੰਸੀਪਲ ਕੈਪਟਨ ਸੰਜੀਵ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਹਨਾਂ ਦੇ ਆਉਣ ਦਾ ਮੰਤਵ ਦੇ ਬਾਰੇ ਸਾਰੇ ਸਿੱਖਿਆਰਥੀਆਂ ਨੂੰ ਜਾਣੂ ਕਰਵਾਇਆ ਇਸ ਪ੍ਰੋਗਰਾਮ ਦੇ ਕਨਵੀਨਰ ਸ੍ਰੀ ਗੁਰਪ੍ਰੀਤ ਸਿੰਘ ਟਰੇਨਿੰਗ ਆਫਿਸਰ ਉਹਨਾਂ ਦੇ ਨਾਲ ਨਰਿੰਦਰ ਪਾਲ ਸਿੰਘ ਅਤੇ ਸਮੂਹ ਇੰਸਟਰਕਟਰਾਂ ਦੇ ਵੱਲੋਂ ਕੀਤੇ ਗਏ ਪਾਏ ਗਏ ਯੋਗਦਾਨ ਦੇ ਬਾਰੇ ਉਹਨਾਂ ਨੇ ਧੰਨਵਾਦ ਕੀਤਾ

ਇਸ ਪ੍ਰੋਗਰਾਮ ਤੋਂ ਬਾਅਦ ਸਿਖਿਆਰਥੀਆਂ ਨੇ ਦੱਸਿਆ ਕਿ ਇਹਨਾਂ ਸਾਰੀਆਂ ਸਕੀਮਾਂ ਦੇ ਨਾਲ ਉਹਨਾਂ ਨੂੰ ਬਹੁਤ ਜਾਣਕਾਰੀ ਮਿਲੀ ਹੈ ਅਤੇ ਉਹ ਇਹ ਕੋਰਸ ਕਰਨ ਤੋਂ ਬਾਅਦ ਆਪਣੇ ਆਪਣੇ ਰੁਜ਼ਗਾਰ ਨਵੇਂ ਸ਼ੁਰੂ ਕਰਨ ਗੇ ਤਾਂ ਕਿ ਇਸ ਰਾਜ ਨੂੰ ਖੁਸ਼ਹਾਲ ਬਣਾਇਆ ਜਾ ਸਕੇ ਅਤੇ ਆਪਣੇ ਮੁਲਕ ਦੇ ਵਿੱਚ ਰਹਿ ਕੇ ਹੀ ਰੋਜ਼ਗਾਰ ਸਥਾਪਿਤ ਕੀਤੇ ਜਾਣ।

# ਮਰਨ ਤੋਂ ਪਹਿਲਾਂ 'ਹੇ ਰਾਮ' ਕਹਿਣ ਵਾਲੇ ਗਾਂਧੀ ਨੂੰ ਮੰਨਦੀ ਹੈ ਕਾਂਗਰਸ: ਪ੍ਰਿਯੰਕਾ

ਰਾਏ ਬਰੇਲੀ, 20 ਮਈ (ਕੌਮੀ ਪੱਤ੍ਰਿਕਾ ਬਿਊਰੋ)- ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਪਾਰਟੀ ਉਸ ਮਹਾਤਮਾ ਗਾਂਧੀ ਦੇ ਆਦਰਸ਼ਾਂ 'ਤੇ ਚੱਲਦੀ ਹੈ ਜਿਨ੍ਹਾਂ ਮਰਨ ਤੋਂ ਪਹਿਲਾਂ 'ਹੇ ਰਾਮ' ਕਿਹਾ ਸੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ 'ਤੇ ਧਰਮ ਵਿਰੋਧੀ ਹੋਣ ਦਾ ਗਲਤ ਇਲਜ਼ਾਮ ਲਗਾ ਰਹੇ ਹਨ। ਉਨ੍ਹਾਂ ਇੱਥੇ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਉਹ ਸਾਡੇ 'ਤੇ ਹਿੰਦੂ ਧਰਮ ਵਿਰੋਧੀ ਹੋਣ ਦਾ ਦੋਸ਼ ਲਗਾ ਰਹੇ ਹਨ। ਅਸੀਂ ਮਹਾਤਮਾ ਗਾਂਧੀ ਦੇ ਆਦਰਸ਼ਾਂ ਦਾ ਪਾਲਣ ਕਰਦੇ ਹਾਂ ਜਿਨ੍ਹਾਂ ਮਰਨ ਤੋਂ ਪਹਿਲਾਂ ਹੇ ਰਾਮ ਕਿਹਾ ਸੀ।' ਉਨ੍ਹਾਂ ਦੋਸ਼ ਲਾਇਆ ਕਿ ਭਗਵਾ ਪਾਰਟੀ 'ਹਿੰਦੂ ਧਰਮ ਦਾ ਚੈਂਪੀਅਨ' ਹੋਣ ਦਾ ਦਾਅਵਾ ਕਰਦੀ ਹੈ ਪਰ ਉੱਤਰ ਪ੍ਰਦੇਸ਼ 'ਚ ਸਰਕਾਰੀ ਗਊਸ਼ਾਲਾਵਾਂ ਦੀ ਸਥਿਤੀ ਤਰਸਯੋਗ ਬਣੀ ਹੋਈ ਹੈ। ਉਨ੍ਹਾਂ ਕਿਹਾ, 'ਉਹ ਅਯੁੱਧਿਆ 'ਚ ਸਮਾਗਮ ਦਾ ਸੱਦਾ ਸਵੀਕਾਰ ਨਾ ਕਰਨ ਲਈ ਸਾਡੇ 'ਤੇ ਧਰਮ ਦੇ ਖ਼ਿਲਾਫ਼ ਹੋਣ ਦਾ ਦੋਸ਼ ਲਾਉਂਦੇ ਹਨ। ਜ਼ਰਾ ਯੂਪੀ 'ਚ ਗਊਸ਼ਾਲਾਵਾਂ ਦੀ ਹਾਲਤ ਦੇਖੋ ਜਿੱਥੇ ਇੱਕ ਵੀਡੀਓ 'ਚ ਕੁੱਤੇ ਮਰੀਆਂ ਹੋਈਆਂ ਗਊਆਂ ਦਾ ਮਾਸ ਨੋਚਦੇ ਦਿਖਾਈ ਦੇ ਰਹੇ ਹਨ।' ਉਨ੍ਹਾਂ ਕਿਹਾ ਕਿ ਛੱਤੀਸਗੜ੍ਹ 'ਚ ਕਾਂਗਰਸ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਪਾਰਟੀ ਨੇ ਗਊਸ਼ਾਲਾਵਾਂ ਦੀ ਹਾਲਤ ਸੁਧਾਰੀ ਸੀ ਅਤੇ ਗਾਵਾਂ ਦਾ ਗੋਹਾ ਖਰੀਦ ਕੇ ਗਊਸ਼ਾਲਾਵਾਂ ਚਲਾਉਣ ਵਾਲੇ ਗਰੁੱਪਾਂ ਦੀ ਮਦਦ ਕੀਤੀ ਸੀ।

# ਸਿਵਲ ਸਰਜਨ ਵਲੋਂ ਲੂੰ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਦੀ ਅਪੀਲ

**ਮੁਹਾਲੀ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਅਤੇ ਲੂੰ ਦੇ ਮੌਸਮ ਵਿੱਚ ਹੋਣ ਵਾਲੀਆਂ ਆਮ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ ਕਮਰਕੱਸ ਲਈ ਹੈ।

ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਅਤੇ ਲੂੰ ਦੇ ਮੌਸਮ ਵਿਚ ਸੰਭਾਵੀ ਸਿਹਤ ਖ਼ਤਰਿਆਂ ਨਾਲ ਨਜਿੱਠਣ ਲਈ ਢੁੱਕਵੇਂ ਪ੍ਰਬੰਧ ਪਹਿਲਾਂ ਹੀ ਕਰ ਲਏ ਸਨ ਤਾਂ ਜੋ ਪ੍ਰਭਾਵਿਤ ਲੋਕਾਂ ਲਈ ਤੁਰੰਤ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਹਸਪਤਾਲਾਂ ਵਿੱਚ ਗਰਮੀ ਨਾਲ ਸਬੰਧਤ ਸਿਹਤ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ ਬੈੱਡ ਰਾਖਵੇਂ ਰੱਖੇ ਗਏ ਹਨ। ਇਸ ਤੋਂ ਇਲਾਵਾ, ਮੈਡੀਕਲ ਅਫਸਰਾਂ ਦੀ ਅਜਿਹੇ ਕੇਸਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਨ ਲਈ ਸਮਰੱਥਾ ਨਿਰਮਾਣ ਵਿੱਚ ਵਾਧਾ ਕੀਤਾ ਗਿਆ ਹੈ। ਸਰਕਾਰੀ ਹਸਪਤਾਲਾਂ ਵਿੱਚ ਢੁੱਕਵੀਂ ਮਾਤਰਾ ਵਿੱਚ ਓ.ਆਰ.ਐਸ. ਪੈਕੇਟ ਦੀ ਸਪਲਾਈ ਸਮੇਤ ਲੋੜੀਂਦੀਆਂ ਦਵਾਈਆਂ ਉਪਲੱਬਧ ਹਨ।

ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ, ਗਰਭਵਤੀ ਔਰਤਾਂ, ਮੋਟਾਪੇ ਤੋਂ ਪੀੜਤ ਲੋਕਾਂ, ਬਿਰਧਾਂ, ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਵਧੇਰੇ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਗਰਮੀ ਤੋਂ ਬਚਣ ਲਈ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਧੁੱਪ ਵਿੱਚ ਨਾ ਨਿਕਲਿਆ ਜਾਵੇ, ਹਰ ਅੱਧੇ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਹਰ ਜਾਣ ਸਮੇਂ ਹਲਕੇ ਰੰਗ ਦੇ ਪੂਰੇ ਸਰੀਰ ਨੂੰ ਢਕਣ ਵਾਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ, ਆਪਣੇ ਸਿਰ ਨੂੰ ਸਿੱਧੀ ਧੁੱਪ ਤੋਂ ਢੱਕਣ ਲਈ ਛੱਤਰੀ, ਟੋਪੀ, ਤੌਲੀਏ ਜਾਂ ਦੁਪੱਟੇ ਦੀ ਵਰਤੋਂ ਕੀਤੀ ਜਾਵੇ ਅਤੇ ਨੰਗੇ ਪੈਰ ਧੁੱਪ ਵਿੱਚ ਨਾ ਜਾਇਆ ਜਾਵੇ। ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ, ਖਰਬੂਜਾ, ਸੰਤਰਾ, ਅੰਗੂਰ, ਖੀਰੇ, ਟਮਾਟਰ, ਘੀਆ ਤੇ ਤੋਰੀਆਂ ਦੀ ਵਰਤੋਂ ਵਧੇਰੇ ਕੀਤੀ ਜਾਵੇ ਕਿਉਂਕਿ ਇਨ੍ਹਾਂ ਵਿੱਚ ਪਾਣੀ ਦੀ ਮਾਤਰਾ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਸਰਤ ਹੌਲੀ ਹੌਲੀ ਸ਼ੁਰੂ ਕਰੋ ਅਤੇ ਹੌਲੀ ਹੌਲੀ ਵਧਾਓ ਤਾਂ ਕਿ ਸਰੀਰ ਦੇ ਤਾਪਮਾਨ ਦੇ ਅਨੁਕੂਲ ਹੋਵੇ। ਸਿਗਰਟ, ਤੰਬਾਕੂ, ਬੀੜੀ ਅਤੇ ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਚਾਹ, ਕੌਫੀ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ♦ ਤਲੇ, ਬਾਹਰਲੇ ਅਤੇ ਬਾਸੀ ਖਾਣੇ ਤੋਂ ਪ੍ਰਹੇਜ ਕੀਤਾ ਜਾਵੇ।

ਡਾ ਦਵਿੰਦਰ ਕੁਮਾਰ ਨੇ ਜ਼ਿਲ੍ਹਾ ਵਾਸੀਆਂ ਨੂੰ ਸਿਹਤ ਵਿਭਾਗ ਦੁਆਰਾ ਦੱਸੀਆਂ ਗਈਆਂ ਲੋੜੀਂਦੀਆਂ ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਗਰਮੀ ਲੱਗਣ ਦੇ ਖ਼ਦਸ਼ਿਆਂ ਦੇ ਚੱਲਦਿਆਂ ਤੇਜ਼ ਬੁਖਾਰ ਹੋਣ ਦੀ ਸੂਰਤ ਵਿੱਚ ਆਮ ਦਵਾਈਆਂ ਦਾ ਪ੍ਰਯੋਗ ਨਾ ਕੀਤਾ ਜਾਵੇ ਅਤੇ ਵਿਅਕਤੀ ਨੂੰ ਜਿੰਨੀ ਜਲਦੀ ਹੋ ਸਕੇ, ਨੇੜਲੇ ਹਸਪਤਾਲ ਲਿਜਾ ਕੇ ਮਾਹਰ ਡਾਕਟਰਾਂ ਕੋਲੋਂ ਉਚਿਤ ਇਲਾਜ ਸ਼ੁਰੂ ਕਰਵਾਇਆ ਜਾਵੇ।

# ਡਾ. ਅਮਰ ਸਿੰਘ ਦੇ ਹੱਕ ਵਿਚ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਵੱਖ-ਵੱਖ ਪਿੰਡਾਂ 'ਚ ਕੀਤਾ ਚੋਣ ਪ੍ਰਚਾਰ



**ਸਮਰਾਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸਮਰਾਲਾ ਦੇ ਪਿੰਡ ਢਿਲਵਾਂ, ਬਾਜ਼ੀਗਰ ਬਸਤੀ ਢਿਲਵਾਂ, ਦਿਵਾਲਾ, ਰੁਪਾ, ਬਗਲੀ ਖੁਰਦ, ਅਜਲੌਦ , ਚਾਵਾ ਅਤੇ ਹਰਬੰਸਪੁਰਾ ਆਦਿ ਪਿੰਡਾਂ ਵਿੱਚ ਪਹੁੰਚ ਕੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਲੋਕ ਸਭਾ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਅਮਰ ਸਿੰਘ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ। ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਪਿੰਡਾਂ ਵਿੱਚ ਹੋਏ ਭਰਮੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਅਮਰ ਸਿੰਘ ਇੱਕ ਪੜ੍ਹੇ ਲਿਖੇ ਉਮੀਦਵਾਰ ਸਾਨੂੰ ਮਿਲਿਆ ਹੈ ਜਿਹੜਾ ਸਾਡੇ ਹੱਕਾਂ ਦੀ ਗੱਲ ਭਾਰਤ ਦੀ ਲੋਕ ਸਭਾ ਵਿੱਚ ਉਠਾਵੇਗਾ ਉਹਨਾਂ ਡਾਕਟਰ ਅਮਰ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਉਹਨਾਂ ਨਾਲ ਬਲਾਕ ਸੰਮਤੀ ਸਮਰਾਲਾ ਦੇ ਚੇਅਰਮੈਨ ਅਜਮੇਰ ਸਿੰਘ ਪੂਰਬਾ, ਸੀਨੀਅਰ ਕਾਂਗਰਸੀ ਆਗੂ ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ,ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਤਿੰਦਰ ਸਿੰਘ ਜੋਗਾ ਬਲਾਲਾ, ਬਲਵਿੰਦਰ ਸਿੰਘ ਬੰਬ ਚੇਅਰਮੈਨ ਐਸ ਸੀ ਡਿਪਾਰਟਮੈਂਟ ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ, ਸਟੇਟ ਕੋਆਰਡੀਨੇਟਰ ਗੁਰਜੀਤ ਸਿੰਘ ਭੌਰਲਾ, ਜ਼ਿਲ੍ਹਾ ਉਪ ਚੇਅਰਮੈਨ ਸੁਰਮੁੱਖ ਸਿੰਘ ਹਰਬੰਸਪੁਰਾ , ਬਲਾਕ ਚੇਅਰਮੈਨ ਜਸਵਿੰਦਰ ਸਿੰਘ ਗੋਗੀ ਪਪੜੌਦੀ , ਪਰਮਿੰਦਰ ਸਿੰਘ ਗੋਲਡੀ ਪ੍ਰਧਾਨ ਯੂਥ ਕਾਂਗਰਸ ਹਲਕਾ ਸਮਰਾਲਾ ਰਣਜੀਤ ਸਿੰਘ ਢਿੱਲਵਾਂ ਪ੍ਰਧਾਨ ਨੰਬਰਦਾਰ ਯੂਨੀਅਨ ਸਮਰਾਲਾ, ਹਰਚੰਦ ਸਿੰਘ ਪੀ ਏ, ਗੁਰਮੁਖ ਸਿੰਘ ,ਜਤਿੰਦਰ ਸਿੰਘ ਜੋਤੀ ਕੇਸਰ ਸਿੰਘ ਹਰਬੰਸਪੁਰਾ ਦਵਿੰਦਰ ਸਿੰਘ ਰੂਪਾ ਤੋਂ ਇਲਾਵਾ ਵੱਖ ਵੱਖ ਪਿੰਡਾਂ ਦੇ ਸਰਪੰਚ ਪੰਚ ਤੇ ਕਾਂਗਰਸ ਪਾਰਟੀ ਦੇ ਵਰਕਰ ਸਾਹਿਬਾਨ ਆਦਿ ਹਾਜ਼ਰ ਸਨ।

*ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਕੱਢਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਬਜ਼ੀਆਂ ਦੀਆਂ ਨਵੀਆਂ ਕਿਸਮਾਂ ਈਜਾਦ ਕੀਤੀਆਂ ਗਈਆਂ ਹਨ। ਇਹ ਕਿਸਮਾਂ ਉਤਪਾਦਨ ਪੱਖੋਂ ਮਿਆਰੀ ਤੇ ਪੌਸ਼ਟਿਕ ਗੁਣਾਂ ਨਾਲ ਭਰਪੂਰ ਹਨ...*

# ਮੀਲ-ਪੱਥਰ ਸਾਬਤ ਹੋਣਗੀਆਂ ਸਬਜ਼ੀਆਂ ਦੀਆਂ ਨਵੀਆਂ ਕਿਸਮਾਂ

• ਡਾ. ਜਗਵਿੰਦਰ ਸਿੰਘ

ਮਨੁੱਖੀ ਸਿਹਤ ਲਈ ਸਬਜ਼ੀਆਂ ਦਾ ਮਹੱਤਵ ਪਿਛਲੇ ਕੁਝ ਸਾਲਾਂ ਤੋਂ ਉਭਰਵੇਂ ਰੂਪ 'ਚ ਸਾਹਮਣੇ ਆਇਆ ਹੈ। ਨਵੀਂ ਜੀਵਨ-ਸ਼ੈਲੀ ਕਾਰਨ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਦੇ ਹੱਲ ਲਈ ਮਾਹਿਰਾਂ ਨੇ ਸਬਜ਼ੀਆਂ ਨੂੰ ਖ਼ੁਰਾਕ ਦਾ ਹਿੱਸਾ ਬਣਾਉਣ 'ਤੇ ਬਲ ਦਿੱਤਾ ਹੈ। ਆਪਣੇ ਗੁਣਾਂ ਕਾਰਨ ਸਬਜ਼ੀਆਂ ਨੂੰ ਮੁਕੰਮਲ ਭੋਜਨ ਮੰਨਿਆ ਜਾਂਦਾ ਹੈ। ਕੁਝ ਸਾਲਾਂ ਤੋਂ ਪੰਜਾਬ ਦੇ ਖੇਤੀ-ਚੱਕਰ ਵਿਚ ਸਬਜ਼ੀਆਂ ਦੇ ਉਤਪਾਦਨ ਨੂੰ ਸ਼ਾਮਿਲ ਕਰਨ ਸਬੰਧੀ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਲਗਾਤਾਰ ਸਾਹਮਣੇ ਆਈਆਂ ਹਨ। ਇਸ ਦੇ ਫਲਸਰੂਪ ਪੰਜਾਬ ਵਿਚ ਸਬਜ਼ੀਆਂ ਹੇਠਲੇ ਰਕਬੇ 'ਚ ਵਾਧਾ ਹੋਇਆ ਹੈ। ਇਸ ਦੇ ਫਲਸਰੂਪ ਸਬਜ਼ੀਆਂ ਦੀ ਖੇਤੀ ਹੇਠ ਪੰਜਾਬ ਦੇ ਰਕਬੇ 'ਚ ਵਾਧਾ ਵੀ ਦਰਜ ਕੀਤਾ ਗਿਆ ਹੈ। 2000-2001 ਵਿਚ ਸਬਜ਼ੀਆਂ ਹੇਠ ਕੁੱਲ ਰਕਬਾ 1.10 ਲੱਖ ਹੈਕਟੇਅਰ ਸੀ, ਜੋ 2016-17 ਵਿਚ ਵਧ ਕੇ 2.43 ਲੱਖ ਹੈਕਟੇਅਰ ਹੋਇਆ।

ਸਬਜ਼ੀਆਂ ਦੀ ਪੈਦਾਵਾਰ ਵਿਚ ਵੀ ਇਸ ਵਾਧੇ ਨਾਲ ਤਬਦੀਲੀ ਦਰਜ ਹੋਈ। 2016-17 ਵਿਚ ਸਬਜ਼ੀਆਂ ਦਾ ਕੁੱਲ ਉਤਪਾਦਨ 48.21 ਲੱਖ ਟਨ ਸੀ, ਤਾਂ ਵੀ ਖੇਤੀ ਮਾਹਿਰ ਇਸ ਗੱਲ ਲਈ ਕੋਸ਼ਿਸ਼ ਕਰਦੇ ਰਹੇ ਹਨ ਕਿ ਸਬਜ਼ੀਆਂ ਦੀ ਖੇਤੀ ਨੂੰ ਨਵੀਂ ਵਿਕਸਿਤ ਖੋਜ ਤੇ ਤਕਨੀਕ ਨਾਲ ਜੋੜ ਕੇ ਐਸੀਆਂ ਕਿਸਮਾਂ ਪੈਦਾ ਕੀਤੀਆਂ ਜਾਣ ਜਿਨ੍ਹਾਂ ਨਾਲ ਕਿਸਾਨਾਂ ਦਾ ਮੁਨਾਫ਼ਾ ਹੋਰ ਵਧੇ। ਇਹ ਕਿਸਾਨ ਨੂੰ ਕਣਕ-ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਕੱਢਣ ਦੀਆਂ ਕੋਸ਼ਿਸ਼ਾਂ ਦੀ ਹੀ ਇਕ ਲੜੀ ਹੈ। ਇਹ ਕਿਸਮਾਂ ਪੰਜਾਬ ਵਿਚ ਸਬਜ਼ੀਆਂ ਦੀ ਖੇਤੀ ਨੂੰ ਨਵੇਂ ਰਸਤੇ 'ਤੇ ਤੋਰਨ ਵਾਲੀਆਂ ਹਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇਸੇ ਸਿਲਸਿਲੇ ਵਿਚ ਕੁਝ ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ। ਇਨ੍ਹਾਂ ਕਿਸਮਾਂ ਨੂੰ ਬੀਤੇ ਦਿਨੀਂ ਪ੍ਰਵਾਨਗੀ ਦੇਣ ਵਾਲੀ ਸੂਬਾ ਪੱਧਰੀ ਕਮੇਟੀ ਨੇ ਵੀ ਪ੍ਰਵਾਨ ਕਰ ਲਿਆ ਹੈ। ਪੀਏਯੂ ਨੇ ਕਿਸਾਨਾਂ ਨੂੰ ਇਨ੍ਹਾਂ ਕਿਸਮਾਂ ਦੀ ਬਿਜਾਈ ਲਈ ਸਿਫ਼ਾਰਸ਼ ਕਰਦਿਆਂ ਇਨ੍ਹਾਂ ਦੇ ਵਿਲੱਖਣ ਗੁਣਾਂ ਉਪਰ ਝਾਤ ਪੁਆਈ ਹੈ :



### ਪੀਏਯੂ ਮਗਜ਼ ਕੱਦੂ-1

*ਇਹ ਖਾਣ ਵਾਲੇ ਬੀਜਾਂ ਦੇ ਤੌਰ 'ਤੇ ਬੇਹੱਦ ਢੁਕਵੀਂ ਕਿਸਮ ਹੈ। ਇਸ ਦੀ ਵਰਤੋਂ ਮਗਜ਼ ਤੇ ਸਨੈਕਸ ਲਈ ਕੀਤੀ ਜਾ ਸਕਦੀ ਹੈ। ਬੀਜ ਛਿਲਕਾ ਰਹਿਤ ਹੁੰਦਾ ਹੈ, ਵੇਲਾਂ ਛੋਟੀਆਂ ਤੇ ਪੱਤੇ ਗੂੜ੍ਹੇ ਹਰੇ ਹੁੰਦੇ ਹਨ। ਫਲ ਦਰਮਿਆਨੇ ਗੋਲ ਤੇ ਪੱਕਣ ਤੋਂ ਬਾਅਦ ਪੀਲੇ ਹੋ ਜਾਂਦੇ ਹਨ। ਇਸ ਦੇ ਬੀਜਾਂ 'ਚ ਓਮੇਗਾ-6 ਦੀ ਔਸਤ ਮਾਤਰਾ 32 ਫ਼ੀਸਦੀ, ਪ੍ਰੋਟੀਨ 3 ਫ਼ੀਸਦੀ ਤੇ ਤੇਲ 27 ਫ਼ੀਸਦੀ ਹੁੰਦਾ ਹੈ। ਪ੍ਰਤੀ ਏਕੜ 2.9 ਕੁਇੰਟਲ ਬੀਜ ਇਸ ਕਿਸਮ ਤੋਂ ਮਿਲ ਸਕਦਾ ਹੈ।*

### ਕੁਫ਼ਰੀ ਗੰਗਾ

ਆਲੂਆਂ ਦੀ ਇਹ ਕਿਸਮ ਮੋਟੇ, ਚਿੱਟੀ ਛਿੱਲ ਵਾਲੇ, ਅੰਡਾਕਾਰ ਤੇ ਗੁੱਦੇ ਵਾਲੇ ਫਲਾਂ ਲਈ ਜਾਣੀ ਜਾਂਦੀ ਹੈ। ਔਸਤ ਝਾੜ 187 ਕੁਇੰਟਲ ਪ੍ਰਤੀ ਏਕੜ ਹੈ।

### ਪੰਜਾਬ ਖੀਰਾ-1



ਇਹ ਕਿਸਮ ਖੀਰਿਆਂ ਦੀਆਂ ਉੱਨਤ ਕਿਸਮਾਂ ਵਿੱਚੋਂ ਇਕ ਹੈ। ਇਸ ਦੀ ਖੇਤੀ ਲਈ ਪੌਲੀ ਹਾਊਸ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਸ ਕਿਸਮ ਦੇ ਫਲ ਗੂੜ੍ਹੇ ਹਰੇ, ਨਰਮ, ਕੁੜੱਤਣ ਤੇ ਬੀਜਾਂ ਤੋਂ ਰਹਿਤ ਅਤੇ ਦਰਮਿਆਨੇ ਆਕਾਰ ਦੇ ਹੁੰਦੇ ਹਨ। ਫਲ ਦਾ ਔਸਤ ਭਾਰ 125 ਗ੍ਰਾਮ ਹੁੰਦਾ ਹੈ। ਇਸ ਕਿਸਮ ਨੂੰ ਸਾਲ 'ਚ ਦੋ ਵਾਰ ਸਤੰਬਰ ਅਤੇ ਜਨਵਰੀ ਵਿਚ ਬੀਜਿਆ ਜਾ ਸਕਦਾ ਹੈ। ਸਤੰਬਰ ਵਿਚ ਬੀਜੀ ਫ਼ਸਲ ਦੀ ਪਹਿਲੀ ਤੁੜਾਈ 45 ਦਿਨ ਬਾਅਦ ਹੁੰਦੀ ਹੈ ਤੇ ਔਸਤ ਝਾੜ 304 ਕੁਇੰਟਲ ਪ੍ਰਤੀ ਏਕੜ ਰਹਿੰਦਾ ਹੈ। ਜਨਵਰੀ ਵਾਲੀ ਫ਼ਸਲ ਦੀ ਤੁੜਾਈ 60 ਦਿਨ ਬਾਅਦ ਹੁੰਦੀ ਹੈ ਤੇ ਔਸਤ ਝਾੜ 370 ਕੁਇੰਟਲ ਪ੍ਰਤੀ ਏਕੜ ਹੈ।



### ਪੰਜਾਬ ਸਵਰਨਾ

*ਟਮਾਟਰ ਦੀ ਇਹ ਕਿਸਮ ਬੀਜਣ ਤੋਂ 120 ਦਿਨ ਬਾਅਦ ਤਿਆਰ ਹੋ ਜਾਂਦੀ ਹੈ। ਇਸ ਦੇ ਫਲ ਗੁੱਛਿਆਂ ਵਿਚ ਲਗਦੇ ਹਨ ਤੇ ਹਰ ਗੁੱਛੇ 'ਚ ਔਸਤ 8-10 ਫਲ ਹੁੰਦੇ ਹਨ। ਇਸ ਕਿਸਮ ਦੇ ਫਲਾਂ 'ਚ ਔਸਤ ਟੀਐੱਸਐੱਸ 4 ਫ਼ੀਸਦੀ ਅਤੇ ਕੈਰੋਟੀਨ ਦੀ ਮਾਤਰਾ 14 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੁੰਦੀ ਹੈ। ਔਸਤ ਝਾੜ 166 ਕੁਇੰਟਲ ਤੋਂ 1087 ਕੁਇੰਟਲ ਪ੍ਰਤੀ ਏਕੜ ਤਕ ਗਿਣਿਆ ਜਾਂਦਾ ਹੈ।*

### ਪੰਜਾਬ ਰੌਣਕ

ਲੰਬੇ ਬੈਂਗਣਾਂ ਦੀ ਇਹ ਕਿਸਮ ਜਲਦੀ ਤਿਆਰ ਹੋਣ ਵਾਲੀ ਹੈ। ਇਸ ਕਿਸਮ ਦੇ ਪੱਤੇ ਹਰੇ, ਫਲ ਦਰਮਿਆਨੇ ਆਕਾਰ ਵਾਲੇ ਗੂੜ੍ਹੇ ਜਾਮਣੀ ਹੁੰਦੇ ਹਨ। ਔਸਤ ਝਾੜ 242 ਕੁਇੰਟਲ ਪ੍ਰਤੀ ਏਕੜ ਹੈ।

### ਪੰਜਾਬ ਟੀਂਡਾ-1

ਇਹ ਅਗੇਤੀ ਕਿਸਮ ਹੈ ਤੇ ਬਹਾਰ ਰੁੱਤ 'ਚ ਇਸ ਦੀ ਬਿਜਾਈ ਬਹੁਤ ਢੁਕਵੀਂ ਹੈ। ਇਸ ਕਿਸਮ ਦੇ ਫਲ ਗੋਲ, ਚਮਕੀਲੇ, ਨਰਮ ਤੇ ਚਿੱਟੇ ਗੁੱਦੇ ਵਾਲੇ ਹੁੰਦੇ ਹਨ। ਫਲ ਦਾ ਔਸਤ ਭਾਰ 60 ਗ੍ਰਾਮ ਹੁੰਦਾ ਹੈ। 72 ਕੁਇੰਟਲ ਪ੍ਰਤੀ ਏਕੜ ਝਾੜ ਦੇਣ ਵਾਲੀ ਇਹ ਕਿਸਮ ਬਿਜਾਈ ਤੋਂ 54 ਦਿਨ ਬਾਅਦ ਪਹਿਲੀ ਤੁੜਾਈ ਲਈ ਤਿਆਰ ਹੁੰਦੀ ਹੈ। •

83605-79037



# ਬਾਸਮਤੀ ਸੁਚੱਜੇ ਮੰਡੀਕਰਨ ਲਈ ਸੀਮਤ ਰੱਖੋ ਰਕਬਾ

ਬਾਸਮਤੀ ਦੀ ਕਾਸ਼ਤ ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਪੱਛਮੀ ਉੱਤਰ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਦੋ ਜ਼ਿਲ੍ਹਿਆਂ ਵਿਚ ਪ੍ਰਮੁੱਖਤਾ ਨਾਲ ਕੀਤੀ ਜਾਂਦੀ ਹੈ। ਚੌਲਾਂ ਦੀ ਸ਼੍ਰੇਣੀ ਵਿਚ ਇਸ ਨੂੰ 'ਮਹਾਰਾਣੀ' ਦਾ ਦਰਜਾ ਹਾਸਲ ਹੈ। 2017-18 ਦੌਰਾਨ ਭਾਰਤ ਵਿੱਚੋਂ ਲਗਪਗ 40.52 ਲੱਖ ਮੀਟਰਿਕ ਟਨ ਬਾਸਮਤੀ ਐਕਸਪੋਰਟ ਕੀਤੀ ਗਈ, ਜਿਸ ਤੋਂ 26,841 ਕਰੋੜ ਰੁਪਏ ਦੀ ਆਮਦਨ ਹੋਈ। ਪਿਛਲੇ ਸਾਲ ਦੇ ਮੁਕਾਬਲੇ 2017-18 ਦੌਰਾਨ ਬਾਸਮਤੀ ਦੇ ਭਾਅ ਵਿਚ 35-40 ਫ਼ੀਸਦੀ ਦੀ ਤੇਜ਼ੀ ਰਹੀ। ਇਹ ਆਉਣ ਵਾਲੇ ਸੀਜ਼ਨ ਲਈ ਸ਼ੁੱਭ ਸੰਕੇਤ ਮੰਨਿਆ ਜਾ ਰਿਹਾ ਹੈ।

## ਫ਼ਸਲ ਦੀ ਭਰਮਾਰ, ਕੀਮਤ 'ਚ ਗਿਰਾਵਟ

ਬਾਸਮਤੀ ਦੀ ਕੀਮਤ ਵਿਚ ਹੋਏ ਵਾਧੇ ਦਾ ਕਾਰਨ ਬਾਸਮਤੀ ਦੀ ਕਾਸ਼ਤ ਅਧੀਨ ਪਿਛਲੇ ਦੋ ਸਾਲਾਂ ਦੌਰਾਨ ਰਕਬੇ ਦਾ ਘਟਣਾ ਵੀ ਹੈ। ਪੰਜਾਬ ਦੇ ਕਿਸਾਨ ਇਸ ਤੱਥ ਤੋਂ ਵੀ ਵਾਕਿਫ਼ ਹਨ ਕਿ ਪਿਛਲੇ ਕਈ ਸਾਲਾਂ ਦੌਰਾਨ ਬਾਸਮਤੀ ਦੇ ਭਾਅ 'ਚ ਕਾਫ਼ੀ ਉਤਰਾਅ-ਚੜ੍ਹਾਅ ਆਉਂਦੇ ਰਹੇ ਹਨ। ਜੇ ਪਿਛਲੇ ਕੁਝ ਸਾਲਾਂ ਦੇ ਮੰਡੀਕਰਨ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਜਦੋਂ ਵੀ ਬਾਸਮਤੀ ਦੀ ਕਾਸ਼ਤ ਅਧੀਨ ਰਕਬਾ ਘਟਿਆ ਹੈ ਤਾਂ ਕਿਸਾਨਾਂ ਨੂੰ ਇਸ ਦਾ ਵਧੀਆ ਮੁੱਲ ਮਿਲਿਆ ਹੈ। ਸਾਲ 2014-15 ਵਿਚ ਬਾਸਮਤੀ ਅਧੀਨ ਇਸ ਤੋਂ ਪਿਛਲੇ ਵਰ੍ਹੇ ਦੇ ਮੁਕਾਬਲੇ 55 ਫ਼ੀਸਦੀ ਵਧ ਕੇ 8.62 ਲੱਖ ਹੈਕਟੇਅਰ ਹੋ ਗਿਆ ਸੀ। ਜਿਸ ਕਾਰਨ ਮੰਡੀਆਂ 'ਚ ਬਾਸਮਤੀ ਦੀ ਭਰਮਾਰ ਹੋ ਗਈ ਤੇ ਦੇਸ਼ ਭਰ ਦੀਆਂ ਮੰਡੀਆਂ 'ਚ ਬਾਸਮਤੀ ਦੇ ਭਾਅ 'ਚ ਕਾਫ਼ੀ ਗਿਰਾਵਟ ਆ ਗਈ ਸੀ ਤੇ ਪੂਸਾ ਬਾਸਮਤੀ-1509 ਦਾ ਭਾਅ 900 ਤੋਂ 1100 ਰੁਪਏ ਪ੍ਰਤੀ ਕੁਇੰਟਲ ਰਹਿ ਗਿਆ ਸੀ। ਇਸ ਕਾਰਨ ਕਿਸਾਨਾਂ ਨੂੰ ਆਰਥਿਕ ਨੁਕਸਾਨ ਝੱਲਣਾ ਪਿਆ। ਮੰਦੀ ਦੀ ਇਸ ਸਥਿਤੀ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਦਖ਼ਲ ਦੇ ਕੇ ਪੰਜਾਬ ਤੇ ਹਰਿਆਣਾ ਦੀਆਂ ਖ਼ਰੀਦ ਏਜੰਸੀਆਂ ਨੂੰ ਪੂਸਾ ਬਾਸਮਤੀ-1509 ਨੂੰ ਪਰਮਲ ਝੋਨੇ ਦੇ ਭਾਅ (1450 ਰੁਪਏ/ਕੁਇੰਟਲ) 'ਤੇ ਖ਼ਰੀਦਣ ਲਈ ਕਿਹਾ। 2017 ਦੌਰਾਨ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਬਾਸਮਤੀ ਅਧੀਨ ਰਕਬੇ 'ਚ ਕ੍ਰਮਵਾਰ 8.7, 9.4 ਅਤੇ 3.91 ਫ਼ੀਸਦੀ ਦੀ ਗਿਰਾਵਟ ਆਈ ਤੇ ਪੂਰੇ ਮੁਲਕ ਵਿਚ ਇਹ ਗਿਰਾਵਟ 7.84 ਫ਼ੀਸਦੀ ਸੀ। ਰਕਬਾ ਘਟਣ ਕਾਰਨ ਕਿਸਾਨਾਂ ਨੂੰ ਬਾਸਮਤੀ ਦਾ ਚੰਗਾ ਭਾਅ ਮਿਲਿਆ। ਇਸ ਸਾਲ ਬਾਸਮਤੀ ਦਾ ਔਸਤ ਭਾਅ 2650 ਤੋਂ 3300 ਰੁਪਏ ਪ੍ਰਤੀ ਕੁਇੰਟਲ ਦੇ ਦਰਮਿਆਨ ਰਿਹਾ।

## ਕੌਮਾਂਤਰੀ ਮਾਪਦੰਡ

ਵਿਸ਼ਵ ਪੱਧਰ 'ਤੇ ਯੂਰਪੀਅਨ ਯੂਨੀਅਨ ਵੱਲੋਂ ਟ੍ਰਾਈਸਾਈਕਲਾਜ਼ੋਲ ਦਵਾਈ, ਜੋ ਕਿ ਭੁਰੜ (ਘੰਢੀ) ਰੋਗ ਦੀ ਰੋਕਥਾਮ ਲਈ ਵਰਤੀ ਜਾਂਦੀ ਹੈ, ਦੀ ਵੱਧ ਤੋਂ ਵੱਧ ਰਹਿੰਦ-ਖੂੰਹਦ ਦੀ ਹੱਦ 1.0 ਮਿਲੀਗ੍ਰਾਮ ਪ੍ਰਤੀ ਕਿੱਲੋ ਤੋਂ ਘਟਾ ਕੇ 0.01 ਮਿਲੀਗ੍ਰਾਮ ਪ੍ਰਤੀ ਕਿੱਲੋ ਕਰ ਦਿੱਤੀ ਗਈ ਹੈ। ਇਸ ਨਾਲ ਬਾਸਮਤੀ ਦੇ ਵਪਾਰ ਉੱਤੇ ਮਾੜਾ ਅਸਰ ਪੈ ਸਕਦਾ ਹੈ। ਯੂਰਪੀਅਨ ਯੂਨੀਅਨ ਵੱਲੋਂ ਵਿਰਾਸਤੀ ਬਾਸਮਤੀ ਕਿਸਮਾਂ ਦੀ ਹੀ ਮੰਗ ਹੈ। ਇਸ ਵਿਚ ਪੂਸਾ ਬਾਸਮਤੀ-1 ਤੇ ਪੂਸਾ-1401 (ਪੂਸਾ ਬਾਸਮਤੀ-6) ਕਿਸਮਾਂ ਪ੍ਰਮੁੱਖ ਹਨ। ਪੰਜਾਬ ਦੇ ਦੱਖਣੀ ਜ਼ਿਲ੍ਹਿਆਂ ਮਾਨਸਾ, ਸੰਗਰੂਰ, ਪਟਿਆਲਾ ਆਦਿ ਦੇ ਕੁਝ ਹਿੱਸਿਆਂ 'ਚ ਵੀ ਪੂਸਾ-1401 ਦੀ ਕਾਸ਼ਤ ਹੁੰਦੀ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕੀ ਭੁਰੜ ਰੋਗ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐੱਸਸੀ 200 ਮਿਲੀਲੀਟਰ ਦਵਾਈ ਨੂੰ 200 ਲੀਟਰ ਪਾਣੀ 'ਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ, ਜਦੋਂ ਬੂਟਿਆਂ ਨੇ ਪੂਰਾ ਜਾੜ ਮਾਰ ਲਿਆ ਹੋਵੇ ਅਤੇ ਫਿਰ ਸਿੱਟੇ ਨਿਕਲਣ ਵੇਲੇ ਛਿੜਕਾਅ ਕਰੋ। ਦਵਾਈ ਦਾ ਪਛੇਤਾ ਛਿੜਕਾਅ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਦਵਾਈ ਦੀ ਰਹਿੰਦ-ਖੂੰਹਦ ਦਾ ਕਾਰਨ ਬਣਦਾ ਹੈ।

ਪਰਮਲ ਝੋਨੇ ਤੋਂ ਪ੍ਰਾਪਤ ਹੋ ਰਿਹਾ ਮੁਨਾਫ਼ਾ, ਬਾਸਮਤੀ ਦੇ ਮੁਨਾਫ਼ੇ ਲਈ ਮਾਪਡੰਢ ਦਾ ਕੰਮ ਕਰਦਾ ਹੈ। ਜੇ ਬਾਸਮਤੀ ਦਾ ਘੱਟੋ-ਘੱਟ ਮੁੱਲ 2534 ਰੁਪਏ ਹੋਵੇਗਾ ਤਦ ਹੀ ਇਸ ਦੀ ਕਾਸ਼ਤ ਲਾਹੇਵੰਦ ਹੋ ਸਕਦੀ ਹੈ। ਬਾਸਮਤੀ ਤੇ ਪਰਮਲ ਝੋਨੇ ਅਧੀਨ ਰਕਬੇ 'ਚ ਤਬਦੀਲੀ ਇਸ ਤੋਂ ਪੈਦਾ ਹੋਣ ਵਾਲੀ ਆਮਦਨ ਦੇ ਵਕਫ਼ੇ ਨੂੰ ਘੱਟ ਕਰਦੀ ਹੈ। ਭਾਵੇਂ ਵਾਤਾਵਰਨ ਦੀ ਸਾਂਭ-ਸੰਭਾਲ ਦੇ ਮੱਦੇਨਜ਼ਰ ਬਾਸਮਤੀ ਦੀ ਕਾਸ਼ਤ ਪਰਮਲ ਝੋਨੇ ਨਾਲੋਂ ਲਾਹੇਵੰਦ ਹੈ ਪ੍ਰੰਤੂ ਬਾਸਮਤੀ ਦੀ ਕਾਸ਼ਤ ਅਧੀਨ ਰਕਬੇ 'ਚ ਇਹ ਵਾਧਾ ਹੌਲੀ-ਹੌਲੀ ਹੋਣਾ ਚਾਹੀਦਾ ਹੈ ਜੋ ਕਿ ਇਸ ਦੀ ਵੱਧਦੀ ਖਪਤ ਨਾਲ ਮੇਲ ਖਾਵੇ। •



### ਸੀਮਤ ਰਕਬਾ, ਸੁਚੱਜਾ ਮੰਡੀਕਰਨ

*ਪਿਛਲੇ ਸਾਲ ਬਾਸਮਤੀ ਦੇ ਭਾਅ 'ਚ ਤੇਜ਼ੀ ਨੂੰ ਦੇਖਦੇ ਹੋਏ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਸ ਸਾਲ ਬਾਸਮਤੀ ਅਧੀਨ ਰਕਬਾ ਵਧੇਗਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੌਰਾਨ ਬੀਜ ਦੀ ਵਿਕਰੀ ਤੋਂ ਵੀ ਅਜਿਹੇ ਸੰਕੇਤ ਮਿਲ ਰਹੇ ਹਨ। 2016 ਅਤੇ 2017 ਦੌਰਾਨ ਪਰਮਲ ਤੇ ਬਾਸਮਤੀ ਦੇ ਬੀਜ ਦੀ ਵਿਕਰੀ ਕ੍ਰਮਵਾਰ 81:19 ਤੇ 83:17 ਦੇ ਅਨੁਪਾਤ ਵਿਚ ਹੋਈ ਪ੍ਰੰਤੂ ਇਸ ਸਾਲ ਇਹ ਅਨੁਪਾਤ 76:24 ਰਿਹਾ। ਪੰਜਾਬ ਦੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਕਤ ਤੱਥਾਂ ਨੂੰ ਧਿਆਨ 'ਚ ਰੱਖਣ। ਜੇ ਬਾਸਮਤੀ ਅਧੀਨ ਰਕਬਾ 5 ਤੋਂ 5.5 ਲੱਖ ਹੈਕਟੇਅਰ (ਝੋਨੇ ਹੇਠਲੇ ਕੁੱਲ ਰਕਬੇ ਦਾ 15 ਤੋਂ 18 ਫ਼ੀਸਦੀ) ਤੋਂ ਵੱਧੇਗਾ ਤਾਂ ਇਸ ਦੇ ਮੰਡੀਕਰਨ 'ਚ ਸਮੱਸਿਆ ਆਵੇਗੀ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵੱਲੋਂ ਲਗਾਏ ਜਾ ਰਹੇ ਰਕਬੇ ਨੂੰ ਸੀਮਿਤ ਰੱਖਣ। ਇਹ ਵੀ ਜ਼ਿਕਰਯੋਗ ਹੈ ਕਿ ਵਿਦੇਸ਼ਾਂ ਨੂੰ ਬਰਾਮਦ ਕੀਤੀ ਜਾ ਰਹੀ ਬਾਸਮਤੀ ਦੀ ਮਾਤਰਾ ਵੀ ਪਿਛਲੇ ਕੁਝ ਸਾਲਾਂ ਤੋਂ 40 ਲੱਖ ਮੀਟਰਿਕ ਟਨ 'ਤੇ ਹੀ ਸੀਮਿਤ ਹੈ। ਇਹ ਵੀ ਬਾਸਮਤੀ ਅਧੀਨ ਰਕਬੇ ਨੂੰ ਸੀਮਤ ਰੱਖੇ ਜਾਣ ਦਾ ਇਕ ਵੱਡਾ ਸੰਕੇਤ ਹੈ।*



*ਬਾਸਮਤੀ ਵਿਚ ਕੁਝ ਬਿਮਾਰੀਆਂ ਬੀਜ ਤੇ ਜੜ੍ਹਾਂ ਜ਼ਰੀਏ ਫ਼ੈਲਦੀਆਂ ਹਨ। ਬਾਸਮਤੀ ਦੀ ਪਨੀਰੀ ਬੀਜਣ ਤੋਂ ਪਹਿਲਾਂ ਜੇ ਬੀਜ ਅਤੇ ਪਨੀਰੀ ਦੀਆਂ ਜੜ੍ਹਾਂ ਨੂੰ ਦਵਾਈਆਂ ਨਾਲ ਸੋਧ ਲਿਆ ਜਾਵੇ ਤਾਂ ਇਸ ਨਾਲ ਘਾਤਕ ਝੰਡਾ ਰੋਗ ਉੱਪਰ ਕਾਰਗਰ ਢੰਗ ਨਾਲ ਕਾਬੂ ਪਾਇਆ ਜਾ ਸਕਦਾ ਹੈ...*



# ਝੰਡਾ ਰੋਗ ਦੀ ਰੋਕਥਾਮ ਲਈ ਜ਼ਰੂਰੀ ਹੈ ਬੀਜ ਤੇ ਪਨੀਰੀ ਦੀ ਸੋਧ

• ਨਰਿੰਦਰ ਸਿੰਘ, ਦਲਜੀਤ ਸਿੰਘ ਬੁੱਟਰ

ਬਾਸਮਤੀ ਪੰਜਾਬ ਦੇ ਨਾਲ-ਨਾਲ ਪੂਰੇ ਭਾਰਤ ਦੀ ਅਹਿਮ ਫ਼ਸਲ ਹੈ। ਇਹ ਕੁਦਰਤ ਦੀ ਭਾਰਤੀ ਖੇਤਰ ਲਈ ਵਡਮੁੱਲੀ ਦੇਣ ਹੈ। ਇਸ ਦੇ ਚੌਲ ਲੰਬੇ ਤੇ ਆਸਾਨੀ ਨਾਲ ਪੱਕਣ, ਫੁੱਲਣ ਅਤੇ ਖ਼ਾਸ ਸੁਗੰਧੀ ਵਾਲੇ ਹੋਣ ਕਾਰਨ ਇਸ ਨੂੰ ਦੁਨੀਆ ਭਰ 'ਚ ਅਹਿਮ ਬਣਾਉਂਦੇ ਹਨ ਤੇ ਅੰਤਰਰਾਸ਼ਟਰੀ ਮੰਡੀ ਵਿਚ ਇਸ ਦਾ ਆਮ ਝੋਨੇ ਨਾਲੋਂ ਤਿੰਨ ਗੁਣਾ ਜ਼ਿਆਦਾ ਮੁੱਲ ਹੁੰਦਾ ਹੈ। ਭਾਰਤ ਬਾਸਮਤੀ ਨੂੰ ਬਰਾਮਦ ਕਰਨ ਵਾਲਾ ਮੁੱਖ ਦੇਸ਼ ਹੈ। ਭਾਰਤ ਨੇ ਪਿਛਲੇ ਸਾਲ 39.9 ਲੱਖ ਟਨ ਬਾਸਮਤੀ ਚੌਲ ਵਿਦੇਸ਼ਾਂ ਨੂੰ ਬਰਾਮਦ ਕੀਤੇ। ਪੰਜਾਬ ਵਿਚ ਬੀਤੇ ਵਰ੍ਹੇ ਬਾਸਮਤੀ ਝੋਨੇ ਹੇਠ 5.52 ਲੱਖ ਹੈਕਟੇਅਰ ਰਕਬਾ ਸੀ ਤੇ ਇਸ ਦੀ 20.9 ਲੱਖ ਟਨ ਪੈਦਾਵਾਰ ਹੋਈ ਸੀ।

## ਰੋਗ ਦੇ ਕਾਰਨ

ਝੰਡਾ ਰੋਗ ਕਾਰਨ ਬਾਸਮਤੀ ਦੇ ਉਤਪਾਦਨ 'ਚ ਕਾਫ਼ੀ ਗਿਰਾਵਟ ਆਉਂਦੀ ਹੈ ਤੇ ਇਸ ਦਾ ਮਿਆਰ ਵੀ ਡਿੱਗਦਾ ਹੈ। ਝੰਡਾ ਰੋਗ ਇਕ ਉੱਲੀ ਰੋਗ ਹੈ। ਪੰਜਾਬ ਵਿਚ ਬਾਸਮਤੀ ਦੀਆਂ ਪੂਸਾ-1121 ਤੇ ਪੂਸਾ-1509 ਲਗਾਉਣ ਨਾਲ ਇਹ ਰੋਗ ਵੱਡਾ ਖ਼ਤਰਾ ਬਣਿਆ ਹੈ। ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੈ। ਇਸ ਰੋਗ ਦੇ ਜੀਵਾਣੂ ਬਾਸਮਤੀ ਦਾ ਝਾੜ ਘਟਾਉਣ ਤੋਂ ਇਲਾਵਾ ਇਕ ਮਾਈਕ੍ਰੋਟੋਕਸਿਨ (ਜ਼ਹਿਰੀਲਾ ਮਾਦਾ) ਪੈਦਾ ਕਰਦਾ ਹੈ ਜੋ ਮਨੁੱਖਾਂ ਤੇ ਜਾਨਵਰਾਂ ਦੀ ਸਿਹਤ ਲਈ ਵੱਡਾ ਖ਼ਤਰਾ ਹੈ। ਇਸ ਰੋਗ ਦੀ ਉੱਲੀ ਫੂਜ਼ੇਰੀਅਮ ਮੋਨੀਲੀਫਾਰਮੀ ਦੇ ਕਣ ਬੀਜ ਤੇ ਮਿੱਟੀ ਰਾਹੀਂ ਫੈਲਦੀ ਹੈ। ਇਹ ਕਣ ਝੋਨੇ ਦੀ ਪਨੀਰੀ ਤੇ ਦਾਣੇ ਦੇ ਪੁੰਗਰਨ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲਗਦੇ ਤਣੇ ਰਾਹੀਂ ਪੌਦੇ 'ਤੇ ਹਮਲਾ ਕਰਦੇ ਹਨ। ਇਸ ਦੇ ਹਮਲੇ ਨਾਲ ਪ੍ਰਭਾਵਿਤ ਬੂਟੇ ਪੀਲੇ ਪੈ ਜਾਂਦੇ ਹਨ ਤੇ ਹੇਠਾਂ ਤੋਂ ਉੱਪਰ ਵੱਲ ਨੂੰ ਮੁਰਝਾਉਣ ਤੋਂ ਬਾਅਦ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਦੂਜਿਆਂ ਨਾਲੋਂ ਉੱਚੇ ਹੁੰਦੇ ਹਨ ਤੇ ਜ਼ਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ। ਬੂਟਿਆਂ ਦੇ ਤਣੇ 'ਤੇ ਗੁਲਾਬੀ ਰੰਗ ਦੀ ਉੱਲੀ ਵੇਖੀ ਜਾ ਸਕਦੀ ਹੈ। ਇਹ ਉੱਲੀ ਜੇ ਸਾਰੇ ਖੇਤ ਵਿਚ ਫ਼ੈਲ ਜਾਵੇ ਤਾਂ ਉਤਪਾਦਨ ਅਤੇ ਆਰਥਿਕਤਾ ਲਈ ਵੱਡੇ ਨੁਕਸਾਨ ਦਾ ਕਾਰਨ ਬਣਦੀ ਹੈ। ਇਸ ਲਈ ਸਮਾਂ ਰਹਿੰਦਿਆਂ ਜੇ ਬੀਜ ਅਤੇ ਪਨੀਰੀ ਦੀਆਂ ਜੜ੍ਹਾਂ ਦੀ ਸੋਧ ਕਰ ਕੇ ਖੇਤ ਵਿਚ ਬੀਜਿਆ ਜਾਵੇ ਤਾਂ ਇਸ ਰੋਗ ਉੱਪਰ ਵੱਡੇ ਪੱਧਰ 'ਤੇ ਕਾਬੂ ਪਾਇਆ ਜਾ ਸਕਦਾ ਹੈ।

## ਰੋਕਥਾਮ ਲਈ ਜ਼ਰੂਰੀ ਨੁਕਤੇ

ਝੰਡਾ ਰੋਗ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਰੋਗ ਰਹਿਤ ਬੀਜ ਦੀ ਵਰਤੋਂ ਕੀਤੀ ਜਾਵੇ। ਇਸ ਲਈ ਜ਼ਰੂਰੀ ਹੈ ਕਿ ਬੀਜ ਕਿਸੇ ਭਰੋਸੇਯੋਗ ਏਜੰਸੀ ਤੋਂ ਹੀ ਖ਼ਰੀਦਿਆ ਜਾਵੇ। ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ 50 ਡਬਲਿਊਪੀ 0.2 ਫ਼ੀਸਦੀ (20 ਗ੍ਰਾਮ+ਸਟ੍ਰੈਪਟੋਸਾਈਕਲਿਨ 0.01 ਫ਼ੀਸਦੀ ਪ੍ਰਤੀ ਇਕ ਗ੍ਰਾਮ) 10 ਲੀਟਰ ਪਾਣੀ ਦੇ ਘੋਲ ਵਿਚ 12 ਘੰਟੇ ਲਈ ਡੁਬੋ ਦਿਉ। ਪਨੀਰੀ ਨੂੰ ਖੇਤ 'ਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਬਾਵਿਸਟਨ 50 ਡਬਲਿਊਪੀ (0.2 ਫ਼ੀਸਦੀ) ਦੇ ਘੋਲ 'ਚ 6 ਘੰਟੇ ਲਈ ਡੁਬੋ ਲਵੋ ਜਾਂ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ 0.05 ਫ਼ੀਸਦੀ (5 ਗ੍ਰਾਮ+ਸਟ੍ਰੈਪਟੋਸਾਈਕਲੀਨ 1 ਗ੍ਰਾਮ) ਨੂੰ 10 ਲੀਟਰ ਪਾਣੀ ਵਿਚ 12 ਘੰਟੇ ਲਈ ਡੁਬੋ ਲਉ। ਬੀਜਣ ਤੋਂ ਪਹਿਲਾਂ ਟਰਾਈਕੋਡਰਮਾ ਹਰਜ਼ੀਐਨਮ 15 ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਪਨੀਰੀ ਨੂੰ ਖੇਤ 'ਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਹਾਰਜ਼ੀਐਨਮ 15 ਗ੍ਰਾਮ ਪ੍ਰਤੀ ਲੀਟਰ ਦੇ ਹਿਸਾਬ ਨਾਲ ਪਾਣੀ ਵਿਚ 6 ਘੰਟੇ ਲਈ ਡੁਬੋ ਲਵੋ। ਪਨੀਰੀ ਦੇ ਬਿਮਾਰੀ ਵਾਲੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਵੋ। ਨਸ਼ਟ ਕਰਨ ਲਈ ਉਨ੍ਹਾਂ ਨੂੰ ਜ਼ਮੀਨ ਵਿਚ ਡੂੰਘਾ ਟੋਆ ਪੁੱਟ ਕੇ ਨੱਪ ਦੇਵੋ। ਬੀਜ ਵਾਲੀ ਫ਼ਸਲ 'ਤੇ ਬਿਮਾਰੀ ਰਹਿਤ ਬੀਜ ਪੈਦਾ ਕਰਨ ਲਈ ਟਿਲਟ 25 ਈਸੀ ਦੀ 200 ਮਿਲੀਲੀਟਰ ਮਾਤਰਾ ਨੂੰ 200 ਲੀਟਰ ਪਾਣੀ 'ਚ ਘੋਲ ਕੇ ਫ਼ਸਲ ਦੇ ਨਿਸਾਰ ਸਮੇਂ ਸਪਰੇਅ ਕਰੋ। •



### ਜ਼ਰੂਰੀ ਹੈ ਪਨੀਰੀ ਦੀਆਂ ਜੜ੍ਹਾਂ ਦੀ ਸੋਧ

*ਇਹ ਬਿਮਾਰੀ ਬਾਸਮਤੀ ਦੀਆਂ ਮਧਰੀਆਂ ਕਿਸਮਾਂ ਦੀ ਖੇਤੀ ਕਰਨ ਕਰਕੇ ਹਰ ਸਾਲ ਆਉਂਦੀ ਹੈ ਤੇ ਇਹ ਬਾਸਮਤੀ ਦੀ ਖੇਤੀ ਲਈ ਨੁਕਸਾਨ ਦਾ ਵੱਡਾ ਕਾਰਨ ਬਣ ਰਹੀ ਹੈ। 2016-17 ਵਿਚ ਝੰਡਾ ਰੋਗ ਦਾ ਮੁੱਖ ਹਮਲਾ ਅਬੋਹਰ, ਫਾਜ਼ਿਲਕਾ, ਫ਼ਰੀਦਕੋਟ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ 'ਚ ਨਾਮਾਤਰ ਤੋਂ 60 ਫ਼ੀਸਦੀ ਤਕ ਦੇਖਣ ਨੂੰ ਮਿਲਿਆ। ਵੇਖਣ 'ਚ ਆਇਆ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਦੇ ਕਿਸਾਨਾਂ ਨੇ ਸਿਰਫ਼ ਬਾਸਮਤੀ ਦੇ ਬੀਜ ਦੀ ਸੋਧ ਤਕਨੀਕ ਹੀ ਅਪਣਾਈ ਪਰ ਪਨੀਰੀ ਦੀਆਂ ਜੜ੍ਹਾਂ ਦੀ ਸੋਧ ਨਹੀਂ ਕੀਤੀ, ਜਿਸ ਕਰਕੇ ਉਨ੍ਹਾਂ ਦੇ ਖੇਤਾਂ 'ਚ ਝੰਡਾ ਰੋਗ ਕਾਫ਼ੀ ਵੇਖਣ ਨੂੰ ਮਿਲਿਆ। ਇਸ ਰੋਗ ਨੂੰ ਜੇ ਸਮੇਂ ਸਿਰ ਕਾਬੂ ਨਾ ਕੀਤਾ ਜਾਵੇ ਤਾਂ ਇਹ ਬਾਸਮਤੀ ਦੇ ਝਾੜ ਨੂੰ ਬਹੁਤ ਘਟਾ ਦਿੰਦਾ ਹੈ। ਇਸ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਬੀਜ ਅਤੇ ਪਨੀਰੀ ਨੂੰ ਸੋਧ ਕੇ ਬੀਜਿਆ ਜਾਵੇ।*

*ਬਾਗ਼ਾਂ ਨੂੰ ਪਾਣੀ ਲਗਾਉਣ ਸਮੇਂ ਮੌਸਮ, ਸਿੰਚਾਈ ਦੇ ਸਮੇਂ ਅਤੇ ਤਰੀਕਿਆਂ ਦਾ ਧਿਆਨ ਰੱਖਣਾ ਬੇਹੱਦ ਲਾਜ਼ਮੀ ਹੈ। ਇਸ ਨਾਲ ਜਿੱਥੇ ਪਾਣੀ ਦੀ ਸੁਚੱਜੀ ਵਰਤੋਂ ਹੋਵੇਗੀ, ਉੱਥੇ ਫਲਾਂ ਦਾ ਮਿਆਰੀ ਉਤਪਾਦਨ ਲਿਆ ਜਾ ਸਕਦਾ ਹੈ...*



# ਫਲਦਾਰ ਬੂਟਿਆਂ ਲਈ ਪਾਣੀ ਦਾ ਸੁਚੱਜਾ ਪ੍ਰਬੰਧ

• ਗੁਰਤੇਗ ਸਿੰਘ, ਐੱਚਐੱਸ ਰਤਨਪਾਲ
98150-98883

ਫਲਦਾਰ ਬੂਟਿਆਂ ਤੋਂ ਵਧੀਆ ਤੇ ਨਿਰੰਤਰ ਝਾੜ ਲੈਣ ਲਈ ਪਾਣੀ ਦਾ ਸੁਚੱਜਾ ਪ੍ਰਬੰਧ ਬਹੁਤ ਜ਼ਰੂਰੀ ਹੈ। ਮਨੁਖੀ ਜੀਵਨ ਵਾਂਗ ਬੂਟਿਆਂ 'ਚ ਵੀ ਪਾਣੀ ਦੀ ਅਹਿਮ ਭੂਮਿਕਾ ਹੈ। ਬੂਟੇ ਪਾਣੀ ਦੁਆਰਾ ਹੀ ਮਿੱਟੀ 'ਚੋਂ ਖ਼ੁਰਾਕੀ ਤੱਤ ਲੈ ਕੇ ਅਪਣਾ ਜੀਵਨ-ਕਾਲ ਪੂਰਾ ਕਰਦੇ ਹਨ। ਫਲਦਾਰ ਬੂਟਿਆਂ ਲਈ ਪਾਣੀ ਦੀ ਸੁਚੱਜੀ ਵਰਤੋਂ ਕਰ ਕੇ ਜਿੱਥੇ ਚੰਗਾ ਮੁਨਾਫ਼ਾ ਕਮਾ ਸਕਦੇ ਹਾਂ ਉੱਥੇ ਕੁਦਰਤੀ ਸੋਮਿਆਂ ਦੀ ਸੰਭਾਲ ਵੀ ਕਰ ਸਕਦੇ ਹਾਂ। ਬਾਗ਼ਾਂ ਨੂੰ ਪਾਣੀ ਲਗਾ ਦੇਣਾ ਹੀ ਕਾਫ਼ੀ ਨਹੀਂ ਸਗੋਂ ਸਿੰਚਾਈ ਦੀ ਲੋੜ, ਸਮਾਂ ਤੇ ਤਰੀਕਿਆਂ ਬਾਰੇ ਜਾਣਕਾਰੀ ਹੋਣਾ ਬੇਹੱਦ ਜ਼ਰੂਰੀ ਹੈ।

## ਨਿੰਬੂ ਜਾਤੀ ਦੇ ਬੂਟੇ

ਛੋਟੇ ਬੂਟਿਆਂ ਨੂੰ ਤਿੰਨ-ਚਾਰ ਸਾਲਾਂ ਤਕ ਹਰ ਹਫ਼ਤੇ ਅਤੇ ਪੁਰਾਣੇ ਬੂਟਿਆਂ ਨੂੰ ਦੋ-ਤਿੰਨ ਹਫ਼ਤਿਆਂ ਪਿੱਛੋਂ ਮੌਸਮ, ਬਰਸਾਤ ਤੇ ਮਿੱਟੀ ਦੀ ਕਿਸਮ ਅਨੁਸਾਰ ਪਾਣੀ ਦੇਣਾ ਚਾਹੀਦਾ ਹੈ। ਫਰਵਰੀ ਵਿਚ ਕਰੂੰਬਲਾਂ ਫੁੱਟਣ ਤੋਂ ਪਹਿਲਾਂ, ਅਪ੍ਰੈਲ ਵਿਚ ਫਲ ਲੱਗਣ ਤੋਂ ਬਾਅਦ ਅਤੇ ਗਰਮੀ ਦੇ ਮੌਸਮ ਵਿਚ ਸਿੰਚਾਈ ਕਰਨੀ ਬਹੁਤ ਜ਼ਰੂਰੀ ਹੈ। ਗਰਮੀ ਕਾਰਨ ਫੁੱਲ ਅਤੇ ਫਲ ਝੜਨ ਦਾ ਖ਼ਤਰਾ ਵਧ ਜਾਂਦਾ ਹੈ। ਕਿੰਨੂ ਦੇ ਬਾਗ਼ਾਂ 'ਚ ਤੁਪਕਾ ਸਿੰਚਾਈਅ ਤਕਨੀਕ ਰਾਹੀਂ ਪਾਣੀ ਦੀ ਸੁਚੱਜੀ ਵਿਉਂਤਬੰਦੀ ਕਰ ਕੇ ਫਲ ਦੀ ਗੁਣਵੱਤਾ ਤੇ ਝਾੜ ਵਧਾਇਆ ਜਾ ਸਕਦਾ ਹੈ। ਅਲੱਗ-ਅਲੱਗ ਮਹੀਨਿਆਂ ਵਿਚ ਬੂਟੇ ਦੀ ਉਮਰ ਅਨੁਸਾਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਡਿੱਗੀ ਵਿੱਚੋਂ ਨਹਿਰੀ ਪਾਣੀ ਚੁੱਕਣ ਵਾਸਤੇ 2 ਹਾਰਸ ਪਾਵਰ ਦਾ ਬੂਸਟਰ ਪੰਪ, ਜੋ ਸੂਰਜੀ ਬਿਜਲੀ ਨਾਲ ਚੱਲਦਾ ਹੋਵੇ, 10 ਏਕੜ ਕਿੰਨੂ ਦੇ ਬਾਗ਼ ਵਾਸਤੇ ਲਾਹੇਵੰਦ ਹੈ ਪਰ 15 ਅਤੇ 25 ਏਕੜ ਦੇ ਬਗ਼ੀਚੇ ਵਾਸਤੇ ਕ੍ਰਮਵਾਰ 3 ਤੇ 5 ਹਾਰਸ ਪਾਵਰ ਦੀ ਮੋਟਰ ਨਾਲ ਬੂਸਟਰ ਪੰਪ ਦੀ ਲੋੜ ਹੈ। ਸ਼ੁਰੂ ਵਿਚ ਪ੍ਰਤੀ ਬੂਟਾ 1-2 ਡ੍ਰਿਪਰਜ਼ ਦੀ ਲੋੜ ਹੁੰਦੀ ਹੈ, ਜੋ ਬਾਅਦ ਵਿਚ ਮਿੱਟੀ ਦੀ ਕਿਸਮ ਤੇ ਬੂਟੇ ਦੀ ਉਮਰ ਅਨੁਸਾਰ 4-5 ਤਕ ਵਧਾਏ ਜਾ ਸਕਦੇ ਹਨ। ਪਾਣੀ ਦੇ ਸਹੀ ਵਰਤੋਂ ਵਾਸਤੇ ਹਰ ਬੂਟੇ ਦੇ ਦੁਆਲੇ ਡ੍ਰਿਪਰਾਂ ਦਾ ਪ੍ਰਯੋਗ ਇਕ ਚੱਕਰ (ਲੂਪ) ਵਿਚ ਕਰਨਾ ਲਾਹੇਵੰਦ ਹੁੰਦਾ ਹੈ।

## ਅਮਰੂਦ

ਨਵੇਂ ਬਾਗ਼ਾਂ ਨੂੰ ਗਰਮੀਆਂ ਵਿਚ ਹਫ਼ਤੇ ਪਿੱਛੋਂ ਤੇ ਸਰਦੀਆਂ 'ਚ ਦੋ-ਤਿੰਨ ਪਾਣੀਆਂ ਦੀ ਜ਼ਰੂਰਤ ਪੈਂਦੀ ਹੈ। ਫਲ ਦਿੰਦੇ ਬੂਟਿਆਂ ਨੂੰ ਚੰਗਾ ਫੁੱਲ ਪੈਣ ਅਤੇ ਫਲ ਲੱਗਣ ਵੇਲੇ ਗਰਮੀਆਂ ਵਿਚ 15 ਦਿਨਾਂ ਬਾਅਦ ਤੇ ਸਰਦੀਆਂ 'ਚ ਇਕ ਮਹੀਨੇ ਦੇ ਵਕਫ਼ੇ ਨਾਲ ਪਾਣੀ ਦੇਣਾ ਚਾਹੀਦਾ ਹੈ। ਫੁੱਲ ਪੈਣ ਤੇ ਭਰਵੀਂ ਸਿੰਚਾਈ ਨਹੀਂ ਕਰਨੀ ਚਾਹੀਦੀ ਕਿਉਂ ਕਿ ਇਸ ਨਾਲ ਫੁੱਲ ਝੜ ਜਾਂਦੇ ਹਨ।

## ਲੀਚੀ

ਲੀਚੀ ਦੇ ਛੋਟੇ ਬੂਟਿਆਂ ਨੂੰ ਅਪ੍ਰੈਲ ਤੋਂ ਜੂਨ ਤਕ ਹਫ਼ਤੇ ਵਿਚ ਦੋ ਪਾਣੀਆਂ ਦੀ ਲੋੜ ਪੈਂਦੀ ਹੈ। ਸਰਦੀਆਂ 'ਚ ਇਕ ਪਾਣੀ ਹੀ ਕਾਫ਼ੀ ਹੈ। ਫਲ ਦਿੰਦੇ ਬੂਟਿਆਂ ਨੂੰ ਮਈ ਤੋਂ ਜੂਨ ਦੇ ਅਖ਼ੀਰ ਤਕ ਪਾਣੀ ਦੀ ਖ਼ਾਸ ਲੋੜ ਹੁੰਦੀ ਹੈ। ਇਨ੍ਹਾਂ ਨੂੰ ਹਫ਼ਤੇ 'ਚ ਦੋ ਵਾਰ ਪਾਣੀ ਦੇਣ ਨਾਲ ਫਲ ਚੰਗੀ ਤਰ੍ਹਾਂ ਵਧਦੇ ਹਨ ਤੇ ਫਟਣ ਦੀ ਸਮੱਸਿਆ ਘਟ ਜਾਂਦੀ ਹੈ। ਬਰਸਾਤਾਂ ਵਿਚ ਮੌਸਮ ਤੇ ਜ਼ਮੀਨ ਦੀ ਨਮੀ ਅਨੁਸਾਰ ਬੂਟਿਆਂ ਨੂੰ ਪਾਣੀ ਦੇਣਾ ਚਾਹੀਦਾ ਹੈ। ਨਵੰਬਰ-ਦਸੰਬਰ ਵਿਚ ਬਾਗ਼ਾਂ ਨੂੰ ਕੋਰ੍ਹੇ ਤੋਂ ਬਚਾਉਣ ਲਈ ਭਰਵਾਂ ਪਾਣੀ ਲਗਾਉਣਾ ਚਾਹੀਦਾ ਹੈ।

## ਆੜੂ

ਫਲ ਪੱਕਣ ਤੋਂ ਮਹੀਨਾ ਪਹਿਲਾਂ ਦਾ ਸਮਾਂ ਸਿੰਚਾਈ ਦਾ ਸਭ ਤੋਂ ਨਾਜ਼ੁਕ ਸਮਾਂ ਹੈ। ਫਲ ਦੇ ਵਾਧੇ ਸਮੇਂ ਬੂਟਿਆਂ ਨੂੰ ਸਿੰਚਾਈ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਫਲ ਪੈਣ ਮਗਰੋਂ ਪੱਕਣ ਤਕ ਤਿੰਨ-ਚਾਰ ਦਿਨਾਂ ਦੇ ਵਕਫ਼ੇ 'ਤੇ ਸਿੰਚਾਈ ਕਰਨੀ ਚਾਹੀਦੀ ਹੈ। ਕਿਸਮ ਅਨੁਸਾਰ ਅਪ੍ਰੈਲ ਦੇ ਅਖ਼ੀਰ ਤੋਂ ਲੈ ਕੇ ਜੁਲਾਈ ਦੇ ਸ਼ੁਰੂ ਤਕ ਸਿੰਚਾਈ ਦੀ ਵਧੇਰੇ ਲੋੜ ਪੈਂਦੀ ਹੈ। ਅਗੇਤੀਆਂ ਪੱਕਣ ਵਾਲੀਆਂ ਕਿਸਮਾਂ, ਜਿਵੇਂ ਪ੍ਰਤਾਪ ਤੇ ਫਲੋਰਿਡਾਪ੍ਰਿੰਸ ਨੂੰ ਮਾਰਚ ਅਖ਼ੀਰ ਤੋਂ ਅਪ੍ਰੈਲ ਦੇ ਤੀਜੇ ਹਫ਼ਤੇ ਵਿਚ ਸਿੰਚਾਈ ਦੀ ਵਧੇਰੇ ਲੋੜ ਪੈਂਦੀ ਹੈ। ਸ਼ਾਨ-ਏ-ਪੰਜਾਬ ਤੇ ਅਰਲੀ-ਗਰੈਂਡ ਨੂੰ ਅਪ੍ਰੈਲ ਅੱਧ ਤੋਂ ਮਈ ਦੇ ਪਹਿਲੇ ਹਫ਼ਤੇ ਵਿਚ ਅਤੇ ਖੁਰਮਾਨੀ ਅਤੇ ਸ਼ਰਬਤੀ ਨੂੰ ਮਈ ਤੋਂ ਜੂਨ-ਅੰਤ ਤਕ ਪਾਣੀ ਦੀ ਵਧੇਰੇ ਲੋੜ ਪੈਂਦੀ ਹੈ। ਜਨਵਰੀ ਵਿਚ ਕਾਂਟ-ਛਾਂਟ ਤੋਂ ਬਾਅਦ ਖਾਦਾਂ ਪਾ ਕੇ ਸਿੰਚਾਈ ਕਰਨੀ ਚਾਹੀਦੀ ਹੈ।

## ਅੰਬ

ਛੋਟੇ ਬੂਟਿਆਂ ਨੂੰ ਖ਼ੁਸ਼ਕ ਤੇ ਗਰਮੀ ਵਾਲੇ ਮੌਸਮ 'ਚ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ ਪਰ ਵੱਡੇ ਬੂਟੇ, ਜਿਨ੍ਹਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਆਮ ਤੌਰ ਤੇ ਫਲ ਦੇ ਵਾਧੇ ਸਮੇਂ ਮਾਰਚ ਤੋਂ ਜੂਨ ਦੇ ਅਖ਼ੀਰ ਤਕ 10-12 ਦਿਨਾਂ ਬਾਅਦ ਪਾਣੀ ਵਾਸ਼ਪੀਕਰਣ ਦੇ ਅਨੁਸਾਰ ਦਿਉ। ਜੁਲਾਈ ਤੋਂ ਸਤੰਬਰ ਤਕ ਬਰਸਾਤ ਰੁੱਤ ਵਿਚ ਪਾਣੀ ਮੌਸਮ ਦੇ ਹਿਸਾਬ ਨਾਲ ਦਿਉ। ਅਕਤੂਬਰ ਤੋਂ ਦਸੰਬਰ ਤਕ ਪਾਣੀ ਦੀ ਲੋੜ ਨਹੀਂ ਪੈਂਦੀ ਪਰ ਕੋਰ੍ਹੇ ਤੋਂ ਬਚਾਅ ਲਈ ਇਕ ਭਰਵਾਂ ਪਾਣੀ ਅਖ਼ੀਰ-ਦਸੰਬਰ ਜਾਂ ਜਨਵਰੀ ਵਿਚ ਲਗਾ ਦੇਣਾ ਚਾਹੀਦਾ ਹੈ। ਖਾਦਾਂ ਪਾਉਣ ਸਮੇਂ ਫਰਵਰੀ ਵਿਚ ਬੂਟਿਆਂ ਨੂੰ ਇਕ ਪਾਣੀ ਜ਼ਰੂਰ ਦੇਣਾ ਚਾਹੀਦਾ ਹੈ।

## ਬੇਰ

ਫਲਾਂ ਦੇ ਵਾਧੇ ਸਮੇਂ ਅਕਤੂਬਰ ਤੋਂ ਫਰਵਰੀ ਤਕ ਤਿੰਨ-ਚਾਰ ਹਫ਼ਤਿਆਂ ਦੇ ਵਕਫ਼ੇ ਤੇ ਸਿੰਚਾਈ ਕਰਨੀ ਚਾਹੀਦੀ ਹੈ। ਇਸ ਨਾਲ ਫਲਾਂ ਦਾ ਕਿਰਨਾਂ ਘਟ ਜਾਂਦਾ ਹੈ ਤੇ ਫਲਾਂ ਦੇ ਆਕਾਰ ਤੇ ਗੁਣਾਂ 'ਚ ਸੁਧਾਰ ਹੁੰਦਾ ਹੈ। ਮਾਰਚ ਦੇ ਦੂਜੇ ਪੰਦਰਵਾੜੇ ਪਾਣੀ ਦੇਣਾ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਜੋ ਜ਼ਮੀਨ ਤੇ ਵਿਛੀਆਂ ਟਹਿਣੀਆਂ ਦਾ ਫਲ ਖ਼ਰਾਬ ਨਾ ਹੋਵੇ ਤੇ ਫਲ ਦੇ ਪੱਕਣ 'ਚ ਦੇਰੀ ਨਾ ਹੋਵੇ।

## ਅਲੂਚਾ

ਅਲੂਚੇ ਦੇ ਛੋਟੇ ਬੂਟਿਆਂ ਨੂੰ ਅਪ੍ਰੈਲ ਤੋਂ ਜੂਨ ਤਕ ਹਰ ਤਿੰਨ-ਚਾਰ ਦਿਨਾਂ ਮਗਰੋਂ ਅਤੇ ਫਲ ਲੱਗਣ ਵਾਲੇ ਵੱਡੇ ਬੂਟਿਆਂ ਨੂੰ ਹਫ਼ਤੇ ਮਗਰੋਂ ਸਿੰਚਾਈ ਕਰਨੀ ਚਾਹੀਦੀ ਹੈ। ਬਰਸਾਤ ਨਾ ਹੋਣ 'ਤੇ ਸਤੰਬਰ-ਅਕਤੂਬਰ ਵਿਚ ਤਿੰਨ-ਚਾਰ ਹਲਕੀਆਂ ਸਿੰਚਾਈਆਂ ਕਰੋ। ਨਵੰਬਰ ਵਿਚ ਜ਼ਮੀਨ ਦੀ ਕਿਸਮ ਅਨੁਸਾਰ ਦੋ-ਤਿੰਨ ਵਾਰ ਹਲਕੀ ਸਿੰਚਾਈ ਕਰੋ। ਦਸੰਬਰ ਵਿਚ ਬੂਟਿਆਂ ਨੂੰ ਪਾਣੀ ਦੀ ਲੋੜ ਨਹੀਂ ਪੈਂਦੀ ਕਿਉਂਕਿ ਬੂਟੇ ਪੱਤੇ ਝਾੜ ਕੇ ਨੀਂਦਰ ਅਵਸਥਾ 'ਚ ਹੁੰਦੇ ਹਨ। ਜਨਵਰੀ ਵਿਚ ਕਾਂਟ-ਛਾਂਟ ਮਗਰੋਂ ਖਾਦਾਂ ਪਾ ਕੇ ਭਰਵੀਂ ਸਿੰਚਾਈ ਕਰੋ। ਫਰਵਰੀ ਵਿਚ ਫੁੱਲ ਪੈਣ 'ਤੇ ਸਿੰਚਾਈ ਨਾ ਕਰੋ, ਇਸ ਨਾਲ ਫੁੱਲ ਝੜਦੇ ਹਨ। ਫਲ ਲੱਗਣ ਤੋਂ ਲੈ ਕੇ ਪੱਕਣ ਤਕ ਚਾਰ-ਪੰਜ ਦਿਨਾਂ ਬਾਅਦ ਸਿੰਚਾਈ ਕਰਦੇ ਰਹੋ।

## ਕੇਲਾ

ਕੇਲੇ ਦੇ ਬਾਗ਼ ਨੂੰ ਪਾਣੀ ਦੀ ਬਹੁਤ ਲੋੜ ਪੈਂਦੀ ਹੈ। ਪਾਣੀ ਦੀ ਕਮੀ ਕਾਰਨ ਬੂਟੇ ਦਾ ਹਰਾਪਣ, ਫਲ ਦਾ ਆਕਾਰ ਤੇ ਗੁਣਵੱਤਾ ਘਟਦੀ ਹੈ। ਲੋੜ ਤੋਂ ਵੱਧ ਪਾਣੀ ਨਾਲ ਬੂਟਾ ਜੜ੍ਹੋਂ ਟੁੱਟ ਜਾਂਦਾ ਹੈ। ਬੂਟੇ ਲਗਾਉਣ ਤੋਂ ਬਾਅਦ ਮਾਰਚ-ਅਪ੍ਰੈਲ ਵਿਚ ਇਕ ਹਫ਼ਤੇ ਦੇ ਵਕਫ਼ੇ 'ਤੇ ਅਤੇ ਮਈ-ਜੂਨ ਵਿਚ ਚਾਰ ਤੋਂ ਛੇ ਦਿਨ੍ਹਾਂ ਦੇ ਫ਼ਰਕ 'ਤੇ ਪਾਣੀ ਦੇਵੋ। ਜੁਲਾਈ ਤੋਂ ਸਤੰਬਰ ਦਰਮਿਆਨ ਮੌਸਮ ਤੇ ਜ਼ਮੀਨ ਦੀ ਨਮੀਂ ਅਨੁਸਾਰ ਬੂਟਿਆਂ ਨੂੰ ਹਫ਼ਤੇ ਦੇ ਵਕਫ਼ੇ 'ਤੇ ਪਾਣੀ ਦੇਣਾ ਚਾਹੀਦਾ ਹੈ। ਅਕਤੂਬਰ-ਨਵੰਬਰ ਵਿਚ 10-15 ਦਿਨਾਂ ਬਾਅਦ ਸਿੰਚਾਈ ਕਰੋ। •

### ਨਾਖਾਂ

*ਨਾਖਾਂ ਦੇ ਬੂਟਿਆਂ ਨੂੰ ਲਗਾਉਣ ਤੋਂ ਮਗਰੋਂ ਜਲਦੀ ਪਾਣੀ ਲਗਾਉਣਾ ਚਾਹੀਦਾ ਹੈ। ਗਰਮੀਆਂ ਵਿਚ ਇਕ ਹਫ਼ਤੇ ਦੇ ਵਕਫੇ 'ਤੇ ਅਤੇ ਅਗਸਤ-ਸਤੰਬਰ ਵਿਚ 15 ਦਿਨਾਂ ਦੇ ਵਕਫੇ 'ਤੇ ਪਾਣੀ ਲਗਾਉ। ਜਨਵਰੀ ਦੇ ਮਹੀਨੇ ਪਾਣੀ ਨਾ ਦੇਵੋ। ਫਲ ਬਣਨ ਮਗਰੋਂ ਗਰਮੀਆਂ 'ਚ ਖੁੱਲ੍ਹਾ ਪਾਣੀ ਲਗਾਉਣ ਨਾਲ ਫਲ ਦਾ ਝਾੜ ਤੇ ਗੁਣਵੱਤਾ ਵਧਾਈ ਜਾ ਸਕਦੀ ਹੈ।*



### ਅੰਗੂਰ

*ਕਾਂਟ-ਛਾਂਟ ਮਗਰੋਂ ਫਰਵਰੀ ਦੇ ਪਹਿਲੇ ਪੰਦਰਵਾੜੇ ਖਾਦਾਂ ਪਾਉਣ ਮਗਰੋਂ ਬੂਟਿਆਂ ਨੂੰ ਇਕ ਪਾਣੀ ਜ਼ਰੂਰ ਲਗਾਉਣਾ ਚਾਹੀਦਾ ਹੈ। ਮਾਰਚ ਵਿਚ ਇਕ ਪਾਣੀ ਅਤੇ ਅਪ੍ਰੈਲ ਵਿਚ ਫਲ ਲੱਗਣ ਤੋਂ ਬਾਅਦ ਮਈ ਦੇ ਪਹਿਲੇ ਹਫ਼ਤੇ ਤਕ 8-10 ਦਿਨਾਂ ਮਗਰੋਂ ਪਾਣੀ ਦੇਣਾ ਜ਼ਰੂਰੀ ਹੈ। ਬਾਕੀ ਸਾਰਾ ਮਈ ਹਰ ਹਫ਼ਤੇ ਅਤੇ ਜੂਨ ਵਿਚ ਤਿੰਨ-ਚਾਰ ਦਿਨਾਂ ਦੇ ਫ਼ਰਕ 'ਤੇ ਪਾਣੀ ਦੇਣਾ ਚਾਹੀਦਾ ਹੈ। ਜੁਲਾਈ-ਅਗਸਤ ਮਹੀਨੇ ਬਰਸਾਤ ਨਾ ਹੋਣ 'ਤੇ ਜ਼ਰੂਰਤ ਅਨੁਸਾਰ ਪਾਣੀ ਦਿਉ। ਜੇ ਨਵੰਬਰ-ਜਨਵਰੀ ਵਿਚ ਜ਼ਮੀਨ ਵਧੇਰੇ ਸੁੱਕੀ ਹੋਵੇ ਤਾਂ ਸਿੰਚਾਈ ਕਰੋ।*



# ਆਲ ਇੰਡੀਆ ਫੈਡਰੇਸ਼ਨ ਆਂਗਣਵਾੜੀ ਵਰਕਰ ਅਤੇ ਹੈਲਪਰਜ਼ ਵੱਲੋਂ ਮਿਡ ਡੇ ਮੀਲ ਅਤੇ ਆਇਰਨ ਫੌਲਿਕ ਐਸਿਡ ਦਵਾਈ ਦੇਣ ਤੋਂ ਕੀਤਾ ਇਨਕਾਰ..... ਯੂਨੀਅਨ ਮੈਂਬਰਸ਼ਿਪ



**ਧੂਰੀ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਸੀ.ਡੀ.ਪੀ.ਓ ਧੂਰੀ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ ਇਹ ਮੰਗ ਪੱਤਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪੰਜਾਬ ਲਈ ਦਿੱਤਾ ਗਿਆ ਸੀ ਜਿਸ ਵਿੱਚ ਉਨ੍ਹਾਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਜੋ ਮਿਡ ਡੇ ਮੀਲ ਆਂਗਨਵਾੜੀ ਕੇਂਦਰਾਂ ਦੇ ਵਿੱਚ ਦਿੱਤਾ ਜਾ ਰਿਹਾ ਹੈ ਸਪਲਿਮੈਂਟਰੀ ਨਿਊਟਰੀਸ਼ਨ ਦੇ ਵਿੱਚ ਬਹੁਤ ਵੱਡੀਆਂ ਖਾਮੀਆਂ ਹਨ ਜਿਸ ਨਾਲ ਬੱਚਿਆਂ ਦੀ ਸਿਹਤ ਨੂੰ ਨੁਕਸਾਨ ਹੋ ਸਕਦਾ ਹੈ ਮੈਂਬਰਾਂ ਦਾ ਕਹਿਣਾ ਸੀ ਕਿ ਮਸਲੇ ਤੇ ਸਰਕਾਰ ਨੂੰ ਪਹਿਲਾਂ ਵੀ ਨੋਟਿਸ ਦਿੱਤਾ ਜਾ ਚੁੱਕਾ ਹੈ ਪਰ ਸਰਕਾਰ ਵੱਲੋਂ ਇਸ ਵਿੱਚ ਕੋਈ ਸੁਧਾਰ ਨਹੀਂ ਕੀਤਾ ਜਾ ਰਿਹਾ ਉਨਾਂ ਆਖਿਆ ਕਿ ਆਂਗਨਵਾੜੀ ਕੇਂਦਰਾਂ ਦੇ ਵਿੱਚ ਜੋ ਖਿਚੜੀ ਪ੍ਰੀ ਮਿਕਸਚਰ ਜਾਂ ਦਲੀਏ ਦਾ ਪ੍ਰੀ ਮਿਕਸਚਰ ਆ ਰਿਹਾ ਹੈ ਉਹ ਬਹੁਤ ਹੀ ਘਟੀਆ ਕਿਸਮ ਦਾ ਹੁੰਦਾ ਹੈ ਕਿਉਂਕਿ ਖਿਚੜੀ ਦੇ ਵਿੱਚ ਹਿੰਗ ਅਤੇ ਰਿਫਾਇਡ ਮਿਕਸ ਕੀਤਾ ਹੁੰਦਾ ਹੈ ਉਹ ਲੰਬੇ ਸਮੇਂ ਤੱਕ ਨਹੀਂ ਰਹਿੰਦਾ ਅਤੇ ਜਲਦੀ ਹੀ ਮਿਕਸਚਰ ਖਰਾਬ ਹੋ ਜਾਂਦਾ ਹੈ। ਨਾਲ ਹੀ ਜੋ ਮਿੱਠਾ ਜਾਂ ਨਮਕੀਨ ਦਲੀਆ ਦਾ ਮਿਕਸਰ ਆ ਰਿਹਾ ਹੈ। ਉਸ ਨੂੰ ਵੀ ਜੱਚਾ ਅਤੇ ਬੱਚਾ ਨੂੰ ਦੇਣ ਲਾਇਕ ਨਹੀਂ ਹੁੰਦਾ ਕਿਉਂਕਿ ਜੋ ਮਿੱਠਾ ਦਲੀਆ ਦਾ ਜੋ ਪ੍ਰੀਮਿਕਸ ਆਉਂਦਾ ਹੈ ਉਸ ਨੂੰ ਰੋਸਟਡ ਅਤੇ ਚੀਨੀ ਪੂਰੀ ਮਾਤਰਾ ਵਿੱਚ ਨਹੀਂ ਹੋਂਦੀ ਹੈ ਉਸ ਦੇ ਵਿੱਚ ਦੁੱਧ ਦੀ ਮਾਤਰਾ ਵੀ ਬਹੁਤ ਘੱਟ ਅਤੇ ਜਦ ਤੱਕ ਅੰਗਣਵਾੜੀ ਕੇਂਦਰਾਂ ਤੱਕ ਇਹ ਸਮਗਰੀ ਪਹੁੰਚਦੀ ਹੈ ਉਸ ਦੀ ਮੁਨਿਆਦ ਖਤਮ ਹੋਣ ਦੇ ਨੇੜੇ ਪਹੁੰਚ ਜਾਂਦੀ ਹੈ ਨਾਲ ਹੀ ਨਮਕੀਨ ਦਲੀਆ ਚ ਵੀ ਕਾਫੀ ਖਾਮੀਆਂ ਇਸ ਵਿਚ ਰਿਫਾਇਡ ਮਿਕਸ ਹੁਣ ਕਾਰਨ ਇਹ ਵੀ ਜਲਦੀ ਖਰਾਬ ਹੋ ਜਾਂਦਾ ਹੈ

ਇਸ ਤੋਂ ਇਲਾਵਾ ਜਦੋਂ ਪੰਜਾਬ ਸਰਕਾਰ ਵੱਲੋਂ 2017 ਵਿੱਚ ਪ੍ਰੀ ਨਰਸਰੀ ਜਮਾਤਾ ਸ਼ੁਰੂ ਕੀਤੀਆਂ ਗਈਆਂ ਸਨ ਉਸ ਵਿੱਚ ਕੇਂਦਰ ਸਰਕਾਰ ਦੀ ਵੀ ਹਿੱਸੇਦਾਰੀ ਸੀ ਪਰ ਅੱਜ ਕੱਲ੍ਹ ਪ੍ਰਾਇਮਰੀ ਸਕੂਲ ਦੇ ਅਧਿਆਪਕ ਤੀਨ ਤੋਂ ਛੇ ਸਾਲਾਂ ਦੇ ਬੱਚੇ ਦੇਣ ਤੋਂ ਇਨਕਾਰ ਕਰ ਦਿੰਦੇ ਹਨ ਜਿਸ ਕਾਰਨ ਆਂਗਨਵਾੜੀ ਵਿੱਚ ਬੱਚਿਆਂ ਦੀ ਗਿਣਤੀ ਦਿਨੋਂ ਦਿਨ ਘੱਟ ਦੀ ਜਾ ਰਹੀ ਹੈ ਅਤੇ ਇਸ ਗੱਲਾਂ ਨੂੰ ਲੈ ਕੇ ਕਈ ਵਾਰ ਅਧਿਆਪਕਾਂ ਦੇ ਵਿੱਚ ਮਨ ਮੁਟਾਵ ਵੀ ਹੁੰਦਾ ਹੈ ਉਹਨਾਂ ਨੇ ਇਹ ਵੀ ਕਿਹਾ ਹੈ ਕਿ ਜੋ ਸਰਕਾਰ ਵੱਲੋਂ ਆਇਰਨ ਫੋਲਿਕ ਐਸਿਡ ਮੈਡੀਸਿਨ ਮਿਲਦੀ ਹੈ ਅਸੀਂ ਉਸ ਨੂੰ ਵੀ ਨਹੀਂ ਪ੍ਰਾਪਤ ਕਰਾਂਗੇ ਕਿਉਂਕਿ ਸਾਨੂੰ ਕਿਸੇ ਵੀ ਤਰ੍ਹਾਂ ਦੀ ਸੁਵਿਧਾ ਪ੍ਰਧਾਨ ਨਹੀਂ ਕੀਤੀ ਜਾਂਦੀ।

# ਦੁਖੀ ਪੀੜਤ ਪ੍ਰੀਵਾਰ ਸੰਤੋਸ਼ ਨਸ਼ਾ ਕਰੇ ਘਰ ਦੀ ਬਰਬਾਦੀ

**ਅੰਮ੍ਰਿਤਸਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਤੋਸ਼ ਪੁੱਤਰੀ ਕਿਸ਼ਨ ਚੰਦ ਵਾਸੀ ਅਬਾਦੀ ਈਦਗਾਹ ਮਜੀਠਾ ਅਮ੍ਰਿਤਸਰ ਵੱਲੋ ਪ੍ਰੈਸ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਮੇਰੀ ਸ਼ਾਦੀ ਮਨਦੀਪ ਕੁਮਾਰ ਪੁੱਤਰ ਬੂਟਾ ਰਾਮ ਵਾਸੀ ਵਾਰਡ ਨੰਬਰ 12 ਮਹੁੱਲਾ ਭਗਤਾਂ ਵਾਲਾ ਅਮ੍ਰਿਤਸਰ ਨਾਲ ਹੋਈ ਸੀ ਇਸ ਤੋਂ ਇਲਾਵਾ ਉਹਨਾਂ ਨੇ ਕਿਹਾ ਕਿ ਮੈ ਪ੍ਰੈਸ ਮਧਿਆ ਰਾਹੀਂ ਇਹ ਸਪਸ਼ਟ ਕਰ ਰਹੀ ਹਾਂ ਕਿ ਸਾਡੇ ਦੋਨਾਂ ਜੀਆਂ ਪਹਿਲਾਂ ਸ਼ਾਦੀ ਸ਼ੁਦਾ ਸਨ ਇਸ ਤੋਂ ਇਲਾਵਾ ਉਨ੍ਹਾਂ ਨੇ ਕਿਹਾ ਇਹ ਮੇਰਾ ਘਰਵਾਲਾ ਨਸ਼ੇ ਦਾ ਆਦੀ ਹੋਣ ਕਾਰਨ ਨਿੱਤ ਦਿਹਾੜੇ ਲੜਾਈ ਝਗੜਾ ਤੇ ਮੇਰੀ ਮਾਰ ਕੁਟਾਈ ਕਰਦਾ ਹੈ ਇਸ ਉਪਰੰਤ ਘਰੇਲੂ ਵਰਤਣ ਯੋਗ ਸਮਾਨ ਤੋੜਦਾ ਹੈ ਇਸ ਵੱਲੋਂ ਆਪਣੇ ਨਸ਼ਾ ਦੀ ਪੂਰਤੀ ਕਰਨ ਲਈ ਘਰੇਲੂ ਸਾਮਾਨ ਚੋਰੀ ਛੁੱਪੇ ਵੇਚਣ ਸਮੇਂ ਮੇਰੇ ਆਦਮੀ ਵੱਲੋਂ ਜ਼ੁਲਮ ਤੇ ਕਹਿਰ ਢਾਹਿਆ ਜਾਂਦਾ ਹੈ।

ਇਸ ਲਈ ਨਸ਼ੇ ਦੀ ਆੜ ਚੋਂ ਮੇਰੇ ਘਰ ਦੀ ਬਰਬਾਦੀ ਹੋ ਰਹੀ ਹੈ ਇਸ ਬਰਬਾਦੀ ਨੂੰ ਰੋਕਣ ਲਈ ਮਾਣਯੋਗ ਐਸ,ਐਸ,ਪੀ ਸਾਹਿਬ ਤੇ ਪੰਜਾਬ ਪੁਲਿਸ ਦੇ ਅਫਸਰ ਸਾਹਿਬਾਨਾਂ ਨੂੰ ਲਿਖਤੀ ਸ਼ਕਾਇਤਾਂ ਭੇਜੀਆਂ ਸਨ ਮਗਰ ਉਨ੍ਹਾਂ ਅਫਸਰਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਜਾ ਰਿਹਾ ਹੈ ਇਸ ਲਈ ਮੈਂ ਸਰਕਾਰ ਤੇ ਪ੍ਰਸ਼ਾਸਨ ਕੋਲੋਂ ਮੰਗ ਕਰਦੀ ਹਾਂ ਕਿ ਗੋਰਮਿੰਟ ਇਸ ਘਰੇਲੂ ਮਸਲੇ ਤੇ ਗੋਰ ਕਰਕੇ ਨਸ਼ਾ ਛੁਡਾਊ ਕੇਂਦਰ ਭੇਜ ਕੇ ਉਨ੍ਹਾਂ ਇਲਾਜ਼ ਕਰਵਾਉਣ ਲਈ ਭਰਤੀ ਦਾਖਲ ਕਰਵਾਇਆ ਜਾਵੇ ਤੇ ਮੇਰਾ ਘਰ ਵਸਾਇਆ ਜਾਵੇ ਇਸ ਮੌਕੇ ਤੇ ਪੀਪਲਜ਼ ਆਫ ਹੋਮੋ ਰਾਇਟਸ ਸੋਸਾਇਟੀ ਦੀ ਪ੍ਰਧਾਨ ਸੁਨੀਤਾ ਕੁਮਾਰੀ , ਵੱਲੋਂ ਪ੍ਰੈਸ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਦੱਸਿਆ ਕਿ ਇਹਨਾਂ ਦੋਨਾਂ ਜੀਆਂ ਦਾ ਫ਼ੈਸਲਾ ਕਈ ਵਾਰ ਕਰਵਾਇਆ ਹੈ।

ਇਹਨਾਂ ਦੋਹਾਂ ਜੀਆਂ ਦੇ ਫੈਸਲੇ ਚੋਂ ਤਰੁਣ ਅਬਰੋਲ ਸਾਬਕਾ ਪ੍ਰਧਾਨ ਨਗਰ ਕੌਂਸਲ ਮਜੀਠਾ ਤੇ ਮੌਜੂਦਾ ਕੋਸਲਰ ਤੇ ਹੋਰ ਮੋਹਤਬਾਰ ਆਗੂਆਂ ਵੱਲੋਂ ਵੀ ਕਈ ਵਾਰ ਫੈਸਲਾ ਕੀਤਾ ਸੀ ਮਗਰ ਫੈਸਲਾ ਤੋਂ ਬਾਅਦ ਇਸ ਦੇ ਘਰਵਾਲ਼ੇ ਵੱਲੋਂ ਆਪਣੇ ਫੈਸਲੇ ਦੀ ਕੋਈ ਪ੍ਰਵਾਹ ਨਹੀਂ ਕਰਦਾ ਹੈ ਇਸ ਲਈ ਮੈਂ ਸਰਕਾਰ ਤੇ ਪ੍ਰਸ਼ਾਸਨ ਤੋਂ ਪੂਰਜੋਰ ਅਪੀਲ ਕਰਕੇ ਮੰਗ ਕਰਦੀ ਹਾਂ ਇਹਨਾਂ ਦਾ ਉਜੜਦਾ ਘਰ ਬਚਾਇਆ ਜਾਵੇ

# ਸ਼੍ਰੀ ਅਨੰਦਪੁਰ ਸਾਹਿਬ ਚ' ਰੋਜ਼ਾਨਾ ਵੱਧ ਰਿਹਾ ਆਮ ਆਦਮੀ ਪਾਰਟੀ ਦਾ ਪਰਿਵਾਰ

**ਸ੍ਰੀ ਅਨੰਦਪੁਰ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਪਰਿਵਾਰ ਚ' ਅੱਜ ਉਸ ਸਮੇਂ ਵੱਡਾ ਵਾਧਾ ਹੋਇਆ ਨਜਰ ਆਇਆ ਜਦੋਂ ਕਾਂਗਰਸੀ ਆਗੂ ਤੇ ਸਾਬਕਾ ਸਰਪੰਚ ਸੁਖਦੇਵ ਸਿੰਘ ਬੈਂਸ ਖਾਨਪੁਰ ਨੇ ਕਾਂਗਰਸ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਇਸ ਮੋਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪਿੰਡ ਗੰਭੀਰਪੁਰ ਸਥਿਤ ਰਿਹਾਇਸ਼ ਵਿਖੇ ਸਾਬਕਾ ਸਰਪੰਚ ਖਾਨਪੁਰ ਸੁਖਦੇਵ ਸਿੰਘ ਬੈਂਸ ਨੂੰ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ।

ਆਪ ਵਿੱਚ ਸ਼ਾਮਲ ਹੋਣ ਉਪਰੰਤ ਸੁਖਦੇਵ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਹਲਕਾ ਵਿਧਾਇਕ/ ਸਿੱਖਿਆ ਮੰਤਰੀ ਪੰਜਾਬ ਸ੍ਰ: ਹਰਜੋਤ ਸਿੰਘ ਬੈਂਸ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਉਨਾਂ ਨੇ ਆਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।ਉਨਾਂ ਕਿਹਾ ਕਿ ਸ੍ਰ:ਬੈਂਸ ਜੋ ਕਹਿੰਦੇ ਹਨ ਉਹ ਕਰਕੇ ਵਿਖਾਉਂਦੇ ਹਨ ਤੇ ਉਨਾਂ ਨੇ ਜੋ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ ਉਹ ਪੂਰੇ ਕਰਕੇ ਵਿਖਾਏ ਹਨ।ਉਨਾਂ ਕਿਹਾ ਕਿ ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਦੇ ਦਾਖਲੇ ਮੋਕੇ ਬਣੇ ਪੰਜ ਪਿਆਰਾ ਨੇ ਬੀਤੇ ਸਮੇਂ ਦੋਰਾਨ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਪ੍ਰੰਤੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਨਿੱਜੀ ਰੁਚੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਿਹਾ ਹੈ ਤੇ ਉਕਤ ਪਾਰਕ ਦਾ 3 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਕੀਤਾ ਗਿਆ ਹੈ।ਉਨਾਂ ਕਿਹਾ ਕਿ ਯਾਤਰੀ ਸੂਚਨਾ ਕੇਂਦਰ,ਕੁਦਰਤੀ ਪਾਰਕ,ਭਾਈ ਜੈਤਾ ਜੀ ਯਾਦਗਾਰ ਵਰਗੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿਨ ਰਾਤ ਮਿਹਨਤ ਕਰਕੇ ਉਕਤ ਪ੍ਰੋਜੈਕਟ ਪੂਰੇ ਕਰਵਾਏ ਗਏ।ਉਨਾਂ ਕਿਹਾ ਕਿ ਲੀਡਰ ਦਾ ਮਤਲਬ ਹੁੰਦਾ ਹੈ ਲੀਡ ਕਰਨ ਵਾਲਾ ਤੇ ਜਿਹੜਾ ਲੀਡਰ ਆਪਣੇ ਹਲਕੇ ਦੇ ਲੋਕਾਂ ਦਾ ਦੁੱਖ ਸੁੱਖ ਦਾ ਭਾਈਵਾਲ ਹੋਵੇ ਹਰ ਖੁਸ਼ੀ ਹਰ ਗਮੀ ਦੇ ਮੋਕੇ ਤੇ ਆਪਣੇ ਲੋਕਾਂ ਵਿਚਕਾਰ ਖੜ੍ਹਾ ਹੋਵੇ ਉਹ ਹੀ ਅਸਲੀ ਲੀਡਰ ਹੁੰਦਾ ਹੈ ਤੇ ਬੈਂਸ ਹਰ ਸਮੇਂ ਆਪਣੇ ਹਲਕੇ ਦੇ ਲੋਕਾਂ ਨਾਲ ਖੜੇ ਹੋਏ ਵਿਖਾਈ ਦਿੰਦੇ ਹਨ ਤੇ ਇਹ ਖਾਸੀਅਤ ਪਹਿਲਾਂ ਵਾਲੇ ਲੀਡਰਾਂ ਵਿੱਚ ਵਿਖਾਈ ਨਹੀਂ ਦਿੱਤੀ।ਉਨਾਂ ਕਿਹਾ ਕਿ ਸ੍ਰ:ਬੈਂਸ ਦੁਆਰਾ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਵਿੱਚ ਕਰਵਾਇਆ ਜਾ ਰਿਹਾ ਸਰਬਪੱਖੀ ਵਿਕਾਸ ਸਾਰਿਆਂ ਦੇ ਸਾਹਮਣੇ ਹੈ ਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ 0 ਆ ਰਿਹਾ ਹੈ।ਉਨਾਂ ਕਿਹਾ ਕਿ ਜਿਨਾਂ ਪਰਿਵਾਰਾਂ ਦੀ ਬਿਜਲੀ ਦਾ ਬਿੱਲ ਨਾ ਆਉਣ ਕਾਰਨ ਚਾਰ ਪੰਜ ਹਜਾਰ ਰੁਪਏ ਦੀ ਬੱਚਤ ਹੋ ਰਹੀ ਹੈ ਉਨਾਂ ਨੂੰ ਪੁੱਛ ਕੇ ਵੇਖੋ ਕਿ ਲੋੜਵੰਦ ਪਰਿਵਾਰਾਂ ਲਈ ਇਸਦੀ ਕੀ ਕੀਮਤ ਹੈ।ਉਨਾਂ ਮੁਹੱਲਾ ਕਲੀਨਿਕ,ਸਰਕਾਰੀ ਹਸਪਤਾਲਾਂ ਚ' ਮੁਫਤ ਮਿਲ ਰਹੀਆਂ ਦਵਾਈਆਂ,ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਆਖਿਆ ਕਿ ਅਜਾਦੀ ਤੋਂ ਬਾਅਦ ਅਜਿਹੀਆਂ ਸਹੂਲਤਾਂ ਪਹਿਲੀ ਵਾਰ ਮਿਲ ਰਹੀਆਂ ਹਨ,ਜਿਸ ਕਾਰਨ ਪੰਜਾਬ ਦਾ ਆਵਾਮ ਪੰਜਾਬ ਸਰਕਾਰ ਤੇ ਭਗਵੰਤ ਮਾਨ ਦੇ ਸੋਹਲੇ ਗਾ ਰਿਹਾ ਹੈ।

ਉਨਾਂ ਕਿਹਾ ਕਿ ਹਰ ਧਰਮ ਦਾ ਸਤਿਕਾਰ ਕਰਨ ਵਾਲੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਵਰਗੇ ਮਿਲਣਸਾਰ ਵਿਅਕਤੀ ਵੱਲੋਂ ਹਰ ਛੋਟੇ ਵੱਡੇ ਨੂੰ ਦਿੱਤਾ ਜਾਂਦਾ ਸਤਿਕਾਰ ਤੇ ਉਨਾਂ ਦੇ ਕੰਮ ਕਰਨ ਦੇ ਤਰੀਕੇ ਨੇ ਉਨਾਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਉਨਾਂ ਨੇ ਕਾਂਗਰਸ ਪਾਰਟੀ ਛੱਡ ਕੇ ਆਪ ਵਿੱਚ ਸ਼ਾਮਲ ਹੋਣ ਦਾ ਫੈਂਸਲਾ ਕੀਤਾ ਹੈ। ਇਸ ਮੋਕੇ ਤੇ ਅਮਰਿੰਦਰ ਸਿੰਘ ਬੈਂਸ,ਕੁਲਦੀਪ ਸਿੰਘ ਦਸਗਰਾਂ,ਦਲਜੀਤ ਸਿੰਘ ਬੈਂਸ, ਪੰਡਿਤ ਰੋਹਿਤ ਕਾਲੀਆ,ਰਿੰਕੂ ਸ਼ਰਮਾ,ਦਲਜੀਤ ਜਿੰਦਵੜੀ,ਵਿਨੋਦ ਸੈਣੀ ਮਾਜਰਾ,ਜਗਮੀਤ ਸਿੰਘ ਜੱਗਾ ਬਹਿਲੂ,ਗੁਰਨਾਮ ਰਾਣਾ,ਸ਼ਾਮ ਲਾਲ ਫੋਜੀ,ਨਿਤਿਨ ਬਾਸੋਵਾਲ,ਅੰਕੁਸ਼ ਪਾਠਕ ਤੇ ਹੋਰ ਮੋਜੂਦ ਸਨ।

# ਥਾਣਾ ਪਸਿਆਣਾ ਪੁਲਿਸ ਨੇ ਕੀਤਾ ਇੱਕ ਵਿਅਕਤੀ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ

**ਪਟਿਆਲਾ, 20 ਮਈ**
**ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਪਸਿਆਣਾ ਦੀ ਪੁਲਿਸ ਨੇ ਇੱਕ ਵਿਅਕਤੀ ਵਿਰੁੱਧ 22 ਗ੍ਰਾਮ ਚਿੱਟਾ ਨਸ਼ੀਲਾ ਪਾਊਡਰ ਬਰਾਮਦ ਹੋਣ 'ਤੇ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਮੁਤਾਬਕ ਏ. ਐਸ. ਆਈ. ਗੁਰਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਗੈਰ-ਸਮਾਜਿਕ ਅਨਸਰਾਂ ਦੀ ਭਾਲ ਵਿੱਚ ਬਿਜਲੀ ਗਰਿਡ ਡਕਾਲਾ ਕੋਲ ਮੌਜੂਦ ਸਨ ਨੇ ਜਦੋਂ ਰਜਿੰਦਰ ਸਿੰਘ ਪੁੱਤਰ ਗੀਠਾ ਸਿੰਘ ਵਾਸੀ ਸ਼ੇਰਮਾਜਰਾ ਥਾਣਾ ਪਸਿਆਣਾ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਜਦੋਂ ਚੈੱਕ ਕੀਤਾ ਤਾਂ ਉਸ ਕੋਲੋਂ 22 ਗ੍ਰਾਮ ਚਿੱਟਾ ਨਸ਼ੀਲਾ ਪਾਊਡਰ ਬਰਾਮਦ ਹੋਇਆ, ਜਿਸ 'ਤੇ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸੇ ਤਰ੍ਹਾਂ ਥਾਣਾ ਤ੍ਰਿਪੜੀ ਦੀ ਪੁਲਿਸ ਨੇ ਦੋ ਮਹਿਲਾਵਾਂ ਵਿਰੁੱਧ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ । ਪਲਸ ਮੁਤਾਬਕ ਐਸ.ਆਈ.ਅਵਤਾਰ ਸਿੰਘ ਜੋ ਕਿ ਗੈਰ-ਸਮਾਜਿਕ ਅਨਸਰਾਂ ਦੀ ਭਾਲ ਵਿੱਚ ਬੱਸ ਸਟੈਂਡ ਰੌਂਗਲਾ ਕੋਲ ਮੌਜੂਦ ਸਨ ਤਾਂ ਸੂਚਨਾ ਮਿਲੀ ਕਿ ਮਨਜੀਤ ਕੌਰ ਪਤਨੀ ਜਸਵੀਰ ਸਿੰਘ ਅਤੇ ਰਾਣੀ ਪਤਨੀ ਬਿੰਦਰ ਸਿੰਘ ਵਾਸੀ ਰੌਂਗਲਾ ਥਾਣਾ ਤ੍ਰਿ?ਪੜੀ ਹੈਰੋਇਨ ਵੇਚਣ ਦਾ ਧੰਦਾ ਕਰਦੀਆਂ ਹਨ ਅਤੇ ਰਾਣੀ ਬਾਹਰੋਂ ਕਿਸੇ ਥਾਂ ਤੋਂ ਹੈਰੋਇਨ ਲਿਆ ਕੇ ਮਨਜੀਤ ਕੌਰ ਨੂੰ ਸਪਲਾਈ ਕਰਦੀ ਹੈ ਤੇ ਹੁਣ ਵੀ ਮਨਜੀਤ ਕੌਰ ਵਲੋਂ ਰਾਣੀ ਕੌਰ ਦੇ ਘਰ ਦੇ ਬਾਹਰ ਹੈਰੋਇਨ ਵੇਚੀ ਜਾ ਰਹੀ ਹੈ ਅਤੇ ਰਾਣੀ ਕੌਰ ਵੱਲੋਂ ਹੈਰੋਇਨ ਵੇਚਣ ਲਈ ਬਾਹਰ ਜਾਇਆ ਗਿਆ ਹੈ। ਜਿਸ 'ਤੇ ਰੇਡ ਕਰਕੇ ਮਨਜੀਤ ਕੌਰ ਕੋਲੋਂ 150 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸੇ ਤਰ੍ਹਾਂ ਥਾਣਾ ਸਿਵਿਲ ਲਾਈਨ ਪਟਿਆਲਾ ਦੀ ਪੁਲਿਸ ਨੇ ਇੱਕ ਵਿਅਕਤੀ ਵਿਰੁੱਧ ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਮੁਤਾਬਕ ਐਸ. ਆਈ. ਅੰਗਰੇਜ਼ ਸਿੰਘ ਜੋ ਕਿ ਗੈਰ ਸਮਾਜਿਕ ਅਨਸਰਾਂ ਦੀ ਭਾਲ ਵਿੱਚ ਆਈ. ਟੀ. ਆਈ. ਚੌਕ ਨਾਭਾ ਰੋਡ ਪਟਿਆਲਾ ਕੋਲ ਮੌਜੂਦ ਸਨ ਤਾਂ ਸੋਨੂੰ ਪੁੱਤਰ ਰਾਜ ਵਾਸੀ ਅਜੀਤ ਨਗਰ ਪਟਿਆਲਾ ਥਾਣਾ ਸਿਵਲ ਲਾਈਨ ਪਟਿਆਲਾ ਨੂੰ ਜਦੋਂ ਰੋਕ ਕੇ ਚੈੱਕ ਕੀਤਾ ਗਿਆ ਤਾਂ ਉਸ ਕੋਲੋਂ 30 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ, ਜਿਸ 'ਤੇ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ 'ਚ ਜਵਾਨ ਅਤੇ ਕਿਸਾਨ ਦੋਵੇਂ ਨਾਰਾਜ਼ : ਵਿਜੇ ਇੰਦਰ ਸਿੰਗਲਾ

- ਵਿਜੇ ਇੰਦਰ ਸਿੰਗਲਾ ਨੇ ਵਾਅਦਾ ਕੀਤਾ ਕਿ ਅਸੀਂ ਫੌਜੀਆਂ ਅਤੇ ਕਿਸਾਨਾਂ ਦੋਵਾਂ ਦੀ ਤਕਦੀਰ ਬਦਲਾਂਗੇ

-ਭਾਰਤੀ ਫੌਜ 'ਚ ਪੰਜਾਬ ਦਾ ਵੱਡਾ ਯੋਗਦਾਨ, ਅਗਨੀਵੀਰ ਭਰਤੀ ਯੋਜਨਾ ਦੇ ਐਲਾਨ ਤੋਂ ਬਾਅਦ ਰੁਕੀ ਰੈਗੂਲਰ ਭਰਤੀ, ਨੌਜਵਾਨ ਨਿਰਾਸ਼।

-ਕਾਂਗਰਸ ਸੱਤਾ 'ਚ ਆਉਂਦੇ ਹੀ ਅਗਨੀਵੀਰ ਯੋਜਨਾ ਨੂੰ ਖਤਮ ਕਰ ਦੇਵੇਗੀ



**ਨਵਾਂ ਸ਼ਹਿਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਆਨੰਦਪੁਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਵਿਜੇ ਇੰਦਰ ਸਿੰਗਲਾ ਨੇ ਮੋਦੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਅੱਜ ਜਵਾਨ ਅਤੇ ਕਿਸਾਨ ਖੂਨ ਦੇ ਹੰਝੂ ਰੋ ਰਹੇ ਹਨ, ਇਹ ਦੋਵੇਂ ਹੀ ਇਸ ਸਰਕਾਰ ਤੋਂ ਨਰਾਜ਼ ਹੋ ਚੁੱਕੇ ਹਨ, ਦੋਵੇਂ ਆਪਣੀ ਵੋਟ ਦੀ ਚੋਟ ਨਾਲ ਇਸ ਸਰਕਾਰ ਨੂੰ ਸਬਕ ਸਿਖਾਉਣਗੇ। ਪਰ ਅਸੀਂ ਵਾਅਦਾ ਕਰਦੇ ਹਾਂ ਕਿ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਅਸੀਂ ਫੌਜੀਆਂ ਅਤੇ ਕਿਸਾਨਾਂ ਦੀ ਤਕਦੀਰ ਬਦਲ ਦੇਵਾਂਗੇ।

ਪੰਜਾਬ ਦੇ ਮੌਜੂਦਾ ਹਾਲਾਤ ਨੂੰ ਬਦਲਣ ਅਤੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੀ ਲੋੜ ਨੂੰ ਦੁਹਰਾਉਂਦੇ ਹੋਏ ਵਿਜੇ ਇੰਦਰ ਸਿੰਗਲਾ ਨੇ ਬੰਗਾ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਭਾਜਪਾ ਦੀ ਅਗਨੀਪਥ ਯੋਜਨਾ ਤੇ ਜਮਕਰ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਨੀਪਥ ਯੋਜਨਾ ਇੱਕ ਧੋਖਾ ਹੈ। ਇਹ ਨੌਜਵਾਨ ਵਿਰੋਧੀ ਨੀਤੀ ਹੈ ਜੋ ਸਾਡੇ ਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੀ ਹੈ, ਨੌਜਵਾਨ ਸਾਡੇ ਦੇਸ਼ ਦੀ ਵਿਰਾਸਤ ਹਨ। ਭਾਰਤੀ ਫੌਜ ਵਿੱਚ ਪੰਜਾਬ ਦਾ ਬਹੁਤ ਵੱਡਾ ਯੋਗਦਾਨ ਹੈ, ਪੰਜਾਬ ਨੂੰ ਸਭ ਤੋਂ ਵੱਧ ਨੌਜਵਾਨਾਂ ਨੂੰ ਫੌਜ ਵਿੱਚ ਭੇਜਣ ਲਈ ਜਾਣਿਆ ਜਾਂਦਾ ਹੈ, 2020 ਤੱਕ ਪੰਜਾਬ ਵਿੱਚੋਂ 8000 ਦੇ ਕਰੀਬ ਨੌਜਵਾਨ ਭਰਤੀ ਕੀਤੇ ਗਏ ਸਨ। ਉਸ ਤੋਂ ਬਾਅਦ ਦੇ ਦੋ ਸਾਲਾਂ ਵਿੱਚ, ਖੇਤਰ ਦੇ ਲਗਭਗ 10,000 ਨੌਜਵਾਨ ਫੌਜ ਵਿੱਚ ਨੌਕਰੀਆਂ ਤੋਂ ਵਾਂਝੇ ਰਹਿ ਗਏ। ਅਗਨੀਵੀਰ ਯੋਜਨਾ ਦੇ ਅਧੀਨ ਸੈਨਿਕਾਂ ਨੂੰ ਨਿਯਮਤ ਸੈਨਾ ਵਿੱਚ ਆਪਣੇ ਹਮਰੁਤਬਾ ਦੇ ਉਲਟ ਪੈਨਸ਼ਨ, ਕੰਟੀਨ ਸਹੂਲਤਾਂ ਜਾਂ ਸ਼ਹੀਦ ਦਾ ਦਰਜਾ ਨਹੀਂ ਮਿਲੇਗਾ।

ਵਿਜੇ ਇੰਦਰ ਸਿੰਗਲਾ ਨੇ ਭਾਜਪਾ ਸਰਕਾਰ 'ਤੇ ਵੱਡਾ ਹਮਲਾ ਕਰਦਿਆਂ ਕਿਹਾ ਕਿ ਅਗਨੀਵੀਰ ਆਪਣੀ ਜਾਨ ਦੇ ਦੇਣਗੇ ਪਰ ਉਨ੍ਹਾਂ ਨੂੰ ਸ਼ਹੀਦ ਦਾ ਦਰਜਾ ਅਤੇ ਸਨਮਾਨ ਨਹੀਂ ਮਿਲੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਨੂੰ ਵੋਟ ਦੇਣ ਨਾਲ ਪੰਜਾਬ ਦੀ ਇਸ ਅਣਸੁਖਾਵੀਂ ਸਥਿਤੀ ਨਾਲ ਨਜਿੱਠਣ ਵਿਚ ਮਦਦ ਮਿਲੇਗੀ ਕਿਉਂਕਿ ਕਾਂਗਰਸ ਅਜਿਹੀਆਂ ਨੌਜਵਾਨ ਵਿਰੋਧੀ ਨੀਤੀਆਂ ਨੂੰ ਆਉਂਦੇ ਸਾਰ ਹੀ ਬਦਲ ਦੇਵੇਗੀ।

ਇਸ ਨਾਲ ਪੰਜਾਬ ਦੇ ਨੌਜਵਾਨਾਂ ਦੇ ਜੀਵਨ ਵਿਚ ਇਕ ਨਵੀਂ ਕ੍ਰਾਂਤੀ ਆਵੇਗੀ, ਜਿੱਥੇ ਪੰਜਾਬ ਸਭ ਤੋਂ ਵੱਡੇ ਪੱਧਰ 'ਤੇ, ਨੌਜਵਾਨਾਂ ਨੂੰ ਫੌਜ ਅਤੇ ਹਥਿਆਰਬੰਦ ਬਲਾਂ ਵਿੱਚ ਭਰਤੀ ਕੀਤਾ ਜਾਂਦਾ ਹੈ। ਉਨ੍ਹਾਂ ਪੰਜਾਬ ਦੇ ਕਿਸਾਨਾਂ ਦੀ ਹਾਲਤ ਨੂੰ ਲੈ ਕੇ ਵੀ ਭਾਜਪਾ 'ਤੇ ਵਰ੍ਹਦਿਆਂ ਕਿਹਾ ਕਿ ਜਦੋਂ ਉਹ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਾ ਚਾਹੁੰਦੇ ਸਨ ਤਾਂ ਉਨ੍ਹਾਂ ਨਾਲ ਕਿਵੇਂ ਵਿਵਹਾਰ ਕੀਤਾ ਗਿਆ। ਕੀ ਲੋਕਤੰਤਰ ਵਿੱਚ ਕਿਸਾਨਾਂ ਨੂੰ ਵਿਰੋਧ ਕਰਨ ਦਾ ਹੱਕ ਨਹੀਂ ਹੈ? ਕੀ ਅਸੀਂ ਅਜਿਹੇ ਲੋਕਤੰਤਰ ਦਾ ਸੁਪਨਾ ਦੇਖਿਆ ਸੀ? ਹੁਣ ਸਮਾਂ ਆ ਗਿਆ ਹੈ ਕਿ ਜਨਤਾ ਅਜਿਹੀ ਤਾਨਾਸ਼ਾਹੀ ਸਰਕਾਰ ਨੂੰ ਸਬਕ ਸਿਖਾਉਣ।

ਵਿਜੇ ਇੰਦਰ ਸਿੰਗਲਾ ਦੇ ਨਾਲ ਤਰਲੋਚਨ ਸੂੰਧ, ਸਾਬਕਾ ਵਿਧਾਇਕ ਅਤੇ ਸਤਵੀਰ ਸਿੰਘ, ਸਾਬਕਾ ਚੇਅਰਮੈਨ ਵੀ ਸਨ ਅਤੇ ਉਨ੍ਹਾਂ ਨੇ ਠੰਡੀਆਂ, ਸੰਯੋਗ ਪੈਲੇਸ ਲਧਾਣਾ ਉਚਾ, ਹੀਓਂ, ਕੰਗਰੌਰ, ਭਰੋਲੀ, ਝੰਡੇਰ ਖੁਰਦ, ਸੰਧਵਾਂ, ਮਾਂਗਟ ਡਿੰਗਰਾਂ, ਵਾਰਡ ਨੰਬਰ 1, ਬੰਗਾ, ਵਿੱਚ ਚੋਣ ਪ੍ਰਚਾਰ ਕੀਤਾ। ਵਾਰਡ ਨੰ. 14 ਬੰਗਾ ਦੇ ਨੇੜੇ ਮਸਜਿਦ ਦੇ ਪਾਸ ਬੰਗਾ ਮੈਦਾਨ ਵਿਖੇ ਬੜੇ ਉਤਸ਼ਾਹ ਨਾਲ ਸਮਾਪਤ ਹੋਈ। ਉਨ੍ਹਾਂ ਦੀਆਂ ਜਨਤਕ ਸਭਾਵਾਂ ਵਿੱਚ ਲੋਕਾਂ ਵਿੱਚ ਭਾਰੀ ਉਤਸ਼ਾਹ ਸੀ।

# ਵਾਰਡ ਨੰਬਰ 6 ਦੇ ਵਸਨੀਕ ਦੂਸ਼ਿਤ ਪਾਣੀ ਦੀ ਸਪਲਾਈ ਕਾਰਨ ਡਾਹਢੇ ਪ੍ਰੇਸ਼ਾਨ

**ਡੇਰਾ ਬਸੀ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾਬੱਸੀ ਨਗਰ ਕੌਂਸਲ ਅਧੀਨ ਪੈਂਦੇ ਵਾਰਡ ਨੰਬਰ 6 ਦੇ ਵਸਨੀਕ ਲੰਮੇ ਸਮੇਂ ਤੋਂ ਦੂਸ਼ਿਤ ਪਾਣੀ ਦੀ ਸਪਲਾਈ ਤੋਂ ਡਾਹਢੇ ਪ੍ਰੇਸ਼ਾਨ ਹਨ। ਲੋਕਾਂ ਨੇ ਨਗਰ ਕੌਂਸਲ ਅਧਿਕਾਰੀਆਂ ਨੂੰ ਸਾਫ ਪਾਣੀ ਮੁਹੱਇਆ ਕਰਾਉਣ ਦੀ ਗੁਹਾਰ ਲਗਾਈ ਹੈ।ਲੋਕਾਂ ਨੇ ਨਗਰ ਕੌਂਸਲ ਅਧਿਕਾਰੀਆਂ ਖ਼ਿਲਾਫ਼ ਰੋਸ਼ ਪ੍ਰਗਟ ਕਰਦਿਆਂ ਪਾਣੀ ਸਪਲਾਈ ਦਰੁਸਤ ਕਰਨ ਦੀ ਵੀ ਮੰਗ ਕੀਤੀ ਹੈ।



ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਵਾਰਡ ਵਾਸੀਆਂ ਨੇ ਦੱਸਿਆ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਵਾਰਡ ਨੰਬਰ 6 ਵਿੱਚ ਦੂਸ਼ਿਤ ਪਾਣੀ ਦੀ ਸਪਲਾਈ ਤੋਂ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਉਹ ਅਨੇਕਾਂ ਵਾਰ ਹੀ ਨਗਰ ਕੌਂਸਲ ਅਧਿਕਾਰੀਆਂ ਸਮੇਤ ਕੌਂਸਲਰ ਨੂੰ ਵੀ ਜਾਣੂੰ ਕਰਾ ਚੁੱਕੇ ਹਨ ਪਰ ਕਿਸੇ ਵੀ ਅਧਿਕਾਰੀ ਅਤੇ ਰਾਜਨੀਤਕ ਆਗੂ ਨੇ ਅੱਜ ਤੱਕ ਉਨ੍ਹਾਂ ਦੀ ਇਸ ਸਮੱਸਿਆ ਦਾ ਹੱਲ ਨਹੀਂ ਕੀਤਾ। ਜਿਸ ਤੋਂ ਬਾਅਦ ਵਾਰਡ ਨੰਬਰ 6 ਦੇ ਵਸਨੀਕਾਂ ਨੇ ਤੰਗ ਆਕੇ ਆਪਣੇ ਘਰਾਂ ਵਿੱਚ ਫਿਲਟਰ ਲਗਵਾ ਲਏ ਤਾਂ ਜ਼ੋ ਉਨ੍ਹਾਂ ਨੂੰ ਦੂਸ਼ਿਤ ਪਾਣੀ ਨਾ ਪੀਣਾ ਪਵੇ। ਉਨ੍ਹਾਂ ਰੋਸ਼ ਪ੍ਰਗਟ ਕਰਦਿਆਂ ਕਿਹਾ ਕਿ ਚੋਣਾਂ ਵਿੱਚ ਵੱਡੇ ਵੱਡੇ ਦਾਅਵੇ ਕਰਨ ਵਾਲੇ ਵੱਖ ਵੱਖ ਪਾਰਟੀਆਂ ਦੇ ਰਾਜਨੀਤਕ ਆਗੂ ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹਈਆ ਕਰਵਾਉਣ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਦੀ ਸਰਕਾਰ ਸੀ ਅਤੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਵੱਲੋਂ ਟਰੱਕ ਯੂਨੀਅਨ ਨੇੜੇ ਇਕ ਨਵਾਂ ਟਿਊਬਵੈੱਲ ਲਗਵਾਈਆਂ ਸੀ। ਜਿਸ ਵਿਚੋਂ ਇਸ ਵਾਰਡ ਨੂੰ ਪਾਣੀ ਦੀ ਸਪਲਾਈ ਆਉਂਦੀ ਹੈ। ਉਸੇ ਦਿਨ ਤੋਂ ਵਾਰਡ ਨੰਬਰ 6 ਵਿੱਚ ਦੂਸ਼ਿਤ ਪਾਣੀ ਦੀ ਸਪਲਾਈ ਆ ਰਹੀ ਹੈ। ਪਰ ਕਿਸੇ ਵੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਨੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਨਹੀਂ ਕੀਤਾ। ਜਿਸ ਕਾਰਨ ਉਨ੍ਹਾਂ ਨੂੰ ਦੂਸ਼ਿਤ ਪਾਣੀ ਵਰਤਕੇ ਆਪਣੀ ਜ਼ਿੰਦਗੀ ਬਤੀਤ ਕਰਨੀ ਪੈ ਰਹੀ ਹੈ। ਜਿਸ ਕਾਰਨ ਉਨ੍ਹਾਂ ਨੂੰ ਖਾਣਾ ਬਣਾਉਣ, ਨਹਾਉਣ ਅਤੇ ਕੱਪੜੇ ਧੋਣ ਵਿੱਚ ਵੀ ਪ੍ਰੇਸ਼ਾਨੀ ਆ ਰਹੀ ਹੈ। ਜਿਸ ਕਾਰਨ ਉਨ੍ਹਾਂ ਦੇ ਘਰਾਂ ਵਿੱਚ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਅਤੇ ਫਿਲਟਰ ਜਲਦੀ ਖ਼ਰਾਬ ਹੋ ਜਾਂਦੇ ਹਨ। ਜਿਸ ਦਾ ਖਮਿਆਜ਼ਾ ਉਨ੍ਹਾਂ ਨੂੰ ਆਰਥਿਕ ਤੌਰ ਤੇ ਨੁਕਸਾਨ ਝੱਲ ਕੇ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੌਂਸਲ ਅਧਿਕਾਰੀਆਂ ਨੂੰ ਵਾਰ ਵਾਰ ਸ਼ਿਕਾਇਤ ਕਰਨ ਤੇ ਵੀ ਕੋਈ ਸੁਣਵਾਈ ਨਹੀਂ ਹੋ ਰਹੀ। ਦੂਸ਼ਿਤ ਪਾਣੀ ਦੀ ਸਪਲਾਈ ਕਰਕੇ ਗੁਜ਼ਾਰਾ ਕਰਨਾ ਔਖਾ ਹੋਇਆ ਪਿਆ ਹੈ। ਸਾਫ਼ ਪਾਣੀ ਤੋਂ ਬਿਨਾਂ ਜ਼ਿੰਦਗੀ ਨਰਕ ਵਰਗੀ ਬਣੀ ਹੋਈ ਹੈ ਅਤੇ ਗੰਦੇ ਪਾਣੀ ਕਰਕੇ ਬਿਮਾਰੀ ਫੈਲਣ ਦਾ ਡਰ ਸਤਾ ਰਿਹਾ ਹੈ। ਵਾਰਡ ਨੰਬਰ 6 ਦੇ ਵਸਨੀਕਾਂ ਨੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਇਸ ਪਾਸੇ ਧਿਆਨ ਦਿੰਦੇ ਹੋਏ ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ ਮੁਹੱਇਆ ਕਰਾਉਣ ਦੀ ਗੁਹਾਰ ਲਗਾਈ ਹੈ। ਜਦੋਂ ਇਸ ਬਾਰੇ ਨਗਰ ਕੌਂਸਲ ਕਾਰਜਸਾਧਕ ਅਫ਼ਸਰ ਜਗਜੀਤ ਸਿੰਘ ਜੱਜ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਸੀ। ਉਨ੍ਹਾਂ ਦੀਆਂ ਡਿਊਟੀ ਲੋਕ ਸਭਾ ਚੋਣਾਂ ਵਿੱਚ ਲੱਗੀ ਹੋਈ ਹੈ। ਉਹ ਕੱਲ ਹੀ ਨਗਰ ਕੌਂਸਲ ਅਧਿਕਾਰੀਆਂ ਦੀ ਡਿਊਟੀ ਲਗਾਕੇ ਇਸ ਸਮੱਸਿਆ ਦਾ ਹੱਲ ਕਰਵਾ ਦੇਣਗੇ ਤਾਂ ਜ਼ੋ ਵਾਰਡ ਵਾਸੀਆਂ ਨੂੰ ਸਾਫ ਅਤੇ ਸਵੱਛ ਪਾਣੀ ਦੀ ਸਪਲਾਈ ਮਿਲ ਸਕੇ।

# ਮੈਡਮ ਡਿੰਪਲ ਨੂੰ ਵੱਡਾ ਸਮਰਥਨ



**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਵ ਸੇਵਾ ਪਰਿਸ਼ਦ ਪੰਜਾਬ ਦੀ ਪ੍ਰਧਾਨ ਅਤੇ ਪਟਿਆਲਾ ਲੋਕ ਸਭਾ ਆਜ਼ਾਦ ਉਮੀਦਵਾਰ ਮੈਡਮ ਡਿੰਪਲ ਜੀ ਨੇ ਦੱਸਿਆ ਕਿ ਉਹਨਾਂ ਨੂੰ ਬੜਾ ਮਾਨ ਹੈ ਕਿ ਪਟਿਆਲਾ ਦੀ ਜਨਤਾ ਵੱਲੋਂ ਉਹਨਾਂ ਨੂੰ ਬਹੁਤ ਵੱਡਾ ਸਮਰਥਨ ਮਿਲ ਰਿਹਾ ਹੈ ਅਤੇ ਜਗ੍ਹਾ ਜਗ੍ਹਾ ਉਹਨਾਂ ਨੂੰ ਜਨਤਾ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ। ਇਨਾ ਪਿਆਰ ਦੇਖ ਕੇ ਕਈ ਵਾਰੀ ਉਹਨਾਂ ਦਾ ਮਨ ਭਰ ਜਾਂਦਾ ਹੈ ਅਤੇ ਉਹਨਾਂ ਨੇ ਕਿਹਾ ਕਿ ਜੇ ਉਹ ਚੋਣ ਜਿੱਤਦੇ ਹਨ ਤਾਂ ਉਹ ਪਟਿਆਲਾ ਦੇ ਵਿਕਾਸ ਲਈ 1000 ਕਰੋੜ ਰੁਪਆ ਕੇਂਦਰ ਸਰਕਾਰ ਤੋਂ ਲੈ ਕੇ ਆਉਣਗੇ ਜਿਹਦੇ ਨਾਲ ਪਟਿਆਲਾ ਸ਼ਹਿਰ ਨੂੰ ਦੇਸ਼ ਦਾ ਸਭ ਤੋਂ ਵਧੀਆ ਸ਼ਹਿਰ ਬਣਾਇਆ ਜਾਏਗਾ ਅਤੇ ਬੇਰੁਜ਼ਗਾਰੀ ਖਤਮ ਕੀਤੀ ਜਾਏਗੀ ਨਸ਼ਿਆਂ ਤੇ ਠੱਲ ਪਾਈ ਜਾਏਗੀ ਅਤੇ ਮਹਿਲਾਵਾਂ ਵਾਸਤੇ ਕੋਈ ਨਵੀਂ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ

# ਵਿਸ਼ਵ ਸਨਾਤਨ ਧਰਮ ਸਭਾ ਵੱਲੋਂ ਭਰਮੀ ਮੀਟਿੰਗ ਦਾ ਆਯੋਜਨ



ਵਿਸ਼ਵ ਸਨਾਤਨ ਧਰਮ ਸਭਾ ਦੇ ਮੈਂਬਰ ਮੀਟਿੰਗ ਦੌਰਾਨ।

**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਸਨਾਤਮ ਧਰਮ ਸਭਾ ਵੱਲੋਂ ਸਮੂਹ ਮੈਂਬਰਾਂ ਦੀ ਇੱਕ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਭਾ ਦੇ ਪ੍ਰਧਾਨ ਮਹੇਸ਼ ਸ਼ਰਮਾ ਪਿੰਕੀ ਅਤੇ ਹੋਰ ਮੈਂਬਰਾਂ ਵੱਲੋਂ ਜਾਣਕਾਰੀ ਨੂੰ ਸਾਂਝਾ ਕੀਤਾ ਗਿਆ ਕਿ ਆਗਾਮੀ 22 ਮਈ ਨੂੰ ਸ਼ਾਮ ਨੂੰ 7 ਵਜੇ ਤੋਂ 11ਵਿਸ਼ਵ ਪ੍ਰਸਿੱਧ ਭਜਨ ਗਾਇਕ ਕਨਈਆ ਮਿੱਤਲ ਵੀਰ ਹਕੀਕਤ ਰਾਏ ਗਰਾਊਂਡ ਵਿਖੇ ਪਟਿਆਲਵੀਆਂ ਨੂੰ ਆਪਣੇ ਮਧੁਰ ਭਜਨਾਂ ਨਾਲ ਮੰਤਰ ਮੁਗਧ ਕਰਨ ਗਏ। ਇਸ ਲਈ ਸਮੂਹ ਪਟਿਆਲਵੀਆਂ ਨੂੰ ਖੁੱਲੇ ਤੌਰ ਤੇ ਇਸ ਭਜਨ ਸੰਧਿਆ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਵਿਪਨ ਸ਼ਰਮਾ, ਨਵੀਨ ਸ਼ਰਮਾ, ਅਸ਼ਵਨੀ ਕਪੂਰ, ਸੰਜੀਵ ਸ਼ਰਮਾ, ਰੋਹਿਤ ਜੋਸ਼ੀ, ਵਿਕਰਮ ਸ਼ਰਮਾ ਗੋਲਡੀ, ਰਿੰਕੂ ਸੂਦ, ਮਨੀਸ਼ ਪੂਰੀ, ਬਿੱਟੂ ਜਲੋਟਾ, ਗੀਤਾ ਪਾਠਕ, ਮੋਨੀਕਾ ਸ਼ਰਮਾ, ਟੋਨੀ ਬਿੰਦਰਾ, ਲੱਕੀ ਸੋਢੀ, ਧਨੂ ਬਾਤਿਸ਼, ਸ਼ਿਵਰਾਜ ਸ਼ਰਮਾ, ਰੋਹਿਤ ਗੋਇਲ, ਵਿਕਾਸ ਗੁਪਤਾ, ਰਜਤ ਪਰਾਸ਼ਰ, ਅਨਿਲ ਅੱਤਰੀ, ਸ਼ਿਸ਼ੂ ਪਾਲ ਮੰਗਲਾ, ਰਿਸ਼ੀ ਭਾਰਦਵਾਜ, ਅਸ਼ੋਕ ਗਰਗ, ਰਾਜਨ ਸ਼ਰਮਾ ਗੁਰਿੰਦਰ ਕਾਂਸਲ, ਜਸਵਿੰਦਰ ਜੂਲਕਾ, ਭੁਪਿੰਦਰ ਸੈਣੀ, ਸੁਮੰਤ ਮੌਦਗਿਲ, ਤਾਰਾ ਚੰਦ ਸੋਲੰਕੀ, ਸ਼ਿਵ ਕੁਮਾਰ ਭੋਲਾ, ਪੰਕਜ ਸ਼ਰਮਾ, ਰਵੀ ਮਦਾਨ, ਅਸ਼ੋਕ ਸ਼ਰਮਾ ਬਿੱਟੂ, ਧਵਨ ਬੰਸਲ ਅਤੇ ਭੁਪੇਸ਼ ਅਰੋੜਾ ਹਾਜਰ ਸਨ।

# ਮੋਦੀ ਸਰਕਾਰ ਦੇ 10 ਸਾਲਾਂ ਦੇ ਕਾਰਜਾਂ ਨੂੰ ਸਮਰਪਿਤ ਗੀਤ (ਮੋਦੀ ਜੀ ਹਮਾਰਾ) ਕੀਤਾ ਰਿਲੀਜ਼




**ਜ਼ੀਰਕਪੁਰ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਰ 'ਚ ਚੱਲ ਰਹੀ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਭਾਰਤੀ ਜਨਤਾ ਪਾਰਟੀ ਦੇ ਸੂਬਾ ਸਕੱਤਰ ਸੰਜੀਵ ਖੰਨਾ ਅਤੇ ਉਨ੍ਹਾਂ ਦੀ ਟੀਮ ਨੇ 'ਮੋਦੀ ਸਰਕਾਰ ਨੂੰ ਸਮਰਪਿਤ ਗੀਤ (ਮੋਦੀ ਜੀ ਹਮਾਰਾ)' ਨਾਂ ਦਾ ਗੀਤ ਰਿਲੀਜ਼ ਕੀਤਾ ਅਤੇ ਉਨ੍ਹਾਂ ਕਿਹਾ ਕਿ ਇਹ ਗੀਤ ਪੰਜਾਬ ਦੇ ਚੋਣ ਪ੍ਰਚਾਰ ਦੌਰਾਨ ਚਲਾਇਆ ਜਾਵੇਗਾ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਗੀਤ ਵਿੱਚ ਮੋਦੀ ਦੇ ਪੂਰੇ 10 ਸਾਲਾਂ ਦੇ ਕੰਮ ਨੂੰ ਸੰਗੀਤ ਮੇ ਮਾਲਾ ਦੇ ਰੂਪ ਵਿੱਚ ਬਿਠਾਇਆ ਗਿਆ ਹੈ ਅਤੇ ਇਹ ਗੀਤ ਸਿਰਫ਼ ਚੋਣ ਪ੍ਰਚਾਰ ਲਈ ਹੈ ਇਹ ਗੀਤ ਹਰ ਘਰ ਅਤੇ ਹਰ ਦੇਸ਼ ਵਾਸੀ ਦੀ ਜ਼ੁਬਾਨ 'ਤੇ ਸੁਣਿਆ ਜਾਵੇਗਾ ਅਤੇ ਉਨ੍ਹਾਂ ਕਿਹਾ ਕਿ ਇਸ ਗੀਤ ਨੂੰ ਨੌਜਵਾਨਾਂ ਦੀ ਟੀਮ ਨੇ ਬਹੁਤ ਘੱਟ ਸਮੇਂ 'ਚ ਬਣਾਇਆ ਹੈ ਅਤੇ ਭਾਰਤੀ ਜਨਤਾ ਪਾਰਟੀ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ ਹੈ। ਉਹਨਾਂ ਦਾ ਪਹਿਲਾ ਕੰਮ ਕਿੱਤੇ ਅਤੇ ਸ਼ੌਕ ਅਨੁਸਾਰ ਉਤਸ਼ਾਹਿਤ ਕਰਨਾ ਹੈ ਕਿਉਂਕਿ ਇਹ ਨੌਜਵਾਨ ਦੇਸ਼ ਦਾ ਭਵਿੱਖ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਨੌਜਵਾਨ ਦੇਸ਼ ਦੀ ਵਾਗਡੋਰ ਸੰਭਾਲਣਗੇ।

ਇਸ ਗੀਤ ਦੇ ਪ੍ਰੋਜੈਕਟ ਮੈਨੇਜਰ ਅਤੇ ਨਿਰਦੇਸ਼ਕ ਜਤਿਨ ਨੇ ਵੀ ਕਿਹਾ ਕਿ ਇਹ ਗੀਤ ਆਪਣੇ ਆਪ ਵਿਚ ਇਕ ਮੀਲ ਪੱਥਰ ਸਾਬਤ ਹੋਵੇਗਾ ਕਿਉਂਕਿ ਗੀਤ ਦੀ ਆਵਾਜ਼ ਅਤੇ ਬੋਲ ਨਵੇਂ ਉੱਭਰਦੇ ਕਲਾਕਾਰ ਸ਼ਿਆਮਨ ਦੇ ਹਨ ਜੋ ਇਕੱਲੇ ਪਿਤਾ ਹਨ ਅਤੇ ਮੱਧ ਵਰਗ ਨਾਲ ਸਬੰਧ ਰੱਖਦੇ ਹਨ ਜੋ ਕਿ ਆਪਣੀ ਗਾਇਕੀ ਨਾਲ ਹੀ ਆਪਣੇ ਪਰਿਵਾਰ ਦਾ ਪੇਟ ਪਾਲਦੇ ਹਨ ਅਤੇ ਆਸ਼ਾ ਮਿਊਜ਼ਿਕ ਦੇ ਬੈਨਰ ਹੇਠ ਰਿਲੀਜ਼ ਭਾਰਤੀ ਜਨਤਾ ਪਾਰਟੀ ਦੇ ਸੂਬਾ ਸਕੱਤਰ ਸੰਜੀਵ ਖੰਨਾ ਦੀ ਅਗਵਾਈ ਹੇਠ ਕੀਤਾ ਗਿਆ।

ਇਸ ਗੀਤ ਰਿਲੀਜ਼ ਮੌਕੇ ਭਾਰਤੀ ਜਨਤਾ ਪਾਰਟੀ ਜ਼ੀਰਕਪੁਰ ਤੋਂ ਸੰਜੀਵ ਖੰਨਾ ਪੰਜਾਬ ਦੇ ਸੂਬਾ ਸਕੱਤਰ ਸਮੇਤ ਪ੍ਰਦੀਪ ਸ਼ਰਮਾ ਜੀਰਕਪੁਰ (ਮੰਡਲ ਪ੍ਰਧਾਨ), ਮੁਕੇਸ਼ ਸ਼ਰਮਾ, ਹੰਸਰਾਜ ਸ਼ਰਮਾ, ਅਭਿਨੀਤ ਸ਼ਰਮਾ, ਅਜੈ ਨਰਾਇਣ ਅਤੇ ਤਰੁਣ ਸ਼ਰਮਾ ਹਾਜ਼ਰ ਸਨ ਅਤੇ ਸੰਜੀਵ ਖੰਨਾ ਜੀ ਦੀ ਤਰਫੋਂ ਪ੍ਰੇਮ ਰਾਜਸਥਾਨੀ ਦਾ ਵਿਸ਼ੇਸ਼ ਧੰਨਵਾਦ ਅਤੇ ਗੀਤ ਦੀ ਤਾਰੀਫ ਕੀਤੀ।

# ਪੰਜਾਬ ਪਬਲਿਕ ਸਕੂਲ, ਨਾਭਾ ਵਿਖੇ ਮਨਾਇਆ ਗਿਆ 'ਰਾਸ਼ਟਰੀ ਤਕਨਾਲੋਜੀ ਦਿਵਸ'

**ਨਾਭਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਸ਼ਟਰੀ ਤਕਨਾਲੋਜੀ ਦਿਵਸ ਦੇ ਮੌਕੇ 'ਤੇ ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ ਮੋਹਾਲੀ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਅਭੈ ਐਚ. ਪਾਂਡੇ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਆਪਣੇ ਭਾਸ਼ਣ ਵਿੱਚ, ਪ੍ਰੋਫੈਸਰ ਪਾਂਡੇ ਨੇ ਆਮ ਤੌਰ 'ਤੇ ਬਾਇਓਫਾਰਮਾਸਿਊਟੀਕਲ ਅਤੇ ਖਾਸ ਤੌਰ 'ਤੇ ਐਂਟੀਬਾਡੀ-ਅਧਾਰਤ ਬਾਇਓਫਾਰਮਾਸਿਊਟੀਕਲਸ ਦੇ ਵਿਸ਼ੇ ਉੱਪਰ ਵਿਚਾਰ-ਚਰਚਾ ਕੀਤੀ। ਉਹ ਲਾਈਫ ਸਾਇੰਸਜ਼ 2018 ਲਈ ਵੱਕਾਰੀ ਸੀ.ਐਸ.ਆਈ.ਆਰ (CSIR) ਟੈਕਨਾਲੋਜੀ ਅਵਾਰਡ ਦੇ ਜੇਤੂ ਹਨ। ਉਹਨਾਂ ਨੇ ਆਪਣੇ ਖੋਜ ਪ੍ਰੋਗਰਾਮ ਦਾ ਡਾਟਾ ਵੀ ਸਾਂਝਾ ਕੀਤਾ ਜਿਸ ਵਿੱਚ ਇਲਾਜ ਦੀ ਵਰਤੋਂ ਲਈ ਇੰਜੀਨੀਅਰਡ ਐਂਟੀਬਾਡੀਜ਼ ਵਿਕਸਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਸਮੂਹ ਵਿਦਿਆਰਥੀ ਨੂੰ ਨਾਇਪਰ (NIPER) ਦੁਆਰਾ ਪ੍ਰਦਾਨ ਕੀਤੇ ਜਾਂਦੇ ਮੌਕਿਆਂ ਨੂੰ ਹਾਸਲ ਕਰਨ ਅਤੇ ਆਮ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਦਵਾਈਆਂ ਦੇ ਵਿਕਾਸ ਲਈ ਖੋਜਾਂ ਕਰਨ ਦਾ ਸੱਦਾ ਦਿੱਤਾ।

ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਅਧਿਆਪਕ ਵਰਗ ਨੇ ਹਿੱਸਾ ਲਿਆ। ਸਮਾਗਮ ਦੇ ਅੰਤ ਵਿੱਚ ਡਾ. ਪਾਂਡੇ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਰਾਸ਼ਟਰੀ ਤਕਨਾਲੋਜੀ ਦਿਵਸ ਦੀ ਮਹੱਤਤਾ ਉੱਪਰ ਰੋਸ਼ਨੀ ਪਾਈ। ਇਸ ਮੌਕੇ ਸਕੂਲ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਡਾ. ਪਾਂਡੇ ਦਾ ਸਕੂਲ ਵਿੱਚ ਆ ਕੇ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰਨ ਲਈ ਅਤੇ ਆਪਣਾ ਕੀਮਤੀ ਸਮਾਂ ਦੇਣ ਲਈ ਧੰਨਵਾਦ ਕੀਤਾ, ਨਾਲ ਹੀ ਉਨ੍ਹਾਂ ਨੇ ਡਾਕਟਰ ਪਾਂਡੇ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

# ਸਿਵਲ ਹਸਪਤਾਲ ਸਮਾਣਾ ਵਿਖੇ ਮਨਾਇਆ ਰਾਸ਼ਟਰੀ ਡੇਂਗੂ ਦਿਵਸ

**ਸਮਾਣਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਹਸਪਤਾਲ ਸਮਾਣਾ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਮਨਜੀਤ ਕੌਰ ਦੀ ਅਗਵਾਈ ਹੇਠ ਰਾਸ਼ਟਰੀ ਡੈਂਗੂ ਦਿਵਸ ਮਨਾਇਆ ਗਿਆ। ਜਿਸ ਵਿੱਚ ਡਾ. ਅਨਮੋਲ ਨਾਗਪਾਲ ਨੇ ਡੇਂਗੂ ਬੁਖਾਰ ਦੇ ਸਬੰਧ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਇਹ ਮੱਛਰ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਹ ਮੱਛਰ ਰਾਤ ਅਤੇ ਤੜਕੇ ਵੇਲੇ ਹੀ ਕੱਟਦੇ ਹਨ। ਜਿਸ ਨਾਲ ਡੈਂਗੂ ਬੁਖਾਰ ਹੋ ਸਕਦਾ ਹੈ। ਹਰ ਸ਼ੁੱਕਰਵਾਰ ਆਪਣੇ ਘਰਾਂ ਦੇ ਕੂਲਰਾਂ, ਡਰੰਮਾ, ਫਰਿੱਜਾਂ ਦੀਆਂ ਟ੍ਰੇਆਂ, ਟਾਇਰ, ਗਮਲਿਆਂ ਦੇ ਵਿੱਚ ਖੜੇ ਪਾਣੀ ਨੂੰ ਜਰੂਰ ਸ਼ਾਫ ਕਰੋ ਤਾਂ ਕਿ ਡੈਂਗੂ ਦਾ ਲਾਰਵਾ ਪੈਦਾ ਨਾ ਹੋ ਸਕੇ।



# ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਜ਼ਰੂਰੀ, ਪਰਮਿੰਦਰ ਕੌਰ ਮਨਚੰਦਾ

**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰੈਡ ਕਰਾਸ ਨਸਾ ਮੁਕਤੀ ਕੇਂਦਰ ਅਤੇ ਪੁਨਰਵਾਸ ਸਾਕੇਤ ਹਸਪਤਾਲ ਪਟਿਆਲਾ ਵਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਣ ਨੂੰ ਬਚਾਉਣ ਲਈ ਸ਼ਮਸ਼ਾਨ ਘਾਟ ਬਡੂੰਗਰ ਵਿਖੇ ਵਾਤਾਵਰਣ ਸ਼ੁੱਧਤਾ ਲਈ ਬੂਟੇ ਲਗਾਏ ਗਏ, ਜਿਸ ਵਿਚ ਵਿਸ਼ੇਸ਼ ਤੌਰ ਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ,ਰਾਮੇਸ ਧੀਮਾਨ,ਕਮਲ ਬਾਂਸਲ ਤੋਂ ਇਲਾਵਾ ਨਸ਼ਾ ਮੁਕਤ ਕੇਂਦਰ ਦੇ ਸਟਾਫ ਮੈਂਬਰਾਂ ਕੌਸਲਰ ਰਣਜੀਤ ਕੌਰ,ਕੌਸਲਰ ਜਸਪ੍ਰੀਤ ਸਿੰਘ ਅਤੇ ਸਮੂਹ ਸਟਾਫ ਸਾਕੇਤ ਹਸਪਤਾਲ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਨਸ਼ਾ ਛਡਾਊ ਅਤੇ ਪੁਨਰਵਾਸ ਕੇਂਦਰ ਦੇ ਪ੍ਰੋਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਜ਼ਰੂਰੀ ਹੈ।




ਉਨ੍ਹਾਂ ਕਿਹਾ ਕਿ ਹਰ ਇੱਕ ਮਨੁੱਖ ਨੂੰ ਸਾਲ ਵਿੱਚ ਪੰਜ ਰੁੱਖ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦੇ ਸਕਾਂਗੇ।

# ਜਰਨਤਾ ਦੀ ਨਜ਼ਰ ’ਚ ਲੋਕ ਸਭਾ ਹਲਕਾ ਪਟਿਆਲਾ

## ਪਟਿਆਲਾ ਹਲਕੇ ਵਿੱਚ ਚੱਲ ਰਹੀ ਹੈ ਕਾਂਗਰਸ ਦੀ ਲਹਿਰ : ਡਾ: ਗਾਂਧੀ



**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ 2 ਦਰਜਨ ਤੋਂ ਜ਼ਿਆਦਾ ਪਿੰਡਾਂ ਦਾ ਦੌਰਾ ਕੀਤਾ ਗਿਆ ਜਿਸ ਮੌਕੇ ਉਹਨਾਂ ਨਾਲ਼ ਹਲਕਾ ਇੰਚਾਰਜ ਦਰਬਾਰਾ ਸਿੰਘ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ। ਇਸ ਮੌਕੇ ਬੋਲਦਿਆਂ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਸਮੁੱਚੇ ਲੋਕ ਸਭਾ ਹਲਕਾ ਪਟਿਆਲਾ ਵਿੱਚ ਦਿਨੋਂ ਦਿਨ ਕਾਂਗਰਸ ਪਾਰਟੀ ਦੀ ਲਹਿਰ ਜ਼ੋਰ ਫੜਦੀ ਜਾ ਰਹੀ ਹੈ ਕਿਉਂਕਿ ਲੋਕ ਅੱਜ ਸਮਝ ਰਹੇ ਹਨ ਕਿ ਕੇਂਦਰ ਵਿੱਚ ਮੋਦੀ ਸਰਕਾਰ ਦਾ ਬਦਲ ਸਿਰਫ਼ ਅਤੇ ਸਿਰਫ਼ ਕਾਂਗਰਸ ਪਾਰਟੀ ਹੀ ਹੈ।

ਓਹਨਾਂ ਕਿਸਾਨਾਂ ਮਜ਼ਦੂਰਾਂ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਹਾ ਕਿ ਕੇ ਮੋਦੀ ਹਕੂਮਤ ਸਮਝਦੀ ਹੈ ਕਿ ਦਿੱਲੀ ਉਹਨਾਂ ਦੀ ਹੈ ਤਾਂ ਓਹ ਇਹ ਵੀ ਸਮਝ ਲੈਣ ਕਿ ਇਹ ਪਿੰਡ ਸਾਡੇ ਲੋਕਾਂ ਦੇ ਹਨ। ਲੋਕ ਤੁਹਾਡੇ ਜ਼ੁਲਮ ਨੂੰ ਭੁੱਲੇ ਨਹੀਂ, ਇਸ ਲਈ ਹੀ ਕਿਸਾਨ ਮਜਦੂਰ ਡਟ ਕੇ ਭਾਜਪਾ ਦਾ ਵਿਰੋਧ ਕਰ ਰਹੇ ਹਨ ਕਿਉਂਕਿ ਭਾਜਪਾ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕ ਕੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਹੈ।

ਇਸਤੋਂ ਇਲਾਵਾ ਓਹਨਾਂ ਦੱਸਿਆ ਕਿ ਕਾਂਗਰਸ ਪਾਰਟੀ ਦੀ ਅਗਵਾਈ ਵਿੱਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਮਗਰੋਂ ਜਿੱਥੇ ਕਿਸਾਨਾਂ ਲਈ MSP ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇਗੀ, ਉੱਥੇ ਹੀ ਮਜ਼ਦੂਰਾਂ ਲਈ ਮਨਰੇਗਾ ਦੀ ਦਿਹਾੜੀ ਘੱਟੋ ਘੱਟ 400 ਰੁਪਏ ਅਤੇ ਪੂਰਾ ਸਾਲ ਕੰਮ ਦਿੱਤਾ ਜਾਵੇਗਾ। ਇਸਤੋਂ ਇਲਾਵਾ ਹਰ ਲੋੜਵੰਦ ਪਰਿਵਾਰ ਲਈ 25 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਬੀਮਾ ਕਰਵਾਇਆ ਜਾਵੇਗਾ। ਇਸ ਮੌਕੇ ਕਈ ਪਿੰਡਾਂ ’ਚੋਂ ਵੱਡੀ ਗਿਣਤੀ ਵਿੱਚ ਪਰਿਵਾਰ ਆਪ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ।

ਮੌਜੂਦਾ ਇਕੱਠਾਂ ਨੂੰ ਦਰਬਾਰਾ ਸਿੰਘ ਬਨਵਾਲਾ ਹਲਕਾ ਇੰਚਾਰਜ ਸ਼ੁਤਰਾਣਾ, ਗੁਰਸ਼ਰਨ ਕੌਰ ਰੰਧਾਵਾ ਪ੍ਰਧਾਨ ਮਹਿਲਾ ਕਾਂਗਰਸ ਪੰਜਾਬ,ਮਹੰਤ ਹਰਵਿੰਦਰ ਸਿੰਘ ਖਨੌੜਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਪਟਿਆਲਾ ਸਮੇਤ ਕਈ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ।




## ਪੰਜਾਬ ਦੇ ਲੋਕ ਇੱਕ ਵਾਰ ਫਿਰ ‘ਝਾੜੂ’ ਦਾ ਬਟਨ ਦਬਾਉਣ ਲਈ ਖੜੇ ਹਨ ਤਿਆਰ : ਡਾ ਬਲਬੀਰ

**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਸੂਬਾ ਸਰਕਾਰ ਨੇ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਹਿੱਤ ਲਈ ਇਤਿਹਾਸਿਕ ਫੈਸਲੇ ਲਏ, ਜਿਸ ਦੇ ਸਿੱਟੇ ਵਜੋਂ ਅੱਜ ਪੰਜਾਬ ਦੇ ਲੋਕ ‘ਆਪ’ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਹਨ। ਇਸੇ ਲਈ ਹਰ ਰੋਜ਼ ਵੱਡੀ ਗਿਣਤੀ ਵਿੱਚ ਲੋਕ ਹੋਰਨਾਂ ਸਿਆਸੀ ਤੇ ਝੂਠੀਆਂ ਪਾਰਟੀਆਂ ਦਾ ਪੱਲਾ ਛੱਡ ਕੇ ਆਮ ਲੋਕਾਂ ਦੀ ਪਾਰਟੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਹ ਪ੍ਰਗਟਾਵਾ ਲੋਕ ਸਭਾ ਹਲਕਾ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ ਬਲਵੀਰ ਸਿੰਘ ਨੇ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ ਦੀ ਅਗਵਾਈ ਵਿੱਚ ਕੁਲਵਿੰਦਰ ਸਿੰਘ ਸਰਪੰਚ ਪਿੰਡ ਕਲੋਲੀ ਜੱਟਾਂ ਪ੍ਰਧਾਨ ਪੰਚਾਇਤ ਯੂਨੀਅਨ ਰਾਜਪੁਰਾ ਅਤੇ ਉਨਾਂ ਦੇ ਸੈਕੜੇਂ ਸਾਥੀਆਂ ਸਮੇਤ ਕਾਂਗਰਸ ਛੱਡ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਉਣ ਮੌਕੇ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਮਲ ਸਿੰਘ ਸਾਬਕਾ ਸਰਪੰਚ, ਸਰਬਜੀਤ ਕੌਰ ਸਾਬਕਾ ਸਰਪੰਚ, ਰੇਸ਼ਮ ਸਿੰਘ ਸਾਬਕਾ ਸਰਪੰਚ, ਸੰਤ ਸਿੰਘ ਨੰਬਰਦਾਰ, ਪ੍ਰਦੀਪ ਸਿੰਘ ਪੰਚ, ਪਰਮਿੰਦਰ ਸਿੰਘ ਪੰਚ, ਸਰਬਜੀਤ ਕੌਰ ਪੰਚ, ਪ੍ਰਭੂ ਰਾਮ ਪੰਚ, ਗੁਰਪ੍ਰੀਤ ਸਿੰਘ ਪ੍ਰਧਾਨ



ਗੁਰੂਦੁਆਰਾ ਕਮੇਟੀ, ਅਵਤਾਰ ਸਿੰਘ ਆਦਿ ਵੀ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਬੀਬੀ ਸਰਵਨਜੀਤ ਕੌਰ ਬਟਲਾਣਾ, ਪਰਮਿੰਦਰ ਸਿੰਘ ਸ਼ਾਹਪੁਰ, ਜ਼ਸਵੀਰ ਗਾਂਧੀ ਅਤੇ ਜ਼ਸਬੀਰ ਸਿੰਘ ਆਦਿ ਹਾਜ਼ਰ ਸਨ। ਡਾ. ਬਲਬੀਰ ਨੇ ਕਿਹਾ ਕਿ ਲੋਕਾਂ ਵੱਲੋਂ ਮਿਲ ਰਹੇ ਪਿਆਰ ਅਤੇ ਸਹਿਯੋਗ ਲਈ ਉਹ ਧੰਨਵਾਦੀ ਹਨ, ਕਿਉਂਕਿ ਇਹ ਪਿਆਰ ਹੀ ਉਨ੍ਹਾਂ ਨੂੰ ਅਣਥੱਕ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਉਨ੍ਹਾਂ ਕਿਹਾ ਕਿ 2022 ਵਿੱਚ ਪੰਜਾਬ ਦੇ ਲੋਕਾਂ ਨੇ ਉਨ੍ਹਾਂ ’ਤੇ ਭਰੋਸਾ ਕਰਕੇ ਵੱਡੀ ਜ਼ਿੰਮੇਵਾਰੀ ਸੌਂਪੀ ਸੀ ਅਤੇ ਹੁਣ 2024 ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨੇਕ ਸੋਚ ਸਦਕੇ ਆਪ ਦੀ ਸਰਕਾਰ ਵੱਲੋਂ 43,000 ਸਰਕਾਰੀ ਨੌਕਰੀਆਂ ਦੇਣ, ਘਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ, ਪੰਜਾਬ ਦੇ ਹਰੇਕ ਖੇਤ ਨੂੰ ਪਹਿਲੀ ਵਾਰ ਨਹਿਰੀ ਪਾਣੀ, ਸ਼ਹੀਦਾਂ ਦੇ ਪਰਿਵਾਰਾਂ ਨੂੰ 1 ਕਰੋੜ ਰੁਪਏ ਐਕਸ-ਗ੍ਰੇਸ਼ੀਆ ਆਦਿ ਜਿਹੀਆਂ ਹੋਰ ਗਾਰੰਟੀਆਂ ਪੂਰੀਆਂ ਕਰਨ ਤੋਂ ਬਾਅਦ ਵੀ ਉਹ ਲੋਕਾਂ ਦੇ ਪਿਆਰ ਸਦਕੇ ਲੋਕਾਂ ਵਿੱਚ ਖੜੇ ਹਨ।

ਡਾ. ਬਲਬੀਰ ਨੇ ਕਿਹਾ ਕਿ ਜਿੱਤ ਨੂੰ ਯਕੀਨੀ ਬਣਾਉਣ ਲਈ ਕੀਤੀ ਜਾ ਰਹੀ ਦਿਨ ਰਾਤ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਾਲੰਟੀਅਰ ਪਾਰਟੀ ਦੀ ਰੀੜ ਦੀ ਹੱਡੀ ਹਨ। ਇਸੇ ਕਾਰਨ ਆਮ ਆਦਮੀ ਪਾਰਟੀ ਦੇ ਸਧਾਰਨ ਘਰਾਂ ਦੇ ਨੌਜਵਾਨਾਂ ਨੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਵੱਡੇ ਵੱਡੇ ਧਨਾਢਾਂ ਅਤੇ ਸਾਹੀ ਘਰਾਣੇ ਦੇ ਉਮੀਦਵਾਰ ਦੀ ਨੀਂਦ ਹਰਾਮ ਕਰ ਦਿੱਤੀ ਹੈ।

ਉਨਾਂ ਕਿਹਾ ਕਿ ਅਸੀਂ ਸੂਬਾ ਸਰਕਾਰ ਵੱਲੋਂ ਕੀਤੇ ਕੰਮਾਂ ਦੇ ਆਧਾਰ ਤੇ ਲੋਕਾਂ ਕੋਲੋਂ ਵੋਟ ਮੰਗ ਰਹੇ ਹਾਂ। ਉਨ੍ਹਾਂ ਕਿਹਾ ਕਿ 1 ਜੂਨ ਨੂੰ ਲੋਕੀ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇੱਕ ਵਾਰ ਫਿਰ ਤੋਂ ਫਤਵਾ ਦੇਣਗੇ ਅਤੇ ਵੱਡੇ ਮਾਰਜਨ ਨਾਲ ਇੰਡਿਆਂ ਗੱਠਜੋੜ ਦੀ ਸਰਕਾਰ ਬਣਾ ਕੇ ਪਾਰਲੀਮੈਂਟ ਭੇਜਣਗੇ।

## ਲੋਕ ਸਭਾ ਚੋਣਾਂ ’ਚ ਮੇਰੀ ਜਿੱਤ ਦਾ ਮੁੱਖ ਆਧਾਰ ਹੋਵੇਗਾ ਪਟਿਆਲਾ ਵਾਸੀਆਂ ਦਾ ਭਰੋਸਾ : ਪ੍ਰਨੀਤ ਕੌਰ



**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸੱਦੇ ’ਤੇ ਸ਼ੁੱਕਰਵਾਰ ਨੂੰ ਕਰਵਾਏ ਗਏ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਪਟਿਆਲਾ ਲੋਕ ਸਭਾ ਸੀਟ ਤੋਂ ਭਾਜਪਾ ਦੀ ਉਮੀਦਵਾਰ ਪ੍ਰਨੀਤ ਕੌਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਮੇਰੀ ਜਿੱਤ ਦਾ ਮੁੱਖ ਆਧਾਰ ਪਟਿਆਲਾ ਦੇ ਲੋਕਾਂ ਦਾ ਭਰੋਸਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਭਰੋਸਾ ਇੱਕ ਦਿਨ ਵਿੱਚ ਨਹੀਂ ਬਣਿਆ। ਪਿਛਲੇ 25 ਸਾਲਾਂ ਤੋਂ ਉਹ ਲਗਾਤਾਰ ਪਟਿਆਲਾ ਵਾਸੀਆਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋ ਰਹੇ ਹਨ। ਪੂਰਾ ਪਟਿਆਲਾ ਵੀ ਉਹਨਾਂ ਦੇ ਪਰਿਵਾਰ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਸੀ ਸਹਿਯੋਗ ਦੇ ਆਧਾਰ ’ਤੇ ਬਣੇ ਇਸ ਭਰੋਸੇ ਨੂੰ ਮੈਂ ਹਮੇਸ਼ਾ ਆਪਣੀ ਤਾਕਤ ਮੰਨਿਆ ਹੈ। ਇਹੀ ਕਾਰਨ ਹੈ ਕਿ ਅੱਜ ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਮੇਰੇ ਖਿਲਾਫ ਇਕੱਠੇ ਹਨ, ਪਰ ਇਸ ਦੇ ਬਾਵਜੂਦ ਪਟਿਆਲੇ ਦੇ ਲੋਕਾਂ ਦਾ ਭਰੋਸਾ ਮੈਨੂੰ ਇਨ੍ਹਾਂ ਤਿੰਨਾਂ ਵਿਰੋਧੀ ਪਾਰਟੀਆਂ ਨਾਲ ਲੜਨ ਦੀ ਤਾਕਤ ਦੇ ਰਿਹਾ ਹੈ।

ਪ੍ਰਨੀਤ ਕੌਰ ਨੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਵਿੱਚ ਆਪਣੇ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਸਹਿਯੋਗ ਨੂੰ ਯਾਦ ਕਰਦਿਆਂ ਕਿਹਾ ਕਿ ਇਸ ਬਾਰੀ ਦੀਆਂ ਲੋਕਸਭਾ ਚੌਣਾ ਨੂੰ ਪਟਿਆਲਾ ਦੇ ਲੋਕ ਖ਼ੁੱਦ ਆਪਣੇ ਆਧਾਰ ਤੇ ਅੱਗੇ ਆ ਕੇ ਲੜ ਰਹੇ ਹਨ। ਉਹਨਾ ਕਿਹਾ ਕਿ ਪਟਿਯਾਲਾ ਵਾਸੀਆਂ ਨੀ ਪਤਾ ਹੈ ਕਿ ਨਰਿੰਦਰ ਮੋਦੀ ਦੇਸ਼ ਦੇ ਤਿਸਰੀ ਵਾਰ ਪ੍ਰਧਾਨ ਮੰਤਰੀ ਬਣਨਗੇ। ਉਹ ਪਟਿਆਲੇ ਤੱਕ ਨਰਿੰਦਰ ਮੋਦੀ ਦੇ ਹੱਥ ਮਜਬੂਤ ਕਰਕੇ ਹੀ ਪਟਿਆਲਾ ਵਾਸੀ ਆਪਣੇ ਬੱਚਿਆਂ ਅਤੇ ਸੂਬੇ ਦਾ ਭਵਿੱਖ ਸੁਰੱਖਿਅਤ ਕਰ ਸਕਣਗੇ।

ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਮੁੱਖ ਹਾਲ ਵਿੱਚ ਵੱਡੀ ਗਿਣਤੀ ਵਿੱਚ ਵਕੀਲਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਜਿਸ ਸਮੇਂ ਭਾਜਪਾ ਤੇ ਅਕਾਲੀ ਦਲ ਦਾ ਗਠਜੋੜ ਸੀ, ਉਸ ਸਮੇਂ ਵੀ ਪਟਿਆਲਾ ਨੂੰ ਭਾਜਪਾ ਦੇ ਹਿੱਸੇ ਵਿੱਚ ਨਹੀਂ ਰੱਖਿਆ ਗਿਆ। ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਜਨਤਾ ਪਾਰਟੀ ਵੱਲੋਂ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਵਜੋਂ ਉਹਨਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਪਟਿਆਲਾ ਦੇ ਲੋਕਾਂ ਨੂੰ ਨਰਿੰਦਰ ਮੋਦੀ ਦੀ ਤਾਕਤ ਵਧਾਉਣ ਦਾ ਮੌਕਾ ਮਿਲਿਆ ਹੈ ਅਤੇ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਔਖੇ ਸਮੇਂ ਵਿੱਚੋਂ ਕੱਢਣ ਲਈ ਉਨ੍ਹਾਂ ਨੇ ਭਾਜਪਾ ਦਾ ਹਿੱਸਾ ਬਣਨਾ ਹੀ ਬਿਹਤਰ ਸਮਝਿਆ।

ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੇ ਕਿਹਾ ਕਿ ਲੋਕਾਂ ਨੂੰ ਕਾਨੂੰਨ ਰਾਹੀਂ ਉਨ੍ਹਾਂ ਦੇ ਹੱਕ ਦਿਵਾਉਣ ਵਾਲੇ ਵਕੀਲ ਭਾਈਚਾਰੇ ਅਤੇ ਜ਼ਿਲ੍ਹਾ ਅਦਾਲਤ ਵਿੱਚ ਆਉਣ ਵਾਲੇ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਕੈਪੀਟਲ ਸਿਨੇਮਾ ਨੇੜੇ ਮਾਲ ਰੋਡ ’ਤੇ ਅੰਡਰਪਾਥ ਬਣਾਉਣ ਦੀ ਮੰਗ ਉਨ੍ਹਾਂ ਕੋਲ ਪੁੱਜੀ ਹੈ। ਉਹ ਲੋਕ ਸਭਾ ਚੋਣਾਂ ਵਿੱਚ ਜਿੱਤ ਤੋਂ ਤੁਰੰਤ ਬਾਅਦ ਇਸ ਮੰਗ ਨੂੰ ਪੂਰਾ ਕਰਵਾਉਣ ਲਈ ਹਰ ਸੰਭਵ ਯਤਨ ਕਰੇਗੀ। ਉਨ੍ਹਾਂ ਕਿਹਾ ਕਿ ਬੇਸ਼ੱਕ ਪਹਿਲਾਂ ਵੀ ਉਹ ਕੈਪਟਨ ਅਮਰਿੰਦਰ ਸਿੰਘ ਅਤੇ ਸੰਸਦ ਮੈਂਬਰ ਹੁੰਦਿਆਂ ਜ਼ਿਲ੍ਹਾ ਬਾਰ ਐਸੋਸੀਏਸ਼ਨ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ ਹਨ, ਪਰ ਭਵਿੱਖ ਵਿੱਚ ਵੀ ਉਹ ਐਸੋਸੀਏਸ਼ਨ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਕੋਈ ਸੰਕੋਚ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਬਾਰਾਦਰੀ ਵਿੱਚ ਵਕੀਲ ਭਾਈਚਾਰੇ ਦੀ ਸਹੂਲਤ ਲਈ ਸਾਬਕਾ ਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਪੱਕੀ ਪਾਰਕਿੰਗ ਮੁਹੱਈਆ ਕਰਵਾਈ ਸੀ, ਜਿਸ ਦਾ ਵਕੀਲ ਭਾਈਚਾਰੇ ਨੇ ਪੂਰਾ ਲਾਭ ਮਿਲਿਆ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਕਿਸਾਨਾਂ ਨੂੰ ਆਪਣੀਆਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਂ ਰੋਸ ਪ੍ਰਦਰਸ਼ਨ ਕਰਨ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪੂਰੀ ਤਰ੍ਹਾਂ ਜਾਇਜ਼ ਹਨ, ਪਰ ਮੋਦੀ ਸਰਕਾਰ ਤੀਸਰੀ ਵਾਰ ਪ੍ਰਧਾਨ ਮੰਤਰੀ ਬਣਦਿਆਂ ਹੀ ਕਿਸਾਨਾਂ ਦੀ ਹਰ ਜਾਇਜ਼ ਮੰਗ ਨੂੰ ਪੂਰਾ ਕਰਨ ਦਾ ਯਤਨ ਕਰਨਗੇ। ਉਨ੍ਹਾਂ ਕਿਹਾ ਕਿ ਉਹ ਭਾਜਪਾ ਬਾਰੇ ਜੋ ਵੀ ਜਾਣਦੇ ਹਨ, ਉਸ ਦੇ ਆਧਾਰ ’ਤੇ ਉਹ ਭਰੋਸੇ ਨਾਲ ਕਹਿ ਸਕਦੇ ਹਨ ਕਿ ਭਾਜਪਾ ਪੰਜਾਬ ਦੀ ਦੁਸ਼ਮਣ ਨਹੀਂ ਹੈ। ਪੰਜਾਬ ਦਾ ਭਵਿੱਖ ਭਾਜਪਾ ਜਾਂ ਨਰਿੰਦਰ ਮੋਦੀ ਰਾਹੀਂ ਹੀ ਸੁਰੱਖਿਅਤ ਹੋ ਸਕਦਾ ਹੈ।

## ਆਜ਼ਾਦ ਉਮੀਦਵਾਰ ਵੱਲੋਂ ਨਾਮਜ਼ਦਗੀ ਵਾਪਸ ਲੈਣ ਮਗਰੋਂ 26 ਉਮੀਦਵਾਰ ਮੈਦਾਨ ’ਚ

### ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ, ਈ.ਵੀ.ਐਮ. ਮਸ਼ੀਨਾਂ ਦੇ ਨਾਲ ਲੱਗਣ ਵਾਲੇ ਵਾਧੂ ਬੈਲੇਟ ਯੂਨਿਟਸ ਦੀ ਰੈਂਡੇਮਾਈਜੇਸ਼ਨ

**ਪਟਿਆਲਾ, 20 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**
ਲੋਕ ਸਭਾ ਚੋਣਾਂ ਲਈ ਪਟਿਆਲਾ ਤੋਂ ਇੱਕ ਆਜ਼ਾਦ ਉਮੀਦਵਾਰ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈਣ ਮਗਰੋਂ ਕੁਲ 26 ਉਮੀਦਵਾਰ ਚੋਣ ਮੈਦਾਨ ’ਚ ਰਹਿ ਗਏ ਹਨ।ਅੱਜ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਅੱਜ ਆਜ਼ਾਦ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟ ਕਰ ਦਿੱਤੇ।ਉਨ੍ਹਾਂ ਦੱਸਿਆ ਕਿ ਆਜ਼ਾਦ ਉਮੀਦਵਾਰ ਬਹਾਦਰ ਸਿੰਘ ਵੱਲੋਂ ਆਪਣੀ ਉਮੀਦਵਾਰੀ ਵਾਪਸ ਲੈ ਲਈ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਚੋਣ ਮੈਦਾਨ ’ਚ ਕੁਲ 26 ਉਮੀਦਵਾਰ ਹਨ ਅਤੇ ਇਨ੍ਹਾਂ ਦੇ ਨਾਲ ਇੱਕ ਬਟਨ ਨੋਟਾ ਦਾ ਵੀ ਹੋਵੇਗਾ, ਇਸ




ਤਰ੍ਹਾਂ ਉਮੀਦਵਾਰ 16 ਤੋਂ ਵੱਧਣ ਕਰਕੇ 1786 ਪੋਲਿੰਗ ਬੂਥਾਂ ਉਤੇ ਈ.ਵੀ.ਐਮਜ਼ ਨਾਲ ਇੱਕ-ਇੱਕ ਵਾਧੂ ਬੈਲੇਟ ਯੂਨਿਟ ਵੀ ਲੱਗੇਗਾ, ਇਨ੍ਹਾਂ ਵਾਧੂ ਲੱਗਣ ਵਾਲੇ ਬੀ.ਯੂ’ਜ ਦੀ ਪਹਿਲੀ ਸਪਲੀਮੈਂਟ ਰੈਂਡੇਮਾਈਜੇਸ਼ਨ ਅੱਜ ਉਮੀਦਵਾਰਾਂ ਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਈ.ਵੀ.ਐਮਜ਼ ਦੇ ਬੀ.ਯੂ’ਜ ਦੇ ਸੀਰੀਅਲ ਨੰਬਰਾਂ ਦੀ ਸੂਚੀ ਸਾਰੇ ਉਮੀਦਵਾਰਾਂ ਨੂੰ ਸੌਂਪ ਦਿੱਤੀ ਗਈ ਹੈ। ਇਸ ਮੌਕੇ ਉਮੀਦਵਾਰ ਤੇ ਉਨ੍ਹਾਂ ਦੇ ਨੁਮਾਇੰਦੇ ਅਤੇ ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ ਵੀ ਮੌਜੂਦ ਸਨ।

ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਰਾਜ ਦੇ ਰਾਜਨੀਤਿਕ ਦਲਾਂ ਦੇ ਉਮੀਦਵਾਰਾਂ ਵਿੱਚ ਬਹੁਜਨ ਸਮਾਜ ਪਾਰਟੀ ਦੇ ਜਗਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਧਰਮਵੀਰ ਗਾਂਧੀ, ਸ਼੍ਰੋਮਣੀ ਅਕਾਲ ਦਲ ਦੇ ਨਰਿੰਦਰ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ ਦੇ ਪ੍ਰਨੀਤ ਕੌਰ ਅਤੇ ਆਮ ਆਦਮੀ ਪਾਰਟੀ ਦੇ ਬਲਬੀਰ ਸਿੰਘ ਸ਼ਾਮਲ ਹਨ।

## ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਬੋਲੇ, ਪਟਿਆਲਾ ਬਣੇ ਸਮਾਰਟ ਅਤੇ ਹੈਰੀਟੇਜ ਸਿਟੀ

### ਅਕਾਲੀ ਦਲ ਦੇ ਉਮੀਦਵਾਰ ਦੀ ਪਹਿਲਕਦਮੀ, ਪਟਿਆਲਾ ਦੇ ਸੈਂਕੜੇ ਫਸਟ ਟਾਈਮ ਵੋਟਰਾਂ ਨਾਲ ਹੋਏ ਰੂਬਰੂ



**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਪੰਜਾਬ ਵਿੱਚ ਪਹਿਲੀ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਪਟਿਆਲਾ ਲੋਕ ਸਭਾ ਹਲਕੇ ਦੇ ਫਸਟ ਟਾਈਮ ਵੋਟਰਾਂ ਦੀ ਭੂਮਿਕਾ ਅਹਿਮ ਹੈ। ਇਸ ਦੀ ਮਹੱਤਤਾ ਨੂੰ ਸਮਝਦਿਆਂ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਅੱਜ ਪਟਿਆਲਾ ਦੇ ਨੌਜਵਾਨ ਵੋਟਰਾਂ ਨਾਲ ਰੂਬਰੂ ਹੋਏ। ਜਿਸ ਵਿੱਚ ਨੌਜਵਾਨਾਂ ਨੇ ਸ਼ਰਮਾ ਨੂੰ ਖੁੱਲ ਕੇ ਸਵਾਲ ਕੀਤੇ ਅਤੇ ਸ਼ਰਮਾ ਨੇ ਵੀ ਉਨ੍ਹਾਂ ਦੇ ਬਾਖੂਬੀ ਜਵਾਬ ਦਿੱਤੇ। ਪਟਿਆਲਾ ਵਿੱਚ ਇਹ ਪਹਿਲੀ ਵਾਰ ਹੈ ਕਿ ਚੋਣ ਲੜ ਰਹੇ ਉਮੀਦਵਾਰ ਨੇ ਫਸਟ ਟਾਈਮ ਵੋਟਰਾਂ ਨਾਲ ਮੁਲਾਕਾਤ ਕੀਤੀ ਹੈ।

‘ਨੌਜਵਾਨਾਂ ਦੇ ਸਵਾਲ-ਐਨ.ਕੇ.ਸ਼ਰਮਾ ਦੇ ਜਵਾਬ’ ਨਾਮਕ ਪ੍ਰੋਗਰਾਮ ਦੌਰਾਨ ਸ਼ਹਿਰ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਬੱਚਿਆਂ ਨੇ ਸਾਂਸਦ ਉਮੀਦਵਾਰ ਨੂੰ ਸਵਾਲ ਪੁੱਛੇ। ਜ਼ਿਆਦਾਤਰ ਬੱਚਿਆਂ ਨੇ ਪਟਿਆਲਾ ਦੀ ਤੁਲਨਾ ਮੁਹਾਲੀ ਨਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਹਿਰ ਨੂੰ ਸਮਾਰਟ ਅਤੇ ਹੈਰੀਟੇਜ ਸਿਟੀ ਬਣਨਾ ਚਾਹੀਦਾ। ਜਦੋਂ ਸੂਬੇ ਦੇ ਹੋਰ ਸ਼ਹਿਰ ਇੰਨੀ ਤਰੱਕੀ ਕਰ ਸਕਦੇ ਹਨ ਤਾਂ ਪਟਿਆਲਾ ਕਿਉਂ ਨਹੀਂ। ਇੱਕ ਨੌਜਵਾਨ ਨੇ ਜਦੋਂ ਕਰਜ਼ ਵਧਣ ਦਾ ਸਵਾਲ ਪੁੱਛਿਆ ਤਾਂ ਸ਼ਰਮਾ ਨੇ ਕਿਹਾ ਕਿ ਕਰਜ਼ਾ ਵਧਾਉਣ ਨਾਲੋਂ ਵੱਧ ਜ਼ਰੂਰੀ ਹੈ ਆਮਦਨ ਅਤੇ ਆਮਦਨ ਦੇ ਸਰੋਤਾਂ ਨੂੰ ਵਧਾਉਣਾ। ਪਿਛਲੇ 7 ਸਾਲਾਂ ਤੋਂ ਪੰਜਾਬ ’ਤੇ ਕਰਜ਼ਾ ਵਧਦਾ ਜਾ ਰਿਹਾ ਹੈ ਪਰ ਲੋਕਾਂ ਦੀ ਆਮਦਨ ਦੇ ਸਰੋਤ ਨਹੀਂ ਵਧ ਰਹੇ ਹਨ। ਸ਼ਹਿਰ ਦੇ ਇੱਕ ਕਾਲਜ ਦੇ ਵਿਦਿਆਰਥਣ ਨੇ ਜਦੋਂ ਸ਼ਰਮਾ ਨੂੰ ਉਨ੍ਹਾਂ ਦੇ ਵਿਜ਼ਨ ਬਾਰੇ ਪੁੱਛਿਆ ਤਾਂ ਅਕਾਲੀ ਦਲ ਦੇ ਉਮੀਦਵਾਰ ਨੇ ਕਿਹਾ ਕਿ ਪਟਿਆਲਾ ਵਿੱਚ ਸੈਰ-ਸਪਾਟੇ ਦੀਆਂ ਅਥਾਹ ਸੰਭਾਵਨਾਵਾਂ ਹਨ। ਉਹ ਸੰਸਦ ਮੈਂਬਰ ਬਣਨ ਤੋਂ ਬਾਅਦ ਇਸ ਸ਼ਹਿਰ ਨੂੰ ਹੈਰੀਟੇਜ ਸਿਟੀ ਵਜੋਂ ਵਿਕਸਤ ਕਰਨਗੇ ਜਿਸ ਨਾਲ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ।

ਘਨੌਰ ਦੇ ਵਸਨੀਕ ਇੱਕ ਨੌਜਵਾਨ ਨੇ ਇਸ ਗੱਲ ’ਤੇ ਅਫ਼ਸੋਸ ਪ੍ਰਗਟਾਇਆ ਕਿ ਪਟਿਆਲਾ ਅਨਪਲਾਨਡ ਸਿਟੀ ਹੈ ਅਤੇ ਇੱਕ ਸੰਸਦ ਮੈਂਬਰ ਇਸ ਵਿੱਚ ਕੀ ਕਰ ਸਕਦਾ ਹੈ। ਸ਼ਰਮਾ ਨੇ ਜਵਾਬ ਦਿੱਤਾ ਕਿ ਜੇਕਰ ਸੰਸਦ ਮੈਂਬਰਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵਿੱਚ ਤਾਲਮੇਲ ਹੋਵੇ ਤਾਂ ਮਾਸਟਰ ਪਲਾਨ ਬਣਾ ਕੇ ਵਿਕਾਸ ਕੀਤਾ ਜਾ ਸਕਦਾ ਹੈ। ਇੱਥੋਂ ਹੁਣ ਤੱਕ ਚੁਣੇ ਗਏ ਸੰਸਦ ਮੈਂਬਰ ਚੋਣਾਂ ਜਿੱਤ ਕੇ ਕਦੇ ਵੀ ਘਰ ਤੋਂ ਬਾਹਰ ਨਹੀਂ ਨਿਕਲੇ।

## ਪਟਿਆਲਾ ਕ੍ਰਾਇਮ ਰਿਪੋਰਟ

### ਟਰੈਕਟਰ ਟਰਾਲੀ ਚਾਲਕ ਵਿਰੁੱਧ ਫੇਟ ਮਾਰਨ ’ਤੇ ਮਾਮਲਾ ਦਰਜ

ਪਟਿਆਲਾ, 20 ਮਈ (ਅਮਰਜੀਤ ਸਿੰਘ ਲਾਂਬਾ) - ਥਾਣਾ ਸਦਰ ਪਟਿਆਲਾ ਦੀ ਪੁਲਿਸ ਨੇ ਸ਼ਿਕਾਇਤਕਰਤਾ ਦਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਤਖਤੂ ਮਾਜਰਾ ਥਾਣਾ ਖੇੜੀ ਗੰਡਿਆਂ ਦੀ ਸ਼ਿਕਾਇਤ ਦੇ ਅਧਾਰ ’ਤੇ ਟਰੈਕਟਰ ਟਰਾਲੀ ਚਾਲਕ ਬਲਕਾਰ ਸਿੰਘ ਪੁੱਤਰ ਗੁਰਾ ਸਿੰਘ ਵਾਸੀ ਪਿੰਡ ਮੱਲਨ ਮੱਲਾ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਖਿਲਾਫ ਧਾਰਾ 283, 279, 338 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣੇ ਲੜਕੇ ਜੁਝਾਰ ਸਿੰਘ 7 ਸਾਲ ਅਤੇ ਲੜਕੀ ਜਸਵਿੰਦਰ ਕੌਰ ਨਾਲ ਆਪਣੇ ਆਟੋ ’ਤੇ ਸਵਾਰ ਹੋ ਕੇ ਪਿੰਡ ਸ਼ੰਕਰਪੁਰ ਕੋਲ ਜਾ ਰਿਹਾ ਸੀ ਤਾਂ ਉਪਰੋਕਤ ਟ੍ਰੈਕਟਰ- ਟਰਾਲੀ ਚਾਲਕ ਨੇ ਤੇਜ਼ ਰਫਤਾਰ ਨਾਲ ਉਹਨਾਂ ਨੂੰ ਫੇਟ ਮਾਰ ਦਿੱਤੀ, ਜਿਸ ਨਾਲ ਵਾਪਰੀ ਸੜਕ ਦੁਰਘਟਨਾ ਵਿੱਚ ਉਸਦੇ ਲੜਕੇ ਦੇ ਕਾਫੀ ਸੱਟਾਂ ਲੱਗੀਆਂ । ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਪੀ. ਓ. ਸਟਾਫ ਪੁਲਸ ਨੇ ਕੀਤਾ 3 ਭਗੌੜਿਆਂ ਨੂੰ ਗ੍ਰਿਫ਼ਤਾਰ ਤੇ ਇਕ ਨੂੰ ਟ੍ਰੇਸ

ਪਟਿਆਲਾ, 18 ਮਈ (ਕੌਮੀ ਪੱਤ੍ਰਿਕਾ)-ਪੀ. ਓ. ਸਟਾਫ ਪਟਿਆਲਾ ਦੀ ਪੁਲਸ ਪਾਰਟੀ ਨੇ ਇੰਚਾਰਜ ਏ. ਐਸ. ਆਈ. ਦਲਜੀਤ ਸਿੰਘ ਖੰਨਾ ਦੀ ਅਗਵਾਈ ਹੇਠ ਤਿੰਨ ਭਗੌੜਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਦੋਂ ਕਿ ਇਕ ਨੂੰ ਟ੍ਰੇਸ ਕੀਤਾ ਹੈ। ਪਹਿਲੇ ਕੇਸ ’ਚ ਅਵਤਾਰ ਸਿੰਘ ਉਰਫ਼ ਲੱਡੂ ਪੁੱਤਰ ਮਲਕੀਤ ਰਾਮ ਵਾਸੀ ਨੀਲਵਾੜਾ (ਰੱਤੇਵਾਲ) ਥਾਣਾ ਕਾਠਗੜ੍ਹ ਜ਼ਿਲਾ ਨਵਾਂ ਸ਼ਹਿਰ ਵਿਰੁੱਧ ਥਾਣਾ ਤ੍ਰਿਪੜੀ ਵਿਖੇ 24 ਅਪ੍ਰੈਲ 2019 ਨੂੰ ਐਨ. ਡੀ. ਪੀ. ਐਸ. ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ ਨੂੰ ਮਾਨਯੋਗ ਕੋਰਟ ਨੇ 18 ਮਾਰਚ 2024 ਨੂੰ ਪੀ. ਓ. ਕਰਾਰ ਦਿੱਤਾ ਸੀ। ਦੂਸਰੇ ਕੇਸ ’ਚ ਅਜੈਬ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਪਿੰਡ ਚੌਂਹਠ ਥਾਣਾ ਸਦਰ ਸਮਾਣਾ ਵਿਰੁੱਧ ਥਾਣਾ ਸਦਰ ਸਮਾਣਾ ਵਿਖੇ 1 ਅਗਸਤ 2020 ਨੂੰ 420 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਗਿਆ ਸੀ ਨੂੰ ਮਾਨਯੋਗ ਕੋਰਟ ਨੇ 14 ਦਸੰਬਰ 2023 ਨੂੰ ਪੀ. ਓ. ਕਰਾਰ ਦਿੱਤਾ ਸੀ। ਤੀਸਰੇ ਕੇਸ ’ਚ ਚਾਂਦ ਕੁਮਾਰ ਪੁੱਤਰ ਅਸ਼ੋਕ ਕੁਮਾਰ ਵਾਸੀ ਜੈ ਜਵਾਨ ਕਾਲੋਨੀ ਪਟਿਆਲਾ ਵਿਰੁੱਧ ਥਾਣਾ ਅਰਬਨ ਐਸਟੇਟ ਪਟਿਆਲਾ ਵਿਖੇ 2019 ’ਚ 138 ਐਨ.ਆਈ. ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ ਨੂੰ ਮਾਨਯੋਗ ਅਦਾਲਤ



ਨੇ 7 ਦਸੰਬਰ 2022 ਨੂੰ ਪੀ.ਓ. ਕਰਾਰ ਦਿੱਤਾ ਸੀ। ਚੌਥੇ ਕੇਸ ’ਚ ਸ਼ੰਮੀ ਪੁੱਤਰ ਦਲਬੀਰ ਸਿੰਘ ਵਾਸੀ ਸੰਜੇ ਕਾਲੋਨੀ ਸਨੌਰੀ ਅੱਡਾ ਪਟਿਆਲਾ ਵਿਰੁੱਧ ਥਾਣਾ ਸਿਟੀ ਰੋਪੜ ਵਿਖੇ 21 ਨਵੰਬਰ 2018 ਨੂੰ ਧਾਰਾ 382, 34 ਆਈ. ਪੀ. ਸੀ. ਤਹਿਤ ਕੇਸ ਦਰਜ ਕੀਤਾ ਗਿਆ ਸੀ ਨੂੰ ਮਾਨਯੋਗ ਕੋਰਟ ਨੇ 20 ਮਈ 2023 ਨੂੰ ਪੀ. ਓ. ਕਰਾਰ ਦਿੱਤਾ ਸੀ ਇਸ ਵੇਲੇ ਥਾਣਾ ਬਰੇਟ ਵਿਖੇ 20 ਅਗਸਤ 2021 ਨੂੰ ਧਾਰਾ 302, 34 ਆਈ. ਪੀ.ਸੀ. ਤਹਿਤ ਦਰਜ ਕੀਤੇ ਗਏ ਕੇਸ ’ਚ ਕੇਂਦਰੀ ਜੇਲ ਪਟਿਆਲਾ ਵਿਖੇ ਬੰਦ ਹੈ। ਉਕਤ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਟ੍ਰੇਸ ਕਰਨ ’ਚ ਏ. ਐਸ. ਆਈ. ਜਸਪਾਲ ਸਿੰਘ, ਏ. ਐਸ. ਆਈ. ਸੁਰਜੀਤ ਸਿੰਘ, ਏ. ਐਸ. ਆਈ. ਹਰਜਿੰਦਰ ਸਿੰਘ, ਏ. ਐਸ. ਆਈ. ਬਲਵਿੰਦਰ ਸਿੰਘ ਅਤੇ ਏ. ਐਸ.ਆਈ. ਅਮਰਜੀਤ ਸਿੰਘ ਸ਼ਾਮਲ ਹਨ।

## ਮੁੱਢਲਾ ਸਿਹਤ ਕੇਂਦਰ ਵਿਖੇ ਮਨਾਇਆ ਗਿਆ ਵਿਸ਼ਵ ਹਾਈਪਰਟੈਨਸ਼ਨ ਦਿਵਸ

**ਸ੍ਰੀ ਕੀਰਤਪੁਰ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਡਾ.ਮਨੂੰ ਵਿੱਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਦਲਜੀਤ ਕੌਰ ਨੇ ਦੱਸਿਆ ਕਿ 20 ਮਈ ਨੂੰ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਜਾਂਦਾ ਹੈ, ਅੱਜ ਕੀਰਤਪੁਰ ਸਾਹਿਬ ਅਧੀਨ ਸਾਰੇ ਹੈਲਥ ਐਂਡ ਵੈਲਨੈਸ ਸੈਂਟਰਾਂ ਤੇ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹਾਈਪਰਟੈਨਸ਼ਨ ਜਾਂ ਹਾਈ ਬਲੱਡ ਪ੍ਰੈਸ਼ਰ ਚੁੱਪਚਾਪ ਵਿਕਸਤ ਹੁੰਦਾ ਹੈ ਅਤੇ ਤੁਹਾਡੀ ਤੰਦਰੁਸਤੀ ਦੇ ਵੱਖ-ਵੱਖ ਪਹਿਲੂਆਂ ਨੂੰ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੰਦਾ ਹੈ। ਸਾਲ 2024 ਲਈ ਹਾਈਪਰਟੈਨਸ਼ਨ ਦਿਵਸ ਦਾ ਥੀਮ ‘ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸ ਨੂੰ ਕੰਟਰੋਲ ਕਰੋ, ਲੰਬੇ ਸਮੇਂ ਤੱਕ ਜੀਓ’ ਹੈ,




ਜਿਸ ਦਾ ਉਦੇਸ਼ ਇਸ ਸਥਿਤੀ ਦੀ ਗੰਭੀਰਤਾ ਬਾਰੇ ਜਾਗਰੂਕਤਾ ਵਧਾਉਣਾ ਹੈ।

ਇਸ ਸਬੰਧ ਹੋਰ ਜਾਣਕਾਰੀ ਦਿੰਦਿਆਂ ਡਾ. ਜੰਗਜੀਤ ਸਿੰਘ ਬਲਾਕ ਮੈਡੀਕਲ ਅਫਸਰ ਨੇ ਦੱਸਿਆ ਕਿ ਹਾਈਪਟੈਨਸ਼ਨ ਤੋਂ ਬਚਣ ਲਈ ਸਾਨੂੰ ਸ਼ਰੀਰਕ ਕਸਰਤ ਕਰਨੀ ਚਾਹੀਦੀ ਹੈ, ਸੈਰ ਦੀ ਜਰੂਰਤ ਹੈ, ਤਲੀਆਂ ਚੀਜ਼ਾਂ ਦੀ ਘੱਟ ਵਰਤੋਂ, ਜੰਕ ਫੂਡ ਨਹੀਂ ਖਾਣਾ ਚਾਹੀਦਾ, ਘੱਟ ਨਮਕ ਦੀ ਵਰਤੋਂ ਕਰਨੀ ਚਾਹੀਦੀ ਹੈ। ਰੋਜ਼ਾਨਾ ਸਾਨੂੰ ਮੋਸਮੀ ਫਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤੇ ਸਾਨੂੰ ਤਨਾਅ ਮੁਕਤ ਜਿੰਦਗੀ ਜੀਣੀ ਚਾਹੀਦੀ ਹੈ। ਇਸ ਮੌਕੇ ਸ਼੍ਰੀ ਸਿਕੰਦਰ ਸਿੰਘ ਐਸ.ਆਈ ਨੇ ਦੱਸਿਆ ਕਿ ਸਾਡੇ ਹੈਲਥ ਐਂਡ ਵੈਲਨੈਸ ਸੈਂਟਰਾਂ ਤੇ ਸਟਾਫ ਵੱਲੋਂ ਲੋਕਾਂ ਨੂੰ ਜਾਗਰੂਕ ਸਮੇਂ ਸਮੇਂ ਤੇ ਜਾਗਰੂਕ ਕੀਤਾ ਜਾਦਾ ਹੈ।

ਜੇਕਰ ਕਿਸੇ ਦਾ ਬਲੱਡ ਪ੍ਰੈਸ਼ਰ ਵੱਧਦਾ ਹੈ ਤਾਂ ਉਸ ਨੂੰ ਕੰਟ੍ਰੋਲ ਕਰਨ ਲਈ ਮੁਫਤ ਵਿੱਚ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਤੇ ਬਲੱਡ ਪ੍ਰੈਸ਼ਰ ਚੈੱਕ ਕੀਤਾ ਜਾਂਦਾ ਹੈ।

ਇਸ ਮੌਕੇ ਸੁਨੀਤਾ ਕੁਮਾਰੀ, ਰਮਨਦੀਪ ਕੌਰ, ਹਰਜੀਤ ਕੌਰ ਸਟਾਫ ਨਰਸ, ਦਲਬੀਰ ਕੌਰ, ਬਲਜੀਤ ਕੌਰ, ਭਰਤ ਕਪੂਰ ਤੇ ਹੋਰ ਸਟਾਫ ਹਾਜ਼ਰ ਸੀ।

## ਮਿਊਂਸੀਪਲ ਕਰਮਚਾਰੀ ਦਲ ਯੂਨੀਅਨ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੀ ਸਰਬਸੰਮਤੀ ਚੋਣ



**ਮਾਛੀਵਾੜਾ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਮਿਊਂਸੀਪਲ ਕਰਮਚਾਰੀ ਦਲ (ਰਜਿ:) ਨਗਰ ਕੌਂਸਲ ਮਾਛੀਵਾੜਾ ਸਾਹਿਬ ਵੱਲੋਂ ਸਰਬਸੰਮਤੀ ਨਾਲ ਮਿਊਂਸੀਪਲ ਯੂਨੀਅਨ ਦੀ ਚੋਣ ਕੀਤੀ ਗਈ। ਇਸ ਮੌਕੇ ਮਿਊਂਸੀਪਲ ਕਰਮਚਾਰੀ ਦਲ ਦੇ ਨਵ-ਨਿਯੁਕਤ ਚੇਅਰਮੈਨ ਨੰਬਰਦਾਰ ਰੌਸ਼ਨ ਲਾਲ ਹੰਸ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਾਰੇ ਮੁਲਾਜ਼ਮਾਂ ਦੀ ਸਹਿਮਤੀ ਨਾਲ ਧਰਮਵੀਰ ਪਾਮੇ ਨੂੰ ਮਿਊਂਸੀਪਲ ਕਰਮਚਾਰੀ ਦਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਰਾਕੇਸ਼ ਕੁਮਾਰ ਪਾਮੇ ਸਰਪ੍ਰਸਤ, ਰਵੀ ਕੁਮਾਰ ਬਾਲੀ ਵਾਇਸ ਚੇਅਰਮੈਨ, ਮੰਗਤ ਰਾਮ ਪਾਮੇ ਵਾਇਸ ਪ੍ਰਧਾਨ, ਕਾਜਲ ਕਿਰਨ ਪਾਮੇ ਜਰਨਲ ਸਕੱਤਰ, ਅਜੈ ਕੁਮਾਰ ਘਾਰੂ ਕੈਸ਼ੀਅਰ, ਸੰਜੀਵ ਕੁਮਾਰ ਪਾਮੇ ਜੁਆਇੰਟ ਸਕੱਤਰ ਅਤੇ ਬਾਕੀ ਸਾਰੇ ਮੁਲਾਜ਼ਮਾਂ ਨੂੰ ਸਰਬਸੰਮਤੀ ਨਾਲ ਮੈਂਬਰ ਚੁਣਿਆ ਗਿਆ।

ਇਸ ਮੌਕੇ ਨਵ ਨਿਯੁਕਤ ਚੇਅਰਮੈਨ ਨੰਬਰਦਾਰ ਰੋਸ਼ਨ ਲਾਲ ਹੰਸ ਅਤੇ ਪ੍ਰਧਾਨ ਧਰਮਵੀਰ ਪਾਮੇ ਨੇ ਸਾਰੇ ਮੁਲਾਜ਼ਮਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਲੋਕਲ ਪੱਧਰ ਤੇ ਜਾਇਜ਼ ਮੰਗਾਂ ਦਾ ਹੱਲ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਨੇ ਸਾਰੇ ਮੁਲਾਜ਼ਮ ਸਾਥੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਅਪਣੀ ਡਿਊਟੀ ਅਪਣੇ ਕੰਮ ਨੂੰ ਪੂਰੀ ਇਮਾਨਦਾਰੀ ਨਾਲ ਕਰਨ ਉਹ ਕਿਸੇ ਵੀ ਮੁਲਾਜ਼ਮ ਨਾਲ ਧੱਕਾ ਨਹੀਂ ਹੋਣ ਦੇਣ ਗਏ। ਇਸ ਮੌਕੇ ਐੱਨ.ਜੀ.ਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਅਤੇ ਉਨ੍ਹਾਂ ਦੀ ਐੱਨ.ਜੀ.ਓ ਟੀਮ ਵੱਲੋਂ ਨਵ-ਨਿਯੁਕਤ ਪ੍ਰਧਾਨ ਧਰਮਵੀਰ ਪਾਮੇ ਦਾ ਸਨਮਾਨ ਕੀਤਾ ਗਿਆ।

ਉਨ੍ਹਾਂ ਨੇ ਸਾਰੇ ਨਵ ਨਿਯੁਕਤ ਅਹੁਦੇਦਾਰ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਐੱਨ.ਜੀ.ਓ ਵੱਲੋਂ ਪੂਰਨ ਸਹਿਯੋਗ ਵੀ ਦਿੱਤਾ ਗਿਆ। ਇਸ ਮੌਕੇ ਭਾਵਾਧਸ ਦੇ ਸੀਨੀਅਰ ਬਜੁਰਗ ਆਗੂ ਪ੍ਰੇਮ ਸਾਗਰ ਪਾਮੇ, ਭਾਵਾਧਸ ਸਬ ਤਹਿਸੀਲ ਪ੍ਰਧਾਨ ਲਾਲ ਚੰਦ ਪਾਮੇ, ਭਾਵਾਧਸ ਪ੍ਰਧਾਨ ਮਿੰਕੂ ਹੰਸ, ਐੱਨ.ਜੀ.ਓ. ਮੈਂਬਰ ਜਗਦੀਸ਼ ਚਾਨਣਾ, ਜਗਤਾਰ ਸਿੰਘ ਜੱਸੋਵਾਲ, ਭਾਰਗਵ ਚਾਨਣਾ, ਰਾਕੇਸ਼ ਸਹੋਤਾ, ਨੀਰਜ ਮੱਟੂ, ਸ਼ੁਸ਼ੀਲ ਮੱਟੂ, ਆਸ਼ਾ ਰਾਣੀ, ਮੰਜੂ ਰਾਣੀ, ਗੀਤਾ ਰਾਣੀ, ਭੀਮਾ ਰਾਣੀ, ਰਜਤ ਕੁਮਾਰ ਪਾਮੇ, ਮਨਜੀਤ ਕੁਮਾਰੀ, ਮਨਜੀਤ ਕੌਰ, ਰੇਖਾ ਰਾਣੀ, ਅਸ਼ੋਕ ਕੁਮਾਰ ਬੱਗਣ, ਕੁਲਦੀਪ ਸਹੋਤਾ, ਦੀਪਕ ਪਾਮੇ, ਗਗਨਦੀਪ ਘਾਰੂ, ਕੁਲਦੀਪ ਸਿੰਘ, ਟੋਨੀ ਪਾਮੇ, ਰਵਿੰਦਰ ਸਿੰਘ, ਸਰਾਜ ਸਿੰਘ, ਮਨਦੀਪ ਸਿੰਘ, ਪਰੀਕਸ਼ਣ ਸਾਹਨੀ, ਹੈਪੀ ਪਾਮੇ, ਵਿੱਕੀ ਸਹੋਤਾ, ਕੁਲਦੀਪ ਸਿੰਘ, ਸਤਪਾਲ ਸਿੰਘ ਕੁਲਦੀਪ ਚੰਦ, ਬੰਸੀ ਲਾਲ, ਟਿੰਕੂ ਸਹੋਤਾ, ਸੱਤਾ ਸਿੰਘ, ਪੁਨੂੰ ਸਿੰਘ, ਮਮਤਾ ਰਾਣੀ, ਨੀਲਮ ਰਾਣੀ, ਸੋਨੀਆ, ਰੇਖਾ ਰਾਣੀ, ਪਰਮਜੀਤ ਕੌਰ, ਸ਼ਾਲੂ ਰਾਣੀ, ਚਰਨਜੀਤ ਕੌਰ, ਪ੍ਰਿਯਾ, ਮਨਦੀਪ ਕੌਰ, ਸੁਨੀਤਾ ਰਾਣੀ, ਗੀਤਾ ਰਾਣੀ, ਅਨੀਤਾ ਰਾਣੀ, ਪੂਜਾ ਰਾਣੀ, ਆਸ਼ਾ, ਸੀਮਾ ਰਾਣੀ ਅਤੇ ਕਮਲੇਸ਼ ਕੌਰ ਆਦਿ ਹਾਜ਼ਰ ਸਨ।

## ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੀਆਂ ਅਸਥੀਆਂ ਗੁਰਦੁਅਰਾ ਪਤਾਲਪੁਰੀ ਸਾਹਿਬ ਵਿਖੇ ਜਲ ਪ੍ਰਵਾਹ



**ਸ੍ਰੀ ਕੀਰਤਪੁਰ ਸਾਹਿਬ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੀਆਂ ਅਸਥੀਆਂ ਅੱਜ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਅਸਥੀ ਵਿਸਰਜਨ ਮੌਕੇ ਪਰਿਵਾਰਕ ਮੈਂਬਰਾਂ ਵਿੱਚ ਸਰਦਾਰਨੀ ਭੁਪਿੰਦਰ ਕੌਰ ਧਰਮ ਪਤਨੀ, ਮਨਰਾਜ ਪਾਤਰ ਪੁੱਤਰ, ਅੰਕੁਰ ਪਾਤਰ ਪੁੱਤਰ, ਮਨਰੀਤ ਨੂੰਹ, ਅਵੀਰ ਸਿੰਘ ਪੋਤਰਾ, ਉਪਕਾਰ ਸਿੰਘ ਭਰਾ, ਦਲਵੀਰ ਕੌਰ ਭੈਣ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਣ ਵੱਲੋਂ ਗੁਰਵਿੰਦਰ ਸਿੰਘ ਜੋਹਲ ਰਿਜਨਲ ਟ੍ਰਾਂਸਪੋਰਟ ਅਥਾਰਟੀ ਰੂਪਨਗਰ, ਭੁਪਿੰਦਰ ਸਿੰਘ ਚਾਨਾ ਨਿਗਰਾਨ ਇੰਜੀਨਿਅਰ ਸੱਭਿਆਚਾਰਕ ਮਾਮਲੇ ਵਿਭਾਗ, ਸੰਦੀਪ ਕੁਮਾਰ ਤਹਿਸੀਲਦਾਰ, ਅਰਾਧਨਾ ਖੋਸਲਾ ਨਾਇਬ ਤਹਿਸੀਲਦਾਰ ਵੀ ਮੋਜੂਦ ਸਨ। ਪਰਿਵਾਰਕ ਮੈਂਬਰਾਂ ਨੇ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਦਾ ਲੰਗਰ ਵੀ ਛਕਿਆਂ। ਇਸ ਮੌਕੇ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਦੇ ਪੁੱਤਰਾਂ ਮਨਰਾਜ ਪਾਤਰ, ਅੰਕੁਰ ਪਾਤਰ ਨੇ ਯਾਦਾ ਸਾਂਝੇ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇੱਕ ਕਿਤਾਬ ਜਲਦੀ ਹੀ ਆਵੇਗੀ, ਜਿਸ ਵਿੱਚ ਉਨ੍ਹਾਂ ਦੀਆਂ ਰਚਨਾਵਾ ਦਾ ਸੰਗ੍ਰਹਿ ਹੋਵੇਗਾ, ਉਨ੍ਹਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਿਸ ਨੇ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਜੀ ਨੂੰ ਬਹੁਤ ਮਾਨ ਸਨਮਾਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਸੀ ਸਮੁੱਚੀ ਲੋਕਾਈ ਦੇ ਧੰਨਵਾਦੀ ਹਾਂ, ਜਿਸ ਨੇ ਸਾਨੂੰ ਇਹ ਅਸਹਿ ਤੇ ਅਕਹਿ ਘਾਟਾ ਸਹਿਣ ਕਰਨ ਦਾ ਬੱਲ ਬਖਸ਼ਣ ਲਈ ਪ੍ਰਮਾਤਮਾ ਕੋਲ ਅਰਦਾਸ ਕੀਤੀ ਹੈ।

ਪੰਜਾਬੀਆਂ ਨੇ ਜੋ ਮਾਨ ਸਨਮਾਨ ਤੇ ਪਿਆਰ ਸਾਡੇ ਪਰਿਵਾਰ ਨੂੰ ਦਿੱਤਾ ਹੈ, ਉਸ ਦੇ ਲਈ ਅਸੀ ਸਦਾ ਰਿਣੀ ਰਹਾਂਗੇ। ਉਨ੍ਹਾਂ ਨੇ ਦੱਸਿਆ ਕਿ ਮਰਹੂਮ ਪਦਮ ਸ੍ਰੀ ਸੁਰਜੀਤ ਪਾਤਰ ਜੀ ਲਈ 20 ਮਈ ਦਿਨ ਸੋਮਵਾਰ ਨੂੰ 11 ਤੋ 1 ਵਜੇ ਤੱਕ ਗੁਰਦੁਆਰਾ ਮਾਈ ਬਿਸ਼ਨ ਕੌਰ ਆਸ਼ਾਪੁਰੀ ਲੁਧਿਆਣਾ ਵਿਖੇ ਸ਼ਾਤ ਪਾਠ ਕਰਵਾਇਆ ਜਾਵੇਗਾ।

## ਡੀਏਵੀ ਪਬਲਿਕ ਸਕੂਲ ਪਟਿਆਲਾ ਨੇ ਸਾਈਬਰ ਸੁਰੱਖਿਆ ਹ.ਫਤਾ ਮਨਾਇਆ



**ਪਟਿਆਲਾ, 20 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**
ਬੱਚਿਆਂ ਨੂੰ ਸਾਈਬਰ ਸੁਰੱਖਿਆ ਬਾਰੇ ਸਿੱਖਿਅਤ ਕਰੋ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਤਕਨਾਲੋਜੀ ਦੀ ਵਰਤੋਂ ਕਰਨ ਲਈ ਸ਼ਕਤੀ ਪ੍ਰਦਾਨ ਕਰੋ ਤਾਂ ਜੋ ਉਹ ਸਾਈਬਰ ਖਤਰਿਆਂ ਦਾ ਪਤਾ ਲਗਾ ਸਕਣ। ਸਮੇਂ ਦੀ ਲੋੜ ਨੂੰ ਸਮਝਦੇ ਹੋਏ, ਸੂਚਨਾ ਅਤੇ ਤਕਨਾਲੋਜੀ ਵਿਭਾਗ ਨੇ ਮਜ਼ਬੂਤ ਪਾਸਵਰਡ ਬਣਾ ਕੇ, ਸ਼ੱਕੀ ਈਮੇਲਾਂ ਜਾਂ ਲਿੰਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਤੋਂ ਬਚਣ, ਅਤੇ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣ ਦੁਆਰਾ ਮਜ਼ਬੂਤ ਸੁਰੱਖਿਆ ਨੂੰ ਵਧਾਉਣ ਦੇ ਕਈ ਤਰੀਕਿਆਂ ਦਾ ਸੁਝਾਅ ਦੇ ਕੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਪਹਿਲ ਕੀਤੀ।

ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਜਮਾਤਾਂ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਜਮਾਤ III ਅਤੇ IV ਨੂੰ ‘ਸਾਈਬਰ ਸੁਰੱਖਿਆ ਟਿਪਸ’ ਸਿਰਲੇਖ ਵਾਲਾ ਇੱਕ ਵੀਡੀਓ ਦਿਖਾਇਆ ਗਿਆ, ਪੰਜਵੀਂ ਅਤੇ ਛੇਵੀਂ ਜਮਾਤਾਂ ਨੂੰ ਇੱਕ ਚੰਗੀ ਤਰ੍ਹਾਂ ਪਰਿਭਾਸ਼ਿਤ PPT ਦਿਖਾਇਆ ਗਿਆ ਜਿਸ ਵਿੱਚ ਸਾਈਬਰ ਖਤਰਿਆਂ ਨੂੰ ਪਛਾਣਨਾ, ਸੰਬੰਧਿਤ ਨੂੰ ਸਮਝਣਾ ਸ਼ਾਮਲ ਹੈ। ੭੯੭ ਅਤੇ VIII ਜਮਾਤਾਂ ਲਈ ਸਾਈਬਰ ਕ੍ਰਾਈਮਜ਼ ਦੇ ਵਿਸ਼ੇ ਨੂੰ ਉਜਾਗਰ ਕਰਨ ਵਾਲੀ ਪੋਸਟਰ ਮੇਕਿੰਗ ਗਤੀਵਿਧੀ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਇਸ ਹਫ਼ਤੇ ਦੇ ਦੌਰਾਨ VII ਅਤੇ VIII ਜਮਾਤਾਂ ਲਈ ਸਾਈਬਰ ਸੁਰੱਖਿਆ ਸੈਸ਼ਨ 9” ਵਿਭਾਗ ਤੋਂ ਸ਼੍ਰੀਮਤੀ ਅਰਸ਼ਦੀਪ ਜੋਸ਼ੀ ਦੁਆਰਾ ਲਿਆ ਗਿਆ ਜਿਸ ਵਿੱਚ ਇੰਟਰਨੈਟ ਨਾਲ ਜੁੜੇ ਡਿਵਾਈਸਾਂ ਦੀ ਸੁਰੱਖਿਆ ਕਰਨ ਵਾਲੇ ਅਭਿਆਸਾਂ ਦੇ ਇੱਕ ਸੈੱਟ ਬਾਰੇ ਚਰਚਾ ਕੀਤੀ ਗਈ। ਪ੍ਰਿੰਸੀਪਲ ਸ਼੍ਰੀਮਾਨ ਵਿਵੇਕ ਤਿਵਾਰੀ ਨੇ ਸ਼੍ਰੀਮਤੀ ਕਾਮਿਨੀ ਸ਼ਰਮਾ, ਸ਼੍ਰੀਮਤੀ ਅਰਸ਼ਦੀਪ, ਸ਼੍ਰੀਮਤੀ ਨੀਲੂ ਜੈਨ ਅਤੇ ਸ਼੍ਰੀਮਤੀ ਰਾਧਿਕਾ ਵਤਰਾਣਾ ਦੀਆਂ ਗਤੀਵਿਧੀਆਂ ਨੂੰ ਸਾਰਥਕ ਢੰਗ ਨਾਲ ਚਲਾਉਣ ਲਈ ਪ੍ਰਸ਼ੰਸਾ ਕੀਤੀ ਅਤੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ, ਸਿੱਖਿਆ ਲਈ ਇਹ ਮਹੱਤਵਪੂਰਨ ਹੈ ਕਿ ਇਸ ਦੀ ਵਰਤੋਂ ਕਿਵੇਂ ਕੀਤੀ ਜਾਵੇ।

ਸੰਦ ਨੂੰ ਸੁਰੱਖਿਅਤ ਢੰਗ ਨਾਲ ਟੈਕਨੋਲੋਜੀ ਸਿੱਖਿਆ, ਸੱਭਿਆਚਾਰ ਅਤੇ ਮਨੋਰੰਜਨ ਵਿੱਚ ਬਹੁਤ ਫਾਇਦੇ ਪ੍ਰਦਾਨ ਕਰਦੀ ਹੈ, ਪਰ ਕੁਝ ਜੋਖਮ ਵੀ ਪੇਸ਼ ਕਰਦੀ ਹੈ ਜੋ ਸਾਡੇ ਬੱਚਿਆਂ ਦੁਆਰਾ ਸਮਝੇ ਜਾਣੇ ਚਾਹੀਦੇ ਹਨ।

## ਅੱਤ ਦੀ ਗਰਮੀ ਨੂੰ ਦੇਖਦੇ ਹੋਏ ਪੋਲਿੰਗ ਬੂਥਾਂ 'ਤੇ ਹੋਣਗੇ ਠੰਡੇ ਮਿੱਠੇ ਜਲ ਦੇ ਪ੍ਰਬੰਧ

ਖਰੜ 20 ਮਈ। ਪੰਜਾਬ 'ਚ ਲੋਕ ਸਭਾ ਚੋਣਾਂ-2024 ਦੌਰਾਨ ਇੱਕ ਜੂਨ ਨੂੰ ਜਿ਼ਆਦਾ ਗਰਮੀ ਨੂੰ ਮੱਦੇਨਜਰ ਰੱਖਦੇ ਹੋਏ ਜਿ਼ਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਆਸਿ਼ਕਾ ਜੈਨ ਦੀ ਅਗਵਾਈ 'ਚ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਇਸ 'ਚ ਟੈਂਟ ਲਾ ਕੇ ਬੈਠਣ ਦਾ ਪ੍ਰਬੰਧ, ਠੰਡੇ ਤੇ ਮਿੱਠੇ ਜਲ ਦੀ ਛਬੀਲ ਆਦਿ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਸਥਾਨਕ ਸਰਕਾਰੀ ਬਹੁ-ਤਕਨੀਕੀ ਕਾਲਜ ਖੂਨੀਮਾਜਰਾ ਦੇ ਵੋਟਰ ਸਾਖਰਤਾ ਕਲੱਬ ਦੇ ਮੈਂਬਰਾਂ ਵੱਲੋਂ ਮਤਦਾਨ ਵਾਲੇ ਦਿਨ ਚੋਣ ਬੂਥਾਂ 'ਤੇ ਲਾਈਆਂ ਜਾਣ



ਵਾਲੀਆਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਦੀ ਤਿਆਰੀ ਵੱਜੋਂ ਲਾਂਡਰਾ-ਖਰੜ ਸੜਕ 'ਤੇ ਠੰਡੇ ਤੇ ਮਿੱਠੇ ਪਾਣੀ ਦੀ ਛਬੀਲ ਦੇ ਨਾਲ-ਨਾਲ ਵੇਰਕਾ ਦੀ ਮਿੱਠੀ ਲੱਸੀ ਛਬੀਲ ਲਾ ਕੇ ਰਿਹਰਸਲ ਕੀਤੀ ਗਈ। ਇਸ ਛਬੀਲ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਰਾਜੀਵ ਪੁਰੀ ਤੇ ਜਿ਼ਲ੍ਹਾ ਨੋਡਲ ਅਫਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਵੱਲੋਂ ਕੀਤਾ ਗਿਆ। ਜਿ਼ਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਵੋਟਾਂ ਵਾਲੇ ਦਿਨ ਰੈਪੀਡੋ ਬਾਈਕ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਵੋਟਰਾਂ ਤੇ ਬਜੁਰਗ ਵੋਟਰਾਂ ਨੂੰ ਚੋਣ ਬੂਥ 'ਤੇ ਪਹੁੰਚਾਉਣ ਤੇ ਛੱਡਣ ਦੀ ਸੇਵਾ ਮੁਫਤ ਦਿੱਤੀ ਜਾਵੇਗੀ। ਇਸ ਮੌਕੇ ਮਕੈਨੀਕਲ ਵਿਭਾਗ ਦੇ ਮੁਖੀ ਸੰਜੀਵ ਜਿੰਦਲ ਤੇ ਸਵੀਪ ਟੀਮ ਦੇ ਮੈਂਬਰ ਅਮ੍ਰਿਤਪਾਲ ਸਿੰਘ, ਰਣਵੀਰ ਸਿੰਘ ਤੇ ਸਤਿੰਦਰ ਸਿੰਘ ਨੇ ਵਿਸ਼ੇਸ਼ ਜਿ਼ੰਮੇਵਾਰੀਆਂ ਨਿਭਾਈਆਂ।

# ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਪੁਲਸ ਅਧਿਕਾਰੀਆਂ ਨੂੰ ਸੂਬੇ 'ਚ ਉਮੀਦਵਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਦਿੱਤੇ ਨਿਰਦੇਸ਼

**ਕਿਸ਼ਨ ਪਾਲ**

ਚੰਡੀਗੜ੍ਹ 20 ਮਈ। ਸੂਬੇ ਵਿੱਚ ਸੁਤੰਤਰ, ਨਿਰਪੱਖ ਅਤੇ ਸ਼ਾਂਤਮਈ ਚੋਣਾਂ ਯਕੀਨੀ ਬਣਾਉਣ ਲਈ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਸਾਰੇ ਜ਼ਿਲ੍ਹਾ ਚੋਣ ਅਫ਼ਸਰਾਂ-ਕਮ-ਡਿਪਟੀ ਕਮਿਸ਼ਨਰਾਂ, ਪੁਲਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨਾਲ ਉੱਚ-ਪੱਧਰੀ ਮੀਟਿੰਗ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਸੂਬੇ ਵਿੱਚ 1 ਜੂਨ, 2024 ਨੂੰ ਪੈਣ ਵਾਲੀਆਂ ਵੋਟਾਂ ਸਬੰਧੀ ਜ਼ਿਲ੍ਹਾ ਪੱਧਰ 'ਤੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਵੀਡੀਓ ਕਾਨਫਰੰਸਿੰਗ ਰਾਹੀਂ ਰੀਵਿਊ ਮੀਟਿੰਗ ਕਰਦਿਆਂ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਭਾਰਤੀ ਚੋਣ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸੂਬੇ ਭਰ ਵਿੱਚ ਨਸ਼ੀਲੇ ਪਦਾਰਥਾਂ, ਨਕਦੀ, ਹਥਿਆਰ, ਅਤੇ ਹੋਰ ਗੈਰ ਕਾਨੂੰਨੀ ਵਸਤਾਂ ਦੀ ਆਮਦ ਨੂੰ ਰੋਕਣ ਲਈ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਦੇ ਨਾਲ-ਨਾਲ ਉੱਡਣ ਦਸਤਿਆਂ ਤੇ ਆਬਕਾਰੀ ਟੀਮਾਂ ਦੇ ਗਠਨ ਸਮੇਤ ਸਰਹੱਦੀ ਜਾਂਚ ਚੌਕੀਆਂ ਸਥਾਪਤ ਕਰਨ 'ਤੇ ਜ਼ੋਰ ਦਿੱਤਾ। ਵੋਟਾਂ ਵਾਲੇ ਦਿਨ ਸੰਭਾਵੀ ਗਰਮੀ ਦੇ ਮੱਦੇਨਜ਼ਰ ਸਿਬਿਨ ਸੀ ਨੇ ਅਧਿਕਾਰੀਆਂ ਨੂੰ ਆਪੋ-ਆਪਣੇ ਜਿ਼ਲ੍ਹਿਆਂ ਵਿੱਚ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਲੋੜੀਂਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਨਿਰਪੱਖ ਅਤੇ ਸ਼ਾਂਤਮਈ ਚੋਣ ਅਮਲ ਨੂੰ ਯਕੀਨੀ ਬਣਾਉਂਦਿਆਂ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਹਰ ਸੰਭਵ ਕਦਮ ਚੁੱਕੇ ਜਾਣ। ਸਿਬਿਨ ਸੀ ਨੇ ਅਧਿਕਾਰੀਆਂ ਨੂੰ ਪੋਲਿੰਗ ਬੂਥਾਂ 'ਤੇ ਵੋਟਰਾਂ ਦੀ ਸਹੂਲਤ ਲਈ ਵੱਖਵੱਖ ਸੁਵਿਧਾਵਾਂ ਜਿਵੇਂ ਕਿ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਗੁਲਾਬੀ ਤੇ ਹਰੇ ਰੰਗ ਦੇ ਪੋਲਿੰਗ ਬੂਥਾਂ ਦੇ ਨਾਲ-ਨਾਲ ਨੌਜਵਾਨਾਂ ਅਤੇ ਦਿਵਿਆਂਗ ਵਿਅਕਤੀਆਂ ਲਈ ਵੱਖਰੇ ਬੂਥ ਲਗਾਉਣ ਲਈ ਵੀ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਨੇ ਦਿਵਿਆਂਗ ਵੋਟਰਾਂ ਲਈ ਵਿਸ਼ੇਸ਼ ਸਹੂਲਤਾਂ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਸੂਬੇ ਭਰ ਦੇ ਹਰੇਕ ਪੋਲਿੰਗ ਸਟੇਸ਼ਨ 'ਤੇ ਘੱਟੋ-ਘੱਟ ਇੱਕ ਵ੍ਹੀਲਚੇਅਰ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਵੀ ਕਿਹਾ। ਮੁੱਖ ਚੋਣ ਅਫ਼ਸਰ ਨੇ ਅਧਿਕਾਰੀਆਂ ਨੂੰ ਸਾਰੇ ਉਮੀਦਵਾਰਾਂ ਦੀ ਸੁਰੱਖਿਆ



ਨੂੰ ਯਕੀਨੀ ਬਣਾਉਣ ਅਤੇ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਉਨ੍ਹਾਂ ਨੇ ਕੇਂਦਰੀ ਬਲਾਂ ਦੀ ਤਾਇਨਾਤੀ ਅਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਤੋਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਦੀ ਸਥਿਤੀ ਅਤੇ ਵੋਟਰ ਸਲਿੱਪਾਂ ਦੀ ਵੰਡ ਦੇ ਪ੍ਰਬੰਧਾਂ ਬਾਰੇ ਵੀ ਜਾਣਕਾਰੀ ਮੰਗੀ। ਮੀਟਿੰਗ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੋਸਟਲ ਬੈਲਟਾਂ ਦੀ ਪ੍ਰਾਪਤੀ ਦੇ ਪ੍ਰਬੰਧਨ, ਸਟਰਾਂਗ ਰੂਮਾਂ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਸੀ.ਸੀ.ਟੀ.ਵੀ/ਵੀਡੀਓਗ੍ਰਾਫੀ ਸੈੱਟਅੱਪ ਲਈ ਢੁਕਵੇਂ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਨੇ ਗਿਣਤੀ ਕੇਂਦਰਾਂ ਵਿੱਚ ਹਰੇਕ ਟੇਬਲ 'ਤੇ ਮਾਈਕ੍ਰੋ-ਅਬਜ਼ਰਵਰ ਤਾਇਨਾਤ ਕਰਨ ਅਤੇ ਕਾਊਂਟਿੰਗ ਹਾਲਾਂ ਵਿੱਚ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਸਿਬਿਨ ਸੀ ਨੇ ਗਿਣਤੀ ਕੇਂਦਰਾਂ ਦੇ ਅੰਦਰ ਅਤੇ ਬਾਹਰ ਬੈਰੀਕੇਡਿੰਗ ਅਤੇ ਗਿਣਤੀ ਕੇਂਦਰਾਂ ਤੱਕ ਈ.ਵੀ.ਐਮ. ਮਸ਼ੀਨਾਂ ਲੈ ਕੇ ਜਾਣ ਵਾਲੇ ਰਸਤਿਆਂ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੀ.ਵੀ.ਪੀ.ਏ.ਟੀ. ਪੇਪਰ ਸਲਿੱਪਾਂ ਦੀ ਤਸਦੀਕ ਲਈ ਇਨ੍ਹਾਂ ਖੇਤਰਾਂ ਨੂੰ ਉਚਿਤ ਢੰਗ ਨਾਲ ਸੈਨੀਟਾਈਜ਼ ਕਰਨ ਵਾਸਤੇ ਲੋੜੀਂਦੇ ਕਦਮ ਚੁੱਕੇ ਜਾਣ। ਉਨ੍ਹਾਂ ਨੇ ਪੋਲਿੰਗ ਸਟੇਸ਼ਨਾਂ 'ਤੇ ਇੰਟਰਨੈਟ ਲਈ ਢੁਕਵੇਂ ਪ੍ਰਬੰਧ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਅਧਿਕਾਰੀਆਂ ਨੂੰ "ਐਨਕੋਰ" ਐਪ 'ਤੇ ਵੋਟਰ ਟਰਨ-ਆਊਟ ਡੇਟਾ ਦਾਖਲ ਕਰਨ ਵਾਸਤੇ ਸੁਚਾਰੂ ਪ੍ਰਬੰਧ ਕਰਨ ਲਈ ਆਖਦਿਆਂ ਦਫਤਰ, ਮੁੱਖ ਚੋਣ ਅਫ਼ਸਰ ਨੂੰ ਵੈਬਸਾਈਟ ਰਾਹੀਂ ਸਮੇਂ ਸਿਰ ਰਿਪੋਰਟਾਂ ਭੇਜਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਪੋਲਿੰਗ ਡੇਟਾ ਨੂੰ ਢੁਕਵੇਂ ਢੰਗ ਨਾਲ ਇਕੱਠਾ ਕੀਤਾ ਜਾ ਸਕੇ। ਇਸ ਮੌਕੇ ਕਾਨੂੰਨ ਤੇ ਵਿਵਸਥਾ ਬਾਰੇ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ ਅਰਪਿਤ ਸ਼ੁਕਲਾ ਨੇ ਵੀ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਾਰੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਲਈ ਬਰਾਬਰ ਦਾ ਮਾਹੌਲ ਯਕੀਨੀ ਬਣਾਉਣ ਦੇ ਨਾਲ-ਨਾਲ ਚੋਣਾਂ ਦੌਰਾਨ ਡਰਾਉਣ-ਧਮਕਾਉਣ ਅਤੇ ਭਰਮਾਉਣ ਦੀਆਂ ਕਾਰਵਾਈਆਂ 'ਤੇ ਨੇੜਿਓਂ ਨਜ਼ਰ ਰੱਖਦਿਆਂ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ। ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਫ਼ਸਰ ਹਰੀਸ਼ ਨਈਅਰ ਅਤੇ ਅਭਿਜੀਤ ਕਪਲਿਸ਼, ਜੁਆਇੰਟ ਮੁੱਖ ਚੋਣ ਅਫ਼ਸਰ ਸਕੱਤਰ ਸਿੰਘ ਬੱਲ ਅਤੇ ਮੁੱਖ ਚੋਣ ਅਧਿਕਾਰੀ ਦਫ਼ਤਰ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਕਾਂਗਰਸ ਦੌਰਾਨ ਸਰਾਬ ਮਾਫੀਆ ਦਾ ਸੀ ਬੋਲਬਾਲਾ, 'ਆਪ' ਵੇਲੇ ਵਧੀ ਸਰਕਾਰ ਦੀ ਆਮਦਨ : ਚੀਮਾ

**ਏਜੰਸੀਆਂ**

ਚੰਡੀਗੜ੍ਹ 20 ਮਈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਪੰਜਾਬ ਦੀ ਆਬਕਾਰੀ ਨੀਤੀ 'ਤੇ ਦਿੱਤੇ ਬਿਆਨ 'ਤੇ ਵਿੱਤ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਲਟਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਰਾਜ ਦੌਰਾਨ ਪੰਜਾਬ 'ਚ ਸਰਾਬ ਮਾਫੀਆ ਦਾ ਬੋਲਬਾਲਾ ਸੀ। 'ਆਪ' ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਅਸੀਂ ਸਰਾਬ ਮਾਫੀਆ ਨੂੰ ਖਤਮ ਕੀਤਾ ਤੇ ਮਾਲੀਆ ਵਧਾਇਆ। ਉਨ੍ਹਾਂ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਬਹੁਤ ਸਾਰੇ ਸੁਧਾਰ ਦੇ ਕੰਮ ਕੀਤੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮਾਲੀਏ 'ਚ ਕਈ ਗੁਣਾ ਵਾਧਾ ਹੋਇਆ ਹੈ। ਸਾਸਨ ਪ੍ਰਣਾਲੀ 'ਚ ਪਾਰਦਰਸਤਾ ਆਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਮੇਂ ਆਬਕਾਰੀ ਤੋਂ 6000 ਕਰੋੜ ਰੁਪਏ ਦੀ ਆਮਦਨ ਹੁੰਦੀ ਸੀ ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਇਹ ਵਧ ਕੇ 10000 ਕਰੋੜ ਰੁਪਏ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੇ ਪੰਜਾਬ ਦੌਰੇ ਤੋਂ ਵਿਰੋਧੀ ਪਾਰਟੀਆਂ ਡਰੀਆਂ ਹੋਈਆਂ ਹਨ ਕਿਉਂਕਿ ਪੰਜਾਬ ਦੇ ਲੋਕ ਅਰਵਿੰਦ ਕੇਜਰੀਵਾਲ ਨੂੰ ਬਹੁਤ ਪਸੰਦ ਕਰਦੇ ਹਨ। ਇੱਥੋਂ ਦੇ ਲੋਕ ਦਿੱਲੀ ਅਤੇ ਪੰਜਾਬ ਸਰਕਾਰਾਂ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਿਤ ਹਨ। ਇਸ ਲਈ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਪਹਿਲੀ ਵਾਰ ਪੰਜਾਬ ਆ ਰਹੇ ਅਰਵਿੰਦ ਕੇਜਰੀਵਾਲ ਦੇ



ਸਵਾਗਤ ਲਈ ਪੰਜਾਬ ਦੇ ਲੋਕ ਕਾਫੀ ਉਤਸਾਹਿਤ ਹਨ। ਜਿਹੜੇ ਲੋਕ ਆਪਣੀ ਸਰਕਾਰ ਵੇਲੇ ਮਾਫੀਆ ਰਾਜ ਚਲਾਉਂਦੇ ਸਨ, ਉਨ੍ਹਾਂ ਲੋਕਾਂ ਨੂੰ ਭ੍ਰਿਸਟਾਚਾਰ ਦੀ ਗੱਲ ਸੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸਾਰਾ ਪੰਜਾਬ ਜਾਣਦਾ ਹੈ ਕਿ ਚਰਨਜੀਤ ਚੰਨੀ ਦੇ ਤਿੰਨ ਮਹੀਨੇ ਲਈ ਪੰਜਾਬ ਦੇ ਮੁੱਖ ਮੰਤਰੀ ਰਹਿੰਦਿਆਂ ਉਨ੍ਹਾਂ ਦੇ ਭਤੀਜੇ ਕੋਲੋਂ ਭ੍ਰਿਸਟਾਚਾਰ ਦੇ ਕਰੋੜਾਂ ਰੁਪਏ ਬਰਾਮਦ ਹੋਏ ਸਨ।

## ਚਿੱਟੇ ਦੇ ਨਸ਼ੇ ਕਾਰਨ ਉਜੜਿਆ ਹੱਸਦਾ ਵੱਸਦਾ ਘਰ, 2 ਬੱਚਿਆਂ ਦੇ ਪਿਓ ਦੀ ਹੋਈ ਮੌਤ

ਫਿਰੋਜ਼ਪੁਰ 20 ਮਈ। ਫਿਰੋਜ਼ਪੁਰ ਜਿ਼ਲ੍ਹੇ ਅੰਦਰ ਨਸ਼ੇ ਦਾ ਕਹਿਰ ਰੁੱਕਣ ਦਾ ਨਾਮ ਨਹੀਂ ਲੈ ਰਿਹਾ। ਲਗਾਤਾਰ ਮਾਵਾਂ ਦੇ ਨੌਜਵਾਨ ਪੁੱਤ ਨਸ਼ੇ ਕਾਰਨ ਜਹਾਨੋਂ ਤੁਰ ਰਹੇ ਨੇ। ਆਏ ਦਿਨ ਕਿਸੇ ਨਾ ਕਿਸੇ ਇਲਾਕੇ ਵਿਚ ਚਿੱਟੇ ਕਾਰਨ ਨੌਜਵਾਨ ਦੀ ਮੌਤ ਹੋ ਜਾਣ ਦੀ ਖਬਰ ਮਿਲ ਜਾਂਦੀ ਹੈ। ਹੁਣ ਫਿਰੋਜ਼ਪੁਰ ਦੇ ਪਿੰਡ ਕੁੰਡੇ ਵਿਖੇ ਵੀ ਕਰੀਬ 32 ਸਾਲ ਦੇ ਨੌਜਵਾਨ ਦੀ ਨਸ਼ੇ ਕਾਰਨ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਪੀੜ੍ਹਤ ਪਰਿਵਾਰ ਇਸ ਦੇ ਪਿੱਛੇ ਪ੍ਰਸ਼ਾਸਨ ਨੂੰ ਦੋਸ਼ੀ ਮੰਨ ਰਿਹਾ ਹੈ। ਇਸ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੀ ਪਤਨੀ ਸਿਮਰਨ ਨੇ ਕਿਹਾ ਕਿ ਉਸ ਦੇ ਪਤੀ ਦਾ ਨਾਮ ਜਿਉਣਾ ਹੈ, ਜੋ ਨਸ਼ਾ ਕਰਨ ਦਾ ਆਦਿ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਹ ਨਸ਼ੇ ਦੇ ਟੀਕੇ ਲਗਾਉਂਦਾ ਸੀ। ਉਸ ਦੇ ਦਿਓਰ ਦੀ ਮੌਤ ਵੀ ਨਸ਼ੇ ਕਾਰਨ ਹੋਈ ਸੀ। ਉਸ ਦੇ 2 ਬੱਚੇ ਹਨ, ਜਿਹਨਾਂ ਨੂੰ ਛੱਡ ਕੇ ਉਸ ਦਾ ਪਤੀ ਇਸ ਦੁਨੀਆ ਤੋਂ ਚਲਾ ਗਿਆ ਹੈ। ਦੂਜੇ ਪਾਸੇ ਪੁਲਸ ਪ੍ਰਸ਼ਾਸਨ ਬੇਸ਼ੱਕ ਨਸ਼ੇ ਨੂੰ ਖਤਮ ਕਰਨ ਦੇ ਲੱਖ ਦਾਅਵੇ ਕਰ ਰਿਹਾ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਪੰਜਾਬ ਦੀ ਜਵਾਨੀ ਨਸ਼ੇ ਦੀ ਦਲਦਲ ਵਿਚ ਆਪਣੀ ਜਾਨ ਗਵਾ ਰਹੀ ਹੈ। ਪਰਿਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਨਸ਼ਾ ਖਤਮ ਕਰਨ ਦੀ ਗੁਹਾਰ ਲਗਾਈ ਹੈ। ਉਹਨਾਂ ਨੇ ਕਿਹਾ ਕਿ ਸਾਡੇ ਇਲਾਕੇ ਵਿਚ ਨਸ਼ਾ ਸ਼ਰੇਆਮ ਵਿੱਕ ਰਿਹਾ ਹੈ।

## ਸਾਡੇ ਕੋਲ ਆਪਣਾ ਰਿਪੋਰਟ ਕਾਰਡ ਹੈ ਅਤੇ ਵਿਰੋਧੀਆਂ ਕੋਲ ਸਿਰਫ ਜੁਮਲੇ : ਧਾਲੀਵਾਲ

**ਏਜੰਸੀਆਂ**

ਅੰਮ੍ਰਿਤਸਰ 20 ਮਈ। ਜਿਵੇਂ-ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਤਿਉਂ-ਤਿਉਂ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਤੇਜ ਹੁੰਦੀ ਜਾ ਰਹੀ ਹੈ। ਇਸ ਸਬੰਧੀ ਅੱਜ 20 ਮਈ ਨੂੰ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਅੰਮ੍ਰਿਤਸਰ ਵਿਖੇ ਸਾਨਦਾਰ ਰੋਡ ਸੋਅ ਕਰਨ ਆ ਰਹੇ ਹਨ। ਇਸ ਸਬੰਧੀ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਦਿੱਲੀ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਲੋਕਾਂ ਨੂੰ ਮਿਲਣ ਆ ਰਹੇ ਹਨ ਅਤੇ ਇਹ ਰੋਡ ਸੋਅ ਅੰਮ੍ਰਿਤਸਰ ਲੋਕ ਸਭਾ 'ਤੇ ਆਮ ਆਦਮੀ ਪਾਰਟੀ ਦੀ ਜਿੱਤ 'ਤੇ ਮੋਹਰ ਲਗਾਏਗਾ। ਉਨ੍ਹਾਂ ਕਿਹਾ ਕਿ ਟਿਕਟ ਮਿਲਣ ਤੋਂ ਲੈ ਕੇ ਹੁਣ ਤੱਕ ਉਹ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵਾਰਡਾਂ



ਅਤੇ ਪਿੰਡਾਂ ਵਿਚ ਆਮ ਲੋਕਾਂ ਨਾਲ 450 ਤੋਂ ਵੱਧ ਮੀਟਿੰਗਾਂ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਲੋਕਾਂ ਦਾ ਭਰਪੂਰ ਸਮੱਰਥਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਸਿਹਤ, ਸਿੱਖਿਆ ਅਤੇ ਰੁਜਗਾਰ ਦੇ ਖੇਤਰ ਵਿਚ ਚੁੱਕੇ ਗਏ ਕ੍ਰਾਂਤੀਕਾਰੀ ਕਦਮਾਂ ਅਤੇ ਲੋਕਾਂ ਦੇ ਸਾਹਮਣੇ ਰੱਖਣ ਲਈ ਮੇਰਾ ਦੋ ਸਾਲ ਦਾ ਰਿਪੋਰਟ ਕਾਰਡ ਹੈ। ਦੂਜੇ ਪਾਸੇ ਵਿਰੋਧੀ ਪਾਰਟੀਆਂ ਕੋਲ ਪੁਰਾਣੇ ਜੁਮਲਿਆਂ ਨੂੰ ਨਵੇਂ ਪੈਕਟਾਂ ਵਿਚ ਬੰਦ ਕਰ ਕੇ ਲੋਕਾਂ ਦੇ ਸਾਹਮਣੇ ਦੇਣ ਤੋਂ ਇਲਾਵਾ ਕੋਈ ਕੰਮ ਨਹੀਂ ਹੈ। ਇਸ ਮੌਕੇ ਲੋਕ ਸਭਾ ਇੰਚਾਰਜ ਇਕਬਾਲ ਸਿੰਘ ਭੁੱਲਰ, ਜਿ਼ਲ੍ਹਾ ਪ੍ਰਧਾਨ ਮਨੀਸ ਅਗਰਵਾਲ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਅਸੋਕ ਤਲਵਾੜ, ਜਿ਼ਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜਸਪ੍ਰੀਤ ਸਿੰਘ, ਜਿ਼ਲ੍ਹਾ ਸਕੱਤਰ ਮੁਖਵਿੰਦਰ ਸਿੰਘ ਵਿਰਦੀ ਆਦਿ ਹਾਜਰ ਸਨ।

## ਸ਼੍ਰੀ ਦਰਬਾਰ ਸਾਹਿਬ ਆਉਣ ਵਾਲੀਆਂ ਸੰਗਤਾਂ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਪੀਲ

**ਏਜੰਸੀਆਂ**

ਅੰਮ੍ਰਿਤਸਰ 20 ਮਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸਨ ਕਰਨ ਆਉਣ ਵਾਲੀਆਂ ਸੰਗਤਾਂ ਰਸਤਿਆਂ ਵਿਚ ਗੈਰ ਸਿੱਖਾਂ ਜਾਂ ਪ੍ਰਵਾਸੀਆਂ ਵੱਲੋਂ ਵੇਚੇ ਜਾ ਰਹੇ ਰੁਮਾਲਾ ਸਾਹਿਬ ਨੂੰ ਲੈਣ ਤੋਂ ਪੂਰੀ ਤਰ੍ਹਾਂ ਸੁਚੇਤ ਰਹਿਣ ਕਿਉਂਕਿ ਇਨ੍ਹਾਂ ਗੈਰ ਅਤੇ ਪ੍ਰਵਾਸੀ ਲੋਕਾਂ ਵੱਲੋਂ ਸਿੱਖੀ ਸਿਧਾਂਤਾਂ ਨੂੰ ਨਾ ਜਾਣਦੇ ਹੋਏ ਆਉਣ ਵਾਲੀਆਂ ਸੰਗਤਾਂ ਨੂੰ ਭਰਮ ਭੁਲੇਖਿਆਂ ਵਿਚ ਪਾ ਕਿ ਆਪਣੀਆਂ ਦੁਕਾਨਦਾਰੀਆਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੋਸਲ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕੀਤਾ। ਸਿੰਘ ਸਾਹਿਬ ਨੇ ਕਿਹਾ ਕਿ ਕਾਫੀ ਦਿਨਾਂ ਤੋਂ ਸੂਚਨਾਵਾਂ ਮਿਲ ਰਹੀਆਂ ਹਨ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਸਤਿਆਂ ਵਿਚ ਕੁਝ ਲੋਕਾਂ ਵੱਲੋਂ ਗੁਰੂ ਸਾਹਿਬ ਦੇ ਰੁਮਾਲੇ ਫੜੀਆਂ, ਰੇਹੜੀਆਂ ਜਾਂ ਫਿਰ



ਹੱਥਾਂ ਵਿਚ ਲੈ ਕੇ ਸੰਗਤਾਂ ਦੇ ਅੱਗੇ ਪਿੱਛੇ ਘੁੰਮਦੇ ਹੋਏ ਵੇਚੇ ਜਾ ਰਹੇ ਹਨ ਜੋ ਕਿ ਇਕ ਤਰ੍ਹਾਂ ਮਰਿਆਦਾ ਦਾ ਪੂਰੀ ਤਰ੍ਹਾਂ ਨਾਲ ਉਲੰਘਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਲੋਕਾਂ ਵੱਲੋਂ ਦੇਸ-ਵਿਦੇਸਾਂ ਜਾਂ ਫਿਰ ਦੂਜੇ ਸਹਿਰਾਂ ਵਿੱਚੋਂ ਆਉਣ ਵਾਲੀਆਂ ਸੰਗਤਾਂ ਨੂੰ ਭਰਮਾਉਂਦੇ ਹੋਏ ਇਹ ਕਿਹਾ ਜਾਂਦਾ ਹੈ ਕਿ ਗੁਰੂ ਘਰ ਵਿਖੇ ਰੁਮਾਲਾ ਸਾਹਿਬ ਚੜਾਉਣ ਨਾਲ ਹੀ ਇੱਥੇ ਆਉਣਾ ਸਫਲ ਹੁੰਦਾ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਘਰ ਵਿਖੇ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਹੈ, ਕਿਉਂਕਿ ਇਕ ਸਰਧਾਲੂ ਵੱਲੋਂ ਆਪਣੀ ਸਰਧਾ ਭਾਵਨਾ ਨਾਲ ਗੁਰੂ ਘਰ ਵਿਖੇ ਆਉਣਾ ਹੀ ਬਹੁਤ ਵੱਡੀ ਗੱਲ ਹੰਦੀ ਹੈ। ਉਨ੍ਹਾਂ ਕਿਹਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ ਜਾ ਫਿਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਜਾਂ ਹੋਰ ਇਤਿਹਾਸਿਕ ਗੁਰੂ ਧਾਮਾਂ ਵਿਖੇ ਆਉਣ ਵਾਲੀਆਂ ਸੰਗਤਾਂ ਇਸ ਗੱਲ ਦਾ ਧਿਆਨ ਰੱਖਦੇ ਹੋਏ ਕਿ ਗੁਰਦੁਆਰਾ ਸਾਹਿਬ ਦੇ ਰਸਤਿਆਂ ਵਿਚ ਲੱਗੀਆਂ ਰੇਹੜੀਆਂ ਫੜੀਆਂ ਤੋਂ ਗੁਰੂ ਘਰਾਂ ਵਿੱਚ ਚੜਾਉਣ ਲਈ ਰੁਮਾਲਾ ਸਾਹਿਬ ਜਾਂ ਫਿਰ ਹੋਰ ਸਿੱਖ ਨਿਸਾਨ ਵਾਲੀਆਂ ਵਸਤਾਂ ਬਿਲਕੁਲ ਨਾ ਖਰੀਦਣ।

## ਮੋਗਾ ਪੁਲਸ ਵੱਲੋਂ ਚੋਰੀ ਦੇ ਪੰਜ ਮੋਟਰਸਾਈਕਲਾਂ ਸਮੇਤ ਦੋ ਕਾਬੂ

ਮੋਗਾ 20 ਮਈ। ਮੋਗਾ ਪੁਲਸ ਵੱਲੋਂ ਵ੍ਹੀਕਲ ਚੋਰਾਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਚੋਰੀ ਦੇ 5 ਮੋਟਰਸਾਈਕਲ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਸਿਟੀ ਰਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਸਿਟੀ ਮੋਗਾ ਦੇ ਮੁੱਖ ਅਫਸਰ ਜਸਵੀਰ ਸਿੰਘ ਦੇ ਨਿਰਦੇਸ਼ਾਂ 'ਤੇ ਜਦੋਂ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸਤ ਕਰਦੇ ਹੋਏ ਦਾਣਾ ਮੰਡੀ ਮੋਗਾ ਦੇ ਕੋਲ ਜਾ ਰਹੇ ਸੀ ਤਾਂ ਉਨ੍ਹਾਂ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਅਸ਼ੋਕ ਕੁਮਾਰ ਉਰਫ ਕਾਟੋ ਨਿਵਾਸੀ ਕਬੀਰ ਨਗਰ ਮੋਗਾ ਅਤੇ ਰਵਿੰਦਰਪਾਲ ਸਿੰਘ ਉਰਫ ਰੋਕੀ ਨਿਵਾਸੀ ਗੋਧੇਵਾਲਾ ਮੋਗਾ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਬਿਨਾਂ ਨੰਬਰੀ ਹੀਰੋ ਸਪਲੈਂਡਰ ਮੋਟਰ ਸਾਈਕਲ ਬਰਾਮਦ ਕੀਤਾ, ਜਿਨ੍ਹਾਂ ਦੀ ਨਿਸ਼ਾਨਦੇਹੀ 'ਤੇ 4 ਮੋਟਰ ਸਾਈਕਲ ਚੋਰੀ ਦੇ ਹੋਰ ਬਰਾਮਦ ਕੀਤੇ ਗਏ। ਦੋਵਾਂ ਕਥਿਤ ਮੁਲਜ਼ਮਾਂ ਖ਼ਿਲਾਫ਼ ਥਾਣਾ ਸਿਟੀ ਮੋਗਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੂੰ ਅੱਜ ਪੁੱਛਗਿੱਛ ਦੇ ਬਾਅਦ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਦੋ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ। ਉਨ੍ਹਾਂ ਕਿਹਾ ਕਿ ਕਥਿਤ ਮੁਲਜ਼ਮਾਂ ਕੋਲੋਂ ਪੁੱਛਗਿੱਛ ਦੌਰਾਨ ਹੋਰ ਵੀ ਚੋਰੀ ਦੇ ਮੋਟਰ ਸਾਈਕਲ ਬਰਾਮਦ ਹੋਣ ਦੀ ਸੰਭਾਵਨਾ ਹੈ।

## ਮੋਬਾਇਲ ਠੀਕ ਕਰਵਾਉਣ ਦਾ ਝਾਂਸਾ ਦੇ ਕੇ ਦੋ ਨੌਜਵਾਨ 5000 ਦੀ ਠੱਗੀ ਮਾਰ ਕੇ ਹੋਏ ਫਰਾਰ

**ਏਜੰਸੀਆਂ**

ਹੁਸਿ਼ਆਰਪੁਰ 20 ਮਈ। ਹਾਜੀਪੁਰ ਦੇ ਪਿੰਡ ਨਸਰਾਲਾ ਵਿਖੇ ਮੋਬਾਇਲ ਠੀਕ ਕਰਵਾਉਣ ਦਾ ਝਾਂਸਾ ਦੇ ਕੇ ਦੋ ਨੌਜਵਾਨ 5000 ਰੁਪਏ ਦੀ ਠੱਗੀ ਮਾਰ ਕੇ ਫਰਾਰ ਹੋ ਗਏ। ਇਕੱਤਰ ਕੀਤੀ ਗਈ ਜਾਣਕਾਰੀ ਮੁਤਾਬਕ ਭਵਾਨੀ ਟੈਲੀਕਾਮ ਨਸਰਾਲਾ ਦੇ ਮਾਲਕ ਪਰਵੇਸ਼ ਕੁਮਾਰ ਪੁੱਤਰ ਸੁਖਦੇਵ ਲਾਲ ਨਿਵਾਸੀ ਹੁਸਿ਼ਆਰਪੁਰ ਨੇ ਦੱਸਿਆ ਕਿ ਉਸ ਦਾ ਬੇਟਾ ਪ੍ਰਿਥੁਲ ਜਿਸ ਵੇਲੇ ਦੁਕਾਨ 'ਤੇ ਸੀ ਤਾਂ ਸਫੇਦ ਰੰਗ ਦੀ ਕਾਰ ਵਿੱਚੋਂ ਦੋ ਨੌਜਵਾਨ ਉੱਤਰਦੇ ਹਨ, ਇਕ ਨੌਜਵਾਨ ਨਾਲ ਲੱਗਦੀ ਬੂਟਾਂ ਦੀ ਦੁਕਾਨ 'ਤੇ ਅਤੇ ਦੂਜਾ ਨੌਜਵਾਨ ਉਸ ਦੀ ਦੁਕਾਨ 'ਤੇ ਆ ਜਾਂਦਾ ਹੈ। ਉਸ ਦੀ ਦੁਕਾਨ 'ਤੇ ਆ ਕੇ ਨੌਜਵਾਨ ਆਪਣਾ ਮੋਬਾਇਲ ਵਿਖਾ ਕੇ ਕਹਿੰਦਾ ਹੈ ਕਿ ਉਸ ਦੇ ਮੋਬਾਇਲ ਦੀ ਡਿਸਪਲੇ ਬਦਲ ਦੇਵੋ। ਉਸ ਨੇ ਕਿਹਾ ਕਿ ਮੇਰੇ ਕੋਲ ਪੈਸੇ ਨਕਦੀ ਹੈ ਅਤੇ ਮੈਂ ਆਨਲਾਈਨ ਪੈਸੇ ਆਪਣੇ ਦੋਸਤ ਨੇ ਭੇਜਣੇ ਹਨ। ਤੁਸੀਂ ਮੇਰੇ ਨੰਬਰ 'ਤੇ 5000 ਰੁਪਏ ਟਰਾਂਸਫਰ ਦੇਵੋ ਮੈਂ ਤੁਹਾਨੂੰ ਨਕਦ ਦੇ ਦਿੰਦਾ ਹਾਂ। ਜਦ ਉਸ ਨੂੰ ਦੁਕਾਨਦਾਰ ਵੱਲੋਂ ਪੈਸੇ ਆਨਲਾਈਨ ਕਰ ਦਿੱਤੇ ਗਏ ਤਾਂ ਨੌਜਵਾਨ ਕਹਿੰਦਾ ਹੈ ਕਿ ਮੈਂ ਕਾਰ ਵਿੱਚੋਂ ਰੁਪਏ ਲਿਆ ਕੇ ਦਿੰਦਾ ਹਾਂ ਪਰ ਨਜਦੀਕ ਹੀ ਖੜ੍ਹੀ ਕਾਰ ਕੋਲ ਪਹੁੰਚਣ




'ਤੇ ਦੋਵੇਂ ਨੌਜਵਾਨ ਕਾਰ ਸਟਾਰਟ ਕਰਕੇ ਜਲੰਧਰ ਰੋਡ ਵੱਲ ਨੂੰ ਤੇਜ ਰਫਤਾਰ ਨਾਲ ਭੱਜ ਜਾਂਦੇ ਹਨ। ਉਕਤ ਘਟਨਾ ਨਾਲ ਦੀ ਦੁਕਾਨ ਤੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋਣ ਤੋਂ ਬਾਅਦ ਇਸਦੀ ਜਾਣਕਾਰੀ ਚੌਂਕੀ ਨਸਰਾਲਾ ਥਾਣਾ ਬੁੱਲੋਵਾਲ ਨੂੰ ਦਿੱਤੀ ਗਈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਬਾਰੀਕੀ ਨਾਲ ਕੀਤੀ ਜਾ ਰਹੀ ਹੈ।

# ਜਲੰਧਰ ਸਮਾਰਟ ਸਿਟੀ ਦਾ ਪੈਸਾ ਖਾਣ ਵਾਲੇ ਅਫਸਰਾਂ ਤੇ ਠੇਕੇਦਾਰਾਂ ਤੋਂ ਵਸੂਲੀ ਦਾ ਕੰਮ ਸ਼ੁਰੂ

**ਸਰਦੂਲ ਸਿੰਘ**

ਜਲੰਧਰ 20 ਮਈ। ਤਤਕਾਲੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਭਗ 10 ਸਾਲ ਪਹਿਲਾਂ ਜਦੋਂ ਸਮਾਰਟ ਸਿਟੀ ਮਿਸ਼ਨ ਲਾਂਚ ਕੀਤਾ ਸੀ, ਉਦੋਂ ਜਲੰਧਰ ਨੂੰ ਵੀ ਸਮਾਰਟ ਬਣਨ ਜਾ ਰਹੇ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਉਦੋਂ ਸ਼ਹਿਰ ਦੇ ਲੋਕਾਂ ਨੂੰ ਲੱਗਾ ਸੀ ਕਿ ਸੈਂਕੜੇ ਕਰੋੜ ਦੀ ਗ੍ਰਾਂਟ ਆਉਣ ਨਾਲ ਸ਼ਹਿਰ ਦੀ ਨੁਹਾਰ ਹੀ ਬਦਲ ਜਾਵੇਗੀ ਪਰ ਪੰਜਾਬ ਆ ਕੇ ਇਹ ਮਿਸ਼ਨ ਬੁਰੀ ਤਰ੍ਹਾਂ ਫੇਲ ਹੋ ਗਿਆ। ਜਲੰਧਰ ਨੂੰ ਸਮਾਰਟ ਸਿਟੀ ਬਣਾ ਕੇ ਕਈ ਸਰਕਾਰੀ ਅਫਸਰਾਂ ਅਤੇ ਉਨ੍ਹਾਂ ਦੇ ਚਹੇਤੇ ਠੇਕੇਦਾਰਾਂ ਨੇ ਖੂਬ ਭ੍ਰਿਸ਼ਟਾਚਾਰ ਕੀਤਾ, ਜਿਸ ਦੀ ਚਰਚਾ ਅੱਜ ਤਕ ਸੁਣਾਈ ਦੇ ਰਹੀ ਹੈ। ਇਸ ਮਿਸ਼ਨ ਤਹਿਤ ਜਲੰਧਰ ਵਿਚ ਲਗਭਗ 60 ਪ੍ਰਾਜੈਕਟ ਚਲਾਏ ਗਏ। ਇਨ੍ਹਾਂ ਵਿਚੋਂ ਅੱਧੇ ਪ੍ਰਾਜੈਕਟ ਪੂਰੇ ਹੋ ਚੁੱਕੇ ਹਨ, ਬਾਕੀ ਲਟਕ ਰਹੇ ਹਨ ਪਰ ਸ਼ਾਇਦ ਹੀ ਕੋਈ ਪ੍ਰਾਜੈਕਟ ਅਜਿਹਾ ਹੋਵੇ, ਜਿਸ ਵਿਚ ਗੜਬੜੀ ਸਾਹਮਣੇ ਨਾ ਆਈ ਹੋਵੇ। ਅੱਜ ਜਲੰਧਰ ਸ਼ਹਿਰ ਦੀ ਹਾਲਤ ਤੋਂ ਸਾਫ ਦਿਸਦਾ ਹੈ ਕਿ ਸਮਾਰਟ ਸਿਟੀ ਦੇ ਪ੍ਰਾਜੈਕਟਾਂ 'ਤੇ 900 ਕਰੋੜ ਰੁਪਏ ਤੋਂ ਵੱਧ ਖਰਚ ਕਰਨ ਦੇ ਬਾਵਜੂਦ ਸ਼ਹਿਰ ਵਿਚ ਕਿਸੇ ਨਵੀਂ ਸਹੂਲਤ ਦਾ ਇੰਤਜਾਮ ਨਹੀਂ ਹੋਇਆ ਅਤੇ ਸ਼ਹਿਰ ਜਰਾ ਜਿੰਨਾ ਵੀ ਸਮਾਰਟ ਨਹੀਂ ਹੋਇਆ। ਅਜਿਹਾ ਲੱਗ ਰਿਹਾ ਹੈ ਕਿ ਸਮਾਰਟ ਸਿਟੀ ਲਈ ਆਇਆ ਸਾਰਾ ਪੈਸਾ ਗਲੀਆਂ-ਨਾਲੀਆਂ ਅਤੇ ਸੀਵਰੇਜ ਨਾਲ ਸਬੰਧਤ ਕੰਮਾਂ 'ਤੇ ਹੀ ਖਰਚ ਕਰ ਦਿੱਤਾ ਗਿਆ। ਜਲੰਧਰ ਸਮਾਰਟ ਸਿਟੀ ਵਿਚ ਭ੍ਰਿਸ਼ਟਾਚਾਰ ਦਾ ਰੌਲਾ ਪੈਣ ਕਾਰਨ ਇਸ ਸਾਲ ਦੇ ਸ਼ੁਰੂ ਵਿਚ ਕੇਂਦਰ ਸਰਕਾਰ ਦੀ ਸੰਸਥਾ ਕੈਗ (ਕੰਟਰੋਲਰ ਐਂਡ ਆਡਿਟਰ ਜਨਰਲ ਆਫ ਇੰਡੀਆ) ਦੀ ਟੀਮ ਨੇ ਜਲੰਧਰ ਸਮਾਰਟ ਸਿਟੀ ਦੇ ਸਾਲ 2015-16 ਤੋਂ ਲੈ ਕੇ 2022-23 ਦੇ ਖਾਤਿਆਂ ਦਾ ਆਡਿਟ ਕੀਤਾ ਸੀ। ਕੈਗ ਦੀ ਰਿਪੋਰਟ ਵਿਚ ਜਲੰਧਰ ਸਮਾਰਟ ਸਿਟੀ ਵਿਚ ਪਿਛਲੇ ਸਮੇਂ ਦੌਰਾਨ ਕਈ ਵਿੱਤੀ ਘਪਲਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਇਸ ਰਿਪੋਰਟ ਦੇ ਆਧਾਰ 'ਤੇ ਜਲੰਧਰ ਸਮਾਰਟ ਸਿਟੀ ਦੇ ਮੌਜੂਦਾ ਅਧਿਕਾਰੀ ਇਕ ਐਕਸ਼ਨ ਟੇਕਨ ਰਿਪੋਰਟ ਤਿਆਰ ਕਰ ਰਹੇ ਹਨ, ਜਿਸ ਨੂੰ ਜਲਦ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ। ਇਸ ਰਿਪੋਰਟ ਵਿਚ ਉਨ੍ਹਾਂ ਅਫਸਰਾਂ ਅਤੇ ਠੇਕੇਦਾਰਾਂ ਨੂੰ ਜਵਾਬਦੇਹ ਬਣਾਇਆ ਜਾਵੇਗਾ, ਜਿਨ੍ਹਾਂ ਦੀਆਂ ਕਰਤੂਤਾਂ ਵੱਲ ਕੈਗ ਨੇ ਉਂਗਲ ਉਠਾਈ ਹੈ। ਇਸ ਪ੍ਰਕਿਰਿਆ ਦੇ ਸ਼ੁਰੂ ਹੋਣ ਦੀ ਪੁਸ਼ਟੀ ਸਮਾਰਟ ਸਿਟੀ ਦੇ ਮੌਜੂਦਾ ਸੀ. ਈ. ਓ. ਗੌਤਮ ਜੈਨ ਨੇ ਕੀਤੀ ਹੈ। ਪਤਾ ਲੱਗਾ ਹੈ ਕਿ ਤਿਆਰ ਹੋ ਰਹੀ ਰਿਪੋਰਟ ਵਿਚ ਉਨ੍ਹਾਂ ਅਧਿਕਾਰੀਆਂ ਦੇ ਨਾਂ ਹੋਣਗੇ, ਜਿਨ੍ਹਾਂ ਨੇ ਆਪਣੇ ਚਹੇਤੇ ਠੇਕੇਦਾਰਾਂ ਨੂੰ ਸਮੇਂ-ਸਮੇਂ 'ਤੇ ਫੇਵਰ ਦਿੱਤੀ ਅਤੇ ਅਜਿਹਾ ਕਰਦੇ ਸਮੇਂ ਸਰਕਾਰੀ ਨਿਯਮਾਂ ਦਾ ਧਿਆਨ ਤਕ ਨਹੀਂ ਰੱਖਿਆ। ਐਕਸ਼ਨ ਟੇਕਨ ਰਿਪੋਰਟ ਵਿਚ ਇਹ ਪ੍ਰਬੰਧ ਵੀ ਹੋਵੇਗਾ ਕਿ ਜੇਕਰ ਕਿਸੇ ਠੇਕੇਦਾਰ ਜਾਂ ਕਾਂਟਰੈਕਟ ਲੈਣ ਵਾਲੀ ਕੰਪਨੀ ਨੂੰ ਸਮਾਰਟ ਸਿਟੀ ਵੱਲੋਂ ਜਿ਼ਆਦਾ ਪੈਸਿਆਂ ਦੀ ਪੇਮੈਂਟ ਹੋ ਗਈ ਹੈ ਤਾਂ ਉਸ ਠੇਕੇਦਾਰ ਤੋਂ ਅਜਿਹੇ ਪੈਸਿਆਂ ਦੀ ਵਸੂਲੀ ਕੀਤੀ ਜਾਵੇਗੀ। ਜਿਹੜੇ ਠੇਕੇਦਾਰ ਆਪਣਾ ਕੰਮ ਖਤਮ ਕਰਕੇ ਪੂਰੀ ਪੇਮੈਂਟ ਲਿਜਾ ਚੁੱਕੇ ਹਨ, ਉਨ੍ਹਾਂ ਵੱਲ ਜੇਕਰ ਕੋਈ ਪੇਮੈਂਟ ਬਕਾਇਆ ਨਿਕਲਦੀ ਹੈ ਤਾਂ ਉਸ ਮਾਮਲੇ ਵਿਚ ਸਬੰਧਤ ਅਫਸਰ ਨੂੰ ਵੀ ਮੁਲਜਮ ਬਣਾਇਆ ਜਾ ਸਕਦਾ ਹੈ। ਇਸਦੇ ਲਈ ਆਉਣ ਵਾਲੇ ਸਮੇਂ ਵਿਚ ਕੈਗ ਦੀ ਰਿਪੋਰਟ ਦੇ ਆਧਾਰ 'ਤੇ ਸਮਾਰਟ ਸਿਟੀ ਵਿਚ ਰਹੇ ਅਫਸਰਾਂ ਅਤੇ ਉਥੇ ਕੰਮ ਕਰਨ ਵਾਲੇ ਠੇਕੇਦਾਰਾਂ 'ਤੇ ਕਿਸੇ ਵੀ ਤਰ੍ਹਾਂ ਦੀ ਆਫਤ ਕਿਸੇ ਵੀ ਸਮੇਂ ਆ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਕੈਗ ਦੀ ਰਿਪੋਰਟ ਆਉਣ ਤੋਂ ਬਾਅਦ ਪੰਜਾਬ ਦੇ ਉਨ੍ਹਾਂ ਮੌਜੂਦਾ ਅਤੇ ਰਿਟਾਇਰਡ ਅਫਸਰਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ, ਜਿਹੜੇ ਰਿਟਾਇਰ ਹੋ ਕੇ ਜਾਂ ਤਾਂ ਵੱਡੀਆਂ-ਵੱਡੀਆਂ ਪੈਨਸ਼ਨਾਂ ਲੈ ਰਹੇ ਹਨ ਜਾਂ ਕਿਸੇ ਹੋਰ ਜਗ੍ਹਾ 'ਤੇ ਤਾਇਨਾਤ ਹਨ। ਦਿੱਲੀ ਦੀ ਐੱਚ. ਪੀ. ਐੱਲ. ਕੰਪਨੀ ਨੂੰ ਸਟਰੀਟ ਲਾਈਟਾਂ ਲਾਉਣ ਲਈ 43.83 ਕਰੋੜ ਦਾ ਟੈਂਡਰ ਅਲਾਟ ਕੀਤਾ ਗਿਆ, ਜਿਸ ਨੂੰ 57.92 ਕਰੋੜ ਤਕ




ਪਹੁੰਚਾ ਦਿੱਤਾ ਗਿਆ। ਕੰਪਨੀ ਨੇ 5 ਸਾਲ ਤਕ ਆਪ੍ਰੇਸ਼ਨ ਐਂਡ ਮੇਨਟੀਨੈਂਸ ਕਰਨੀ ਸੀ, ਜਿਸ ਦੀ ਇਵਜ ਵਿਚ ਉਸਨੂੰ 13.14 ਕਰੋੜ ਦਾ ਭੁਗਤਾਨ ਹੋਣਾ ਸੀ। ਕੰਪਨੀ ਦਾ ਕੰਮ ਅਜੇ ਤਕ ਪੂਰਾ ਖਤਮ ਨਹੀਂ ਹੋਇਆ ਪਰ ਸਮਾਰਟ ਸਿਟੀ ਵੱਲੋਂ ਕੰਪਨੀ ਨੂੰ ਆਪ੍ਰੇਸ਼ਨ ਐਂਡ ਮੇਨਟੀਨੈਂਸ ਚਾਰਜ ਅਦਾ ਕੀਤੇ ਜਾ ਰਹੇ ਹਨ। ਫਰਵਰੀ 2024 ਤਕ ਕੰਪਨੀ ਨੂੰ ਇਸ ਲਈ 2.56 ਕਰੋੜ ਦਿੱਤੇ ਗਏ ਹਨ, ਜੋ ਹੁਣ ਕੰਪਨੀ ਤੋਂ ਵਸੂਲੇ ਜਾਣਗੇ। ਐੱਲ. ਈ. ਡੀ. ਪ੍ਰਾਜੈਕਟ 'ਤੇ ਕੰਮ 31 ਮਾਰਚ 2022 ਨੂੰ ਖਤਮ ਹੋਣਾ ਸੀ ਪਰ ਕੰਮ ਅਜੇ ਤਕ ਖਤਮ ਨਹੀਂ ਹੋਇਆ। ਸ਼ਰਤ ਦੇ ਮੁਤਾਬਕ ਕੰਪਨੀ 'ਤੇ 7.5 ਫੀਸਦੀ ਦੇ ਹਿਸਾਬ ਨਾਲ 4 ਕਰੋੜ 34 ਲੱਖ ਦੀ ਪੈਨਲਟੀ ਲੱਗਣੀ ਸੀ, ਜੋ ਸਮਾਰਟ ਸਿਟੀ ਵੱਲੋਂ ਨਹੀਂ ਲਾਈ ਗਈ। ਇਹ ਪੈਨਲਟੀ ਵੀ ਵਸੂਲੀ ਜਾ ਰਹੀ ਹੈ। ਸਮਾਰਟ ਸਿਟੀ ਕੰਪਨੀ ਨੇ ਇਸੇ ਠੇਕੇਦਾਰ ਕੰਪਨੀ ਨੂੰ 5.54 ਕਰੋੜ ਦੀ ਜਿ਼ਆਦਾ ਪੇਮੈਂਟ ਕਰ ਦੱਤੀ। ਠੇਕੇਦਾਰ ਕੰਪਨੀ ਨੂੰ 1.04 ਕਰੋੜ ਰੁਪਏ ਦੀ ਬੈਂਕ ਗਾਰੰਟੀ ਵੀ ਦੇਣੀ ਸੀ। ਇਸ ਬਾਬਤ ਪੂਰੀ ਰਕਮ ਵੀ ਠੇਕੇਦਾਰ ਕੰਪਨੀ ਤੋਂ ਵਸੂਲੀ ਜਾਵੇਗੀ। 120 ਫੁੱਟੀ ਰੋਡ 'ਤੇ ਜਿਸ ਕੰਪਨੀ ਨੇ ਸਟਾਰਮ ਵਾਟਰ ਪ੍ਰਾਜੈਕਟ 'ਤੇ ਕੰਮ ਕੀਤਾ, ਉਸ ਕੰਪਨੀ ਦੇ ਹਰ ਰਨਿੰਗ ਬਿੱਲ 'ਤੇ 5 ਫੀਸਦੀ ਦੀ ਕਟੌਤੀ ਕੀਤੀ ਜਾਣੀ ਸੀ ਪਰ ਸਮਾਰਟ ਸਿਟੀ ਨੇ ਅਜਿਹੀ ਕੋਈ ਕਟੌਤੀ ਕੀਤੀ ਹੀ ਨਹੀਂ। ਹੁਣ ਇਹ ਕਟੌਤੀ ਹਰ ਬਿੱਲ ਤੋਂ ਕਰ ਕੇ ਕੰਪਨੀ ਨਾਲ ਹਿਸਾਬ ਕੀਤਾ ਜਾਵੇਗਾ। ਇਸੇ ਠੇਕੇਦਾਰ ਕੰਪਨੀ ਵੱਲੋਂ ਸਮਾਰਟ ਸਿਟੀ ਨੂੰ ਦੱਤੀ ਗਈ ਬੈਂਕ ਗਾਰੰਟੀ ਦੀ ਮਿਆਦ ਅਕਤੂਬਰ 2021 ਵਿਚ ਖਤਮ ਹੋ ਗਈ ਪਰ ਉਸ ਤੋਂ ਬਾਅਦ ਵੀ ਸਮਾਰਟ ਸਿਟੀ ਨੇ ਠੇਕੇਦਾਰ ਨੂੰ ਕਰੋੜਾਂ ਦੀ ਪੇਮੈਂਟ ਕੀਤੀ। ਠੇਕੇਦਾਰ ਨੂੰ ਜੋ 5.71 ਕਰੋੜ ਦੀ ਪੇਮੈਂਟ ਕੀਤੀ ਗਈ, ਉਸ ਦੀ ਵੀ ਜਿ਼ੰਮੇਵਾਰੀ ਫਿਕਸ ਹੋਵੇਗੀ। ਇਸੇ ਠੇਕੇਦਾਰ ਕੰਪਨੀ ਨੂੰ ਬਿਨਾਂ ਮੰਗੇ ਹੀ ਇਕ ਕਰੋੜ ਰੁਪਏ ਦੀ ਐਡਵਾਂਸ ਪੇਮੈਂਟ 12 ਨਵੰਬਰ 2021 ਨੂੰ ਕਰ ਦਿੱਤੀ ਗਈ। ਇਸ ਐਡਵਾਂਸ ਪੇਮੈਂਟ 'ਤੇ ਸਮਾਰਟ ਸਿਟੀ ਨੇ ਕੋਈ ਵਿਆਜ ਨਹੀਂ ਲਿਆ। ਇਸ ਕਾਰਨ ਸਮਾਰਟ ਸਿਟੀ ਨੂੰ 69 ਹਜਾਰ ਰੁਪਏ ਦਾ ਨੁਕਸਾਨ ਝੱਲਣਾ ਪਿਆ। ਇਹ ਪੈਸੇ ਹੁਣ ਕੰਪਨੀ ਤੋਂ ਵਸੂਲੇ ਜਾਣਗੇ। ਸਮਾਰਟ ਸਿਟੀ ਕੰਪਨੀ ਨੇ ਢਾਈ ਲੱਖ ਰੁਪਏ ਪ੍ਰਤੀ ਮਹੀਨੇ ਦੀ ਤਨਖਾਹ 'ਤੇ ਜੋ ਲੀਗਲ ਐਕਸਪਰਟ ਭਰਤੀ ਕੀਤਾ, ਉਸ ਨੂੰ ਜੂਨ 2023 ਤੋਂ ਦਸੰਬਰ 2023 ਤਕ 17.50 ਲੱਖ ਰੁਪਏ ਤਨਖਾਹ ਦੱਤੀ ਗਈ। ਸਮਾਰਟ ਸਿਟੀ ਕੰਪਨੀ ਨੇ ਉਸ ਕੋਲੋਂ ਕੋਈ ਕੰਮ ਵੀ ਨਹੀਂ ਲਿਆ, ਜਿਸ ਕਾਰਨ ਲੀਗਲ ਐਕਸਪਰਟ ਨੂੰ ਦਿੱਤੀ ਗਈ ਤਨਖਾਹ ਅਜਾਈਂ ਗਈ। ਹੁਣ ਦੇਖਣਾ ਹੋਵੇਗਾ ਕਿ ਇਹ ਵਸੂਲੀ ਕਿਸ ਕੋਲੋਂ ਕੀਤੀ ਜਾਂਦੀ ਹੈ। ਅਰਬਨ ਅਸਟੇਟ ਫੇਜ-2 'ਚ ਵ੍ਹਾਈਟ ਡਾਇਮੰਡ ਰਿਜਾਰਟ ਤਕ 66 ਫੁੱਟੀ ਰੋਡ 'ਤੇ ਸੜਕ ਬਣਾਉਣ ਦਾ ਕੰਮ 1.94 ਕਰੋੜ ਰੁਪਏ ਵਿਚ ਅਲਾਟ ਕੀਤਾ ਗਿਆ। ਸਮਾਰਟ ਸਿਟੀ ਨੇ ਠੇਕੇਦਾਰ ਦੇ ਬਿੱਲਾਂ ਵਿਚੋਂ 5 ਫੀਸਦੀ ਰਕਮ ਕੱਟਣੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। ਹੁਣ ਇਹ ਪੈਸੇ ਠੇਕੇਦਾਰ ਤੋਂ ਵਾਪਸ ਮੰਗੇ ਜਾਣਗੇ ਪਰ ਜੇਕਰ ਉਸਨੂੰ ਪੂਰੀ ਪੇਮੈਂਟ ਹੋ ਗਈ ਤਾਂ ਜਿ਼ੰਮੇਵਾਰ ਅਫਸਰਾਂ 'ਤੇ ਕਾਰਵਾਈ ਹੋਵੇਗੀ। 50.29 ਕਰੋੜ ਰੁਪਏ ਦੀ ਲਾਗਤ ਵਾਲੇ ਸਮਾਰਟ ਰੋਡਜ ਪ੍ਰਾਜੈਕਟ 'ਚ 12 ਨਵੰਬਰ 2021 ਨੂੰ ਠੇਕੇਦਾਰ ਨੂੰ 1 ਕਰੋੜ ਰੁਪਏ ਦੀ ਐਡਵਾਂਸ ਪੇਮੈਂਟ ਕਰ ਦਿੱਤੀ ਗਈ ਪਰ ਠੇਕੇਦਾਰ ਕੰਪਨੀ ਤੋਂ ਕੋਈ ਵਿਆਜ ਨਹੀਂ ਵਸੂਲਿਆ ਗਿਆ। ਸਮਾਰਟ ਸਿਟੀ ਹੁਣ ਲਗਭਗ 59 ਹਜਾਰ ਰੁਪਏ ਦੀ ਇਹ ਰਕਮ ਕੰਪਨੀ ਤੋਂ ਵਸੂਲੇਗੀ। ਸਮਾਰਟ ਰੋਡਜ ਬਣਾਉਣ ਵਾਲੇ ਠੇਕੇਦਾਰ ਦੇ ਰਨਿੰਗ ਬਿੱਲਾਂ ਵਿਚੋਂ ਵੀ 5 ਫੀਸਦੀ ਦੀ ਕਟੌਤੀ ਸਮਾਰਟ ਸਿਟੀ ਕੰਪਨੀ ਵੱਲੋਂ ਨਹੀਂ ਕੀਤੀ ਗਈ। ਇਹ ਰਕਮ ਲੱਗਭਗ 2 ਕਰੋੜ ਰੁਪਏ ਹੈ ਅਤੇ ਇਸ 'ਤੇ 38 ਲੱਖ ਰੁਪਏ ਦੇ ਜਿ਼ਆਦਾ ਦੇ ਵਿਆਜ ਦਾ ਨੁਕਸਾਨ ਵੀ ਸਮਾਰਟ ਸਿਟੀ ਨੂੰ ਹੋਇਆ। ਹੁਣ ਇਹ ਪੈਸੇ ਵੀ ਠੇਕੇਦਾਰ ਤੋਂ ਵਸੂਲੇ ਜਾਣਗੇ। ਸ਼ਹਿਰ ਦੇ 11 ਚੌਕਾਂ ਨੂੰ 20.32 ਕਰੋੜ ਦੀ ਲਾਗਤ ਨਾਲ ਸੁੰਦਰ ਬਣਾਉਣ ਦਾ ਪ੍ਰਾਜੈਕਟ ਲੈਣ ਵਾਲੇ ਠੇਕੇਦਾਰ ਦੇ ਰਨਿੰਗ ਬਿੱਲਾਂ 'ਤੇ ਜੋ 5 ਫੀਸਦੀ ਦੀ ਕਟੌਤੀ ਕੀਤੀ ਜਾਣੀ ਸੀ, ਉਹ ਨਹੀਂ ਕੀਤੀ ਗਈ, ਜਿਸ ਨਾਲ ਸਮਾਰਟ ਸਿਟੀ ਕੰਪਨੀ ਨੂੰ 4.58 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਹੁਣ ਇਹ ਪੈਸੇ ਠੇਕੇਦਾਰ ਤੋਂ ਵਾਪਸ ਮੰਗੇ ਜਾਣਗੇ। ਇਸ ਪ੍ਰਾਜੈਕਟ ਵਿਚ ਦੇਰੀ ਹੋਣ 'ਤੇ ਸਮਾਰਟ ਸਿਟੀ ਵੱਲੋਂ ਠੇਕੇਦਾਰ 'ਤੇ 1.52 ਕਰੋੜ ਰੁਪਏ ਦੀ ਪੈਨਲਟੀ ਲਾਈ ਜਾ ਸਕਦੀ ਸੀ, ਜੋ ਨਹੀਂ ਲਾਈ ਗਈ। ਹੁਣ ਪੈਨਲਟੀ ਨਾਲ ਜੁੜੀ ਰਕਮ ਨੂੰ ਵੀ ਕਲੇਮ ਕੀਤਾ ਜਾਵੇਗਾ ਜਾਂ ਅਫਸਰਾਂ 'ਤੇ ਗਾਜ ਡੇਗੀ ਜਾਵੇਗੀ।